@Qpatrika
@qaumipatrika punjabi
instagram.com/ qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 7 December 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 7 ਦਸੰਬਰ 2025, 23 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 33, qpatrika@gmail.com ਫੋਨ : 9971359517 www.qaumipatrika.org

## ਨਹਿਰੂ ਬਾਰੇ ਦਿੱਤੇ ਗਏ ਬਿਆਨ ’ਤੇ ਕਾਂਗਰਸ ਨੇ ਘੇਰੇ ਰੱਖਿਆ ਮੰਤਰੀ

ਨਵੀਂ ਦਿੱਲੀ 6 ਦਸੰਬਰ। ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਇੱਕ ਤਾਜ਼ਾ ਬਿਆਨ ਦਾ ਹਵਾਲਾ ਦਿੰਦੇ ਹੋਏ ਕਾਂਗਰਸ ਪਾਰਟੀ ਨੇ ਸ਼ਨੀਵਾਰ ਨੂੰ ਮੰਗ ਕੀਤੀ ਕਿ ਉਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਬਾਰੇ ਝੂਠ ਫੈਲਾਉਣ ਲਈ ਮੁਆਫੀ ਮੰਗਣ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਦਾਅਵਾ ਕੀਤਾ ਕਿ ਰਾਜਨਾਥ ਨੇ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਦਿੱਤਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਮੰਗਲਵਾਰ ਗੁਜਰਾਤ ਵਿੱਚ ਇੱਕ ਸਮਾਗਮ ਦੌਰਾਨ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਜਵਾਹਰ ਲਾਲ ਨਹਿਰੂ ਸਰਕਾਰੀ ਫੰਡਾਂ ਨਾਲ ਬਾਬਰੀ ਮਸਜਿਦ ਬਣਾਉਣਾ ਚਾਹੁੰਦੇ ਸਨ, ਪਰ



ਸਰਦਾਰ ਵੱਲਭਭਾਈ ਪਟੇਲ ਨੇ ਉਨ੍ਹਾਂ ਦੀ ਯੋਜਨਾ ਨੂੰ ਸਫਲ ਹੋਣ ਤੋਂ ਰੋਕਿਆ। ਇਸ ਮਗਰੋਂ ਰਮੇਸ਼ ਨੇ ਸ਼ਨੀਵਾਰ ਨੂੰ ✓ ’ਤੇ ਪੋਸਟ ਕੀਤਾ, ਸਰਦਾਰ ਵੱਲਭਭਾਈ ਪਟੇਲ ਮੈਮੋਰੀਅਲ ਸੋਸਾਇਟੀ, 2025 ਦੁਆਰਾ ਪ੍ਰਕਾਸ਼ਿਤ ਸੀ.ਏ. ਆਰ.ਐੱਸ. ਪਟੇਲ ਦੀ ਕਿਤਾਬ ‘ਸਮਰਪਿਤ ਪਛਾਇਓ ਸਰਦਾਰਨੋ’ ਦੇ ਪੰਨੇ 212-213 ’ਤੇ ਗੁਜਰਾਤੀ ਵਿੱਚ ਮਨੀਬੇਨ ਦੀ ਮੂਲ ਡਾਇਰੀ ਐਂਟਰੀ ਇੱਥੇ ਹੈ। ਅਸਲ ਡਾਇਰੀ ਐਂਟਰੀ ਵਿੱਚ ਕੀ ਹੈ ਅਤੇ ਰਾਜਨਾਥ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀ ਜੋ ਪ੍ਰਚਾਰ ਕਰ ਰਹੇ ਹਨ, ਉਸ ਵਿੱਚ ਬਹੁਤ ਅੰਤਰ ਹੈ। ਕਾਂਗਰਸ ਦੇ ਜਨਰਲ ਸਕੱਤਰ ਨੇ ਕਿਤਾਬ ਦੇ ਅੰਸ਼ ਵੀ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਆਪਣੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਰੱਖਿਆ ਮੰਤਰੀ ਨੂੰ ਉਹ ਜੋ ਝੂਠ ਫੈਲਾ ਰਹੇ ਹਨ, ਲਈ ਮੁਆਫੀ ਮੰਗਣੀ ਚਾਹੀਦੀ ਹੈ।

## ਮੰਦਰ ਦਾ ਪੈਸਾ ਭਗਵਾਨ ਦਾ, ਬੈਂਕਾਂ ਨੂੰ ਬਚਾਉਣ ਲਈ ਨਹੀਂ ਵਰਤਿਆ ਦਾ ਸਕਦਾ : ਸੁਪਰੀਮ ਕੋਰਟ

ਨਵੀਂ ਦਿੱਲੀ 6 ਦਸੰਬਰ। ਸੁਪਰੀਮ ਕੋਰਟ ਨੇ ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਟਿੱਪਣੀ ਕੀਤੀ ਕਿ ਕਿਸੇ ਮੰਦਰ ਨਾਲ ਸਬੰਧਤ ਪੈਸਿਆਂ ਦੀ ਵਰਤੋਂ ਵਿੱਤੀ ਸੰਕਟ ਤੋਂ ਪੀੜਤ ਕਿਸੇ ਸਹਿਕਾਰੀ ਬੈਂਕਾਂ ਨੂੰ ਬਚਾਉਣ ਲਈ ਨਹੀਂ ਕੀਤੀ ਜਾ ਸਕਦੀ। ਚੀਫ਼ ਜਸਟਿਸ ਸੂਰਿਆਕਾਂਤ ਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਕੁਝ ਸਹਿਕਾਰੀ ਬੈਂਕਾਂ ਵੱਲੋਂ ਦਾਇਰ ਅਪੀਲ ਦੀ ਸੁਣਵਾਈ ਦੌਰਾਨ ਇਹ ਸਪੱਸ਼ਟ ਬਿਆਨੀ ਕੀਤੀ। ਅਪੀਲ ’ਚ ਕੇਰਲ ਹਾਈ ਕੋਰਟ ਵੱਲੋਂ ਬੈਂਕਾਂ ਨੂੰ ਤਿਰੂਨੇਲੀ ਮੰਦਰ ਦੇਵਸਵਮ ਕੋਲ ਜਮ?ਹਾ ਰਕਮਾਂ ਵਾਪਸ ਕਰਨ ਦੇ ਨਿਰਦੇਸ਼ ਦੇਣ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ। ਸੁਣਵਾਈ ਦੌਰਾਨ ਜਸਟਿਸ ਸੂਰਿਆਕਾਂਤ ਨੇ ਪੁੱਛਿਆ ਕਿ ਕੀ ਤੁਸੀਂ ਬੈਂਕਾਂ ਨੂੰ ਬਚਾਉਣ ਲਈ ਮੰਦਰ ਦੇ ਫੰਡਾਂ ਦੀ ਵਰਤੋਂ ਕਰਨਾ ਚਾਹੁੰਦੇ ਹੋ? ਇਹ ਨਿਰਦੇਸ਼ ਦੇਣ ’ਚ ਕੀ ਗਲਤ ਹੈ ਕਿ ਮੰਦਰ ਦੇ ਪੈਸਿਆਂ ਨੂੰ ਇਕ ਸੰਕਟ ਪੀੜਤ ਸਹਿਕਾਰੀ ਬੈਂਕ ’ਚ ਰੱਖਣ ਦੀ ਬਜਾਏ ਇਕ ਵਿੱਤੀ ਪੱਖੋਂ ਮਜ਼ਬੂਤ ??ਰਾਸ਼ਟਰੀਕ੍ਰਿਤ ਬੈਂਕ ’ਚ ਜਮ?ਹਾ ਕੀਤਾ ਜਾਵੇ ਜੋ ਵੱਧ ਤੋਂ ਵੱਧ ਵਿਆਜ ਦੀ ਪੇਸ਼ਕਸ਼ ਕਰ ਸਕਦਾ ਹੈ? ਜਸਟਿਸ ਸੂਰਿਆਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਮੰਦਰ ਦਾ ਪੈਸਾ ਭਗਵਾਨ ਦਾ ਹੈ। ਇਸ ਲਈ ਇਸ ਦੀ ਵਰਤੋਂ ਮੰਦਰ ਦੇ ਹਿੱਤਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਹ ਪੈਸਾ ਕਿਸੇ ਵੀ ਸਹਿਕਾਰੀ ਬੈਂਕ ਲਈ ਆਮਦਨ ਜਾਂ ਰੋਜ਼ੀ-ਰੋਟੀ ਦਾ ਸੋਮਾ ਨਹੀਂ ਬਣ ਸਕਦਾ। ਮਾਨੰਥਵਾਦੀ ਸਹਿਕਾਰੀ ਅਰਬਨ ਸੋਸਾਇਟੀ ਲਿਮਟਿਡ ਤੇ ਥਿਰੂਨੇਲੀ ਸਰਵਿਸ ਸਹਿਕਾਰੀ ਬੈਂਕ ਲਿਮਟਿਡ ਨੇ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ’ਚ ਪਟੀਸ਼ਨਾਂ ਦਾਇਰ ਕੀਤੀਆਂ ਸਨ।

# ਰੂਸ ਨਾਲ ਹੋਏ ਕੱਚੇ ਤੇਲ ਦੀ ਸਪਲਾਈ, ਪ੍ਰਮਾਣੂ ਰਿਐਕਟਰਾਂ ਦੀ ਡੀਲ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 6 ਦਸੰਬਰ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਭਾਰਤ ਦੀ ਆਪਣੀ ਦੋ ਦਿਨਾਂ ਦੀ ਯਾਤਰਾ ਪੂਰੀ ਕਰਨ ਤੋਂ ਬਾਅਦ ਮਾਸਕੋ ਰਵਾਨਾ ਹੋ ਗਏ ਹਨ। ਪੁਤਿਨ ਦੀ ਭਾਰਤ ਯਾਤਰਾ ਮਹੱਤਵਪੂਰਨ ਸੀ। ਦੋਵਾਂ ਦੇਸ਼ਾਂ ਵਿਚਕਾਰ ਕੁੱਲ 19 ਸਮਝੌਤੇ ਹੋਏ। ਪਰ ਸਵਾਲ ਇਹ ਹੈ ਕਿ ਦੋਵਾਂ ਦੇਸ਼ਾਂ ਨੂੰ ਇਨ੍ਹਾਂ ਸਮਝੌਤਿਆਂ ਤੋਂ ਕੀ ਲਾਭ ਹੋਵੇਗਾ? ਰੂਸ ਨੇ ਐਲਾਨ ਕੀਤਾ ਕਿ ਉਹ ਭਾਰਤ ਨੂੰ ਕੱਚਾ ਤੇਲ, ਕੁਦਰਤੀ ਗੈਸ, ਰਿਫਾਇਨਿੰਗ, ਪੈਟਰੋ ਕੈਮੀਕਲ ਅਤੇ ਪ੍ਰਮਾਣੂ ਉਤਪਾਦਾਂ ਦੀ ਸਪਲਾਈ ਜਾਰੀ ਰੱਖੇਗਾ। ਇਸਦਾ ਮਤਲਬ ਹੈ ਕਿ ਪੱਛਮੀ ਦੇਸ਼ਾਂ ਦੇ ਦਬਾਅ ਦੇ ਬਾਵਜੂਦ ਊਰਜਾ ਖੇਤਰ ਵਿੱਚ ਭਾਰਤ ਅਤੇ ਰੂਸ ਵਿਚਕਾਰ ਹੋਰ ਵੀ ਵੱਡਾ ਸਹਿਯੋਗ ਹੋ ਸਕਦਾ ਹੈ ਅਤੇ ਭਾਰਤ ਰੂਸ ਤੋਂ ਕੱਚਾ ਤੇਲ ਖਰੀਦਣਾ ਜਾਰੀ ਰੱਖ ਸਕਦਾ ਹੈ। ਦੋਵਾਂ ਦੇਸ਼ਾਂ ਵਿਚਕਾਰ ਇੱਕ ਹੋਰ ਵੱਡਾ ਐਲਾਨ ਸਿਵਲ ਪ੍ਰਮਾਣੂ ਖੇਤਰ ਵਿੱਚ ਸਹਿਯੋਗ ਵਧਾਉਣ ਬਾਰੇ ਸੀ। ਵਰਤਮਾਨ ਵਿੱਚ ਭਾਰਤ ਦੀ ਜ਼ਿਆਦਾਤਰ ਬਿਜਲੀ ਕੋਲੇ ਤੋਂ ਪੈਦਾ ਹੁੰਦੀ ਹੈ, ਪਰ ਹੁਣ ਅਸੀਂ ਛੋਟੇ ਪ੍ਰਮਾਣੂ ਰਿਐਕਟਰ ਪਲਾਂਟ ਵੀ ਲਗਾਉਣਾ ਚਾਹੁੰਦੇ ਹਾਂ ਅਤੇ ਰੂਸ ਇਸ ਵਿੱਚ ਸਾਡੀ ਮਦਦ ਕਰਨ ਜਾ ਰਿਹਾ ਹੈ ਅਤੇ ਇਹ ਕੋਈ ਛੋਟਾ ਸੌਦਾ ਨਹੀਂ ਹੈ। ਰੂਸ ਨੂੰ ਪੂਰੀ ਦੁਨੀਆ ਵਿੱਚ ਇਸ ਤਕਨਾਲੋਜੀ ਵਿੱਚ ਮੋਹਰੀ



ਮੰਨਿਆ ਜਾਂਦਾ ਹੈ ਅਤੇ ਹੁਣ ਜਦੋਂ ਰੂਸ ਸਾਨੂੰ ਇਸ ਖੇਤਰ ਵਿੱਚ ਹੋਰ ਸਹਾਇਤਾ ਦੇਵੇਗਾ, ਤਾਂ ਭਾਰਤ ਦਾ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਤਹਿਤ ਅਸੀਂ ਸਾਲ 2047 ਤੱਕ ਛੋਟੇ ਪ੍ਰਮਾਣੂ ਰਿਐਕਟਰਾਂ ਤੋਂ 100 ਗੀਗਾਵਾਟ ਬਿਜਲੀ ਪੈਦਾ ਕਰਨਾ ਚਾਹੁੰਦੇ ਹਾਂ, ਜਦੋਂਕਿ ਇਸ ਸਮੇਂ ਅਸੀਂ ਇਸ ਤੋਂ ਸਿਰਫ਼ ਅੱਠ ਗੀਗਾਵਾਟ ਬਿਜਲੀ ਪੈਦਾ ਕਰਨ ਦੇ ਯੋਗ ਹਾਂ। ਭਾਰਤ ਅਤੇ ਰੂਸ ਵਿਚਕਾਰ ਤੀਜਾ ਵੱਡਾ ਐਲਾਨ ਇਹ ਹੈ ਕਿ ਦੋਵੇਂ ਦੇਸ਼ ਆਪਣੇ ਵਪਾਰ ਨੂੰ 100 ਬਿਲੀਅਨ ਡਾਲਰ ਜਾਂ 9 ਲੱਖ ਕਰੋੜ ਰੁਪਏ ਤੱਕ ਵਧਾਉਣਗੇ। ਇਸ ਵੇਲੇ, ਦੋਵਾਂ ਦੇਸ਼ਾਂ ਵਿਚਕਾਰ ਸਾਲਾਨਾ ਵਪਾਰ 580,000 ਕਰੋੜ ਰੁਪਏ ਹੈ, ਜਿਸ ਨਾਲ ਭਾਰਤ ਨੂੰ ਕਾਫ਼ੀ ਘਾਟਾ ਪੈਂਦਾ ਹੈ। ਭਾਰਤ ਰੂਸ ਤੋਂ 539,000 ਕਰੋੜ ਰੁਪਏ ਦੀਆਂ ਚੀਜ਼ਾਂ ਖਰੀਦਦਾ ਹੈ ਜਦੋਂ ਕਿ ਸਿਰਫ 41,000 ਕਰੋੜ ਰੁਪਏ ਦੀਆਂ ਚੀਜ਼ਾਂ ਵੇਚਦਾ ਹੈ। ਇਸ ਮੀਟਿੰਗ ਦੌਰਾਨ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਰੂਸ ਭਾਰਤੀ ਨਾਗਰਿਕਾਂ ਲਈ ਨਵੇਂ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ। ਰੂਸ ਖੇਤਰਫਲ ਦੇ ਮਾਮਲੇ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ, ਪਰ ਇਸਦੀ ਆਬਾਦੀ ਸਿਰਫ 150 ਮਿਲੀਅਨ ਹੈ ਅਤੇ ਹੁਣ ਉੱਥੇ ਮਜ਼ਦੂਰਾਂ ਦੀ ਕਾਫ਼ੀ ਘਾਟ ਹੈ, ਜਿਸ ਕਾਰਨ ਰੂਸ ਨੂੰ ਭਾਰਤੀ ਕਾਮਿਆਂ ਦੀ ਲੋੜ ਹੈ। ਅੱਜ, ਰੂਸ ਸਾਲਾਨਾ 10 ਲੱਖ ਭਾਰਤੀਆਂ ਨੂੰ ਰੁਜ਼ਗਾਰ ਦੇਣ ਲਈ ਤਿਆਰ ਹੈ। ਇੱਕ ਹੋਰ ਐਲਾਨ ਇਹ ਹੈ ਕਿ ਭਾਰਤ ਨਾ ਸਿਰਫ਼ ਰੂਸ ਤੋਂ ਹਥਿਆਰ ਖਰੀਦੇਗਾ, ਸਗੋਂ ਦੋਵੇਂ ਦੇਸ਼ ਸਾਂਝੇ ਤੌਰ ’ਤੇ ਇਨ੍ਹਾਂ ਹਥਿਆਰਾਂ ਦਾ ਨਿਰਮਾਣ ਵੀ ਕਰਨਗੇ। ਭਾਰਤ ਮੇਕ ਇਨ ਇੰਡੀਆ ਪਹਿਲਕਦਮੀ ਦੇ ਤਹਿਤ ਖੋਜ ਅਤੇ ਵਿਕਾਸ, ਸਹਿ-ਵਿਕਾਸ ਅਤੇ ਸਹਿ-ਉਤਪਾਦਨ ’ਤੇ ਜ਼ੋਰ ਦੇਵੇਗਾ। ਇਸਦਾ ਮਤਲਬ ਹੈ ਕਿ ਅਸੀਂ ਹੁਣ ਰੂਸ ਤੋਂ ਤਕਨਾਲੋਜੀ ਦੀ ਵਰਤੋਂ ਕਰਕੇ ਆਪਣੇ ਦੇਸ਼ ਵਿੱਚ ਹੋਰ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰਾਂਗੇ, ਜਿਵੇਂ ਅਸੀਂ ਬ੍ਰਹਮੋਸ ਮਿਜ਼ਾਈਲ ਵਿਕਸਤ ਕੀਤੀ ਹੈ। ਭਾਰਤ ਅਤੇ ਰੂਸ ਪੁਲਾੜ ਖੇਤਰ ’ਤੇ ਵੀ ਇੱਕ ਸਮਝੌਤਾ ਕਰ ਚੁੱਕੇ ਹਨ, ਜਿਸ ਦੇ ਤਹਿਤ ਦੋਵੇਂ ਦੇਸ਼ ਮਨੁੱਖਾਂ ਨੂੰ ਪੁਲਾੜ ਵਿੱਚ ਭੇਜਣ ਦੇ ਮਿਸ਼ਨਾਂ ’ਤੇ ਮਿਲ ਕੇ ਕੰਮ ਕਰਨਗੇ ਅਤੇ ਨੇਵੀਗੇਸ਼ਨ, ਡੂੰਘੇ ਪੁਲਾੜ ਅਤੇ ਰਾਕੇਟ ਇੰਜਣਾਂ ਦੇ ਵਿਕਾਸ ਵਿੱਚ ਵੀ ਸਹਿਯੋਗ ਵਧੇਗਾ।

# ਯੋਗੀ ਸਰਕਾਰ ਦਾ ਵੱਡਾ ਫੈਸਲਾ ! ਬਾਬਾ ਸਾਹਿਬ ਅੰਬੇਡਕਰ ਦੀਆਂ ਮੂਰਤੀਆਂ ਦੀ ਸੁਰੱਖਿਆ ਲਈ ਬਣੇਗੀ ਚਾਰਦੀਵਾਰੀ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 6 ਦਸੰਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ‘ਮਹਾਪ੍ਰੀਨਿਰਵਾਣ ਦਿਵਸ’ (ਬਰਸੀ) ਮੌਕੇ ਵੱਡੀਆਂ ਘੋਸ਼ਣਾਵਾਂ ਕੀਤੀਆਂ ਹਨ। ਲਖਨਊ ਵਿੱਚ ਆਯੋਜਿਤ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਇੱਕ ਅਹਿਮ ਫੈਸਲਾ ਲਿਆ ਹੈ ਕਿ ਜਿੱਥੇ ਵੀ ਬਾਬਾ ਸਾਹਿਬ ਦੀਆਂ ਮੂਰਤੀਆਂ ਲੱਗੀਆਂ ਹਨ, ਉੱਥੇ ਚਾਰਦੀਵਾਰੀ ਬਣਾ ਕੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਮੂਰਤੀਆਂ ਉੱਤੇ ਛੱਤਰ ਵੀ ਲਗਾਇਆ ਜਾਵੇਗਾ। ਯੋਗੀ ਆਦਿਤਿਆਨਾਥ ਨੇ ਦੱਸਿਆ ਕਿ ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਕੁਝ ਸ਼ਰਾਰਤੀ ਤੱਤ ਅਕਸਰ ਇਨ੍ਹਾਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਅਗਲੇ ਇੱਕ ਜਾਂ ਦੋ ਮਹੀਨਿਆਂ ਦੇ ਅੰਦਰ ਹੀ ਚੌਥੀ ਸ਼੍ਰੇਣੀ, ਠੇਕਾ ਅਤੇ ਸਫ਼ਾਈ ਕਰਮਚਾਰੀਆਂ ਨੂੰ ਘੱਟੋ-ਘੱਟ ਮਾਣਭੱਤਾ ਦੇਣ ਦੀ ਗਰੰਟੀ ਪ੍ਰਦਾਨ ਕਰੇਗੀ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ‘ਜ਼ੀਰੋ ਪਾਵਰਟੀ ਅਭਿਆਨ’ ਵੀ ਇਸੇ ਦਾ ਹਿੱਸਾ ਹੈ, ਜਿਸ ਤਹਿਤ ਅਨੁਸੂਚਿਤ ਜਾਤੀ-ਜਨਜਾਤੀ ਅਤੇ ਅਤਿ-ਪਛੜੇ ਵਰਗ ਦੇ ਗਰੀਬਾਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਵਾਅਦਾ ਕੀਤਾ ਕਿ ਜਿਸ ਵੀ ਗਰੀਬ-ਵੰਚਿਤ ਨਾਗਰਿਕ ਕੋਲ ਮਕਾਨ ਜਾਂ ਆਯੁਸ਼ਮਾਨ ਕਾਰਡ



ਨਹੀਂ ਹੈ, ਉਸ ਨੂੰ ਮਕਾਨ ਅਤੇ ਪੰਜ ਲੱਖ ਰੁਪਏ ਤੱਕ ਦੀ ਆਯੁਸ਼ਮਾਨ ਸਿਹਤ ਸਹੂਲਤ ਦਿੱਤੀ ਜਾਵੇਗੀ। ਯੋਗੀ ਨੇ ਕਿਹਾ ਕਿ ‘ਡਬਲ ਇੰਜਨ’ ਸਰਕਾਰ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ, ਬਿਨਾਂ ਕਿਸੇ ਭੇਦਭਾਵ ਦੇ, ਹਰ ਵੰਚਿਤ, ਗਰੀਬ ਅਤੇ ਪੱਛੜੇ ਵਰਗ ਨੂੰ ਯੋਜਨਾਵਾਂ ਦਾ ਲਾਭ ਪਹੁੰਚਾ ਰਹੀ ਹੈ। ਮੁੱਖ ਮੰਤਰੀ ਨੇ ਕਾਂਗਰਸ ਅਤੇ ਤੁਸ਼ਟੀਕਰਨ ਦੀ ਨੀਤੀ ’ਤੇ ਚੱਲਣ ਵਾਲੀਆਂ ਪਾਰਟੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਜਿਹੇ ਲੋਕ ਨਾ ਸਿਰਫ਼ ਭਾਰਤ ਨੂੰ ਨੁਕਸਾਨ ਪਹੁੰਚਾ ਰਹੇ ਹਨ, ਸਗੋਂ ਬਾਬਾ ਸਾਹਿਬ ਅੰਬੇਡਕਰ ਦਾ ਵੀ ਅਪਮਾਨ ਕਰ ਰਹੇ ਹਨ।

### 2 ਪਾਸਪੋਰਟ ਮਾਮਲੇ ’ਚ ਸਾਬਕਾ ਵਿਧਾਇਕ ਅਬਦੁੱਲਾ ਆਜ਼ਮ ਨੂੰ 7 ਸਾਲ ਦੀ ਸਜ਼ਾ

ਨੈਸ਼ਨਲ ਡੈਸਕ 6 ਦਸੰਬਰ। ਸਮਾਜਵਾਦੀ ਪਾਰਟੀ ਦੇ ਨੇਤਾ ਅਤੇ ਸਾਬਕਾ ਕੈਬਨਿਟ ਮੰਤਰੀ ਆਜ਼ਮ ਖਾਨ ਦੇ ਬੇਟੇ ਅਤੇ ਸਾਬਕਾ ਵਿਧਾਇਕ ਅਬਦੁੱਲਾ ਆਜ਼ਮ ਖਾਂ ਨੂੰ 2 ਪਾਸਪੋਰਟ ਬਣਵਾਉਣ ਦੇ ਮਾਮਲੇ ’ਚ ਐੱਮ.ਪੀ.-ਐੱਮ.ਐੱਲ.ਏ. ਸਪੈਸ਼ਲ ਕੋਰਟ (ਮੈਜਿਸਟ?ਰੇਟ ਟ?ਰਾਇਲ) ਨੇ 7 ਸਾਲ ਦੀ ਸਜ਼ਾ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸਤਗਾਸਾ ਪੱਖ ਦੇ ਵਕੀਲ ਸੰਦੀਪ ਸਕਸੈਨਾ ਨੇ ਦੱਸਿਆ ਕਿ ਇਸ ਮਾਮਲੇ ’ਚ ਪਿਛਲੀਆਂ ਤਰੀਕਾਂ ’ਚ ਬਹਿਸ ਪੂਰੀ ਹੋ ਚੁੱਕੀ ਸੀ, ਜਿਸ ਤੋਂ ਬਾਅਦ ਸ਼ੁੱਕਰਵਾਰ ਨੂੰ ਫੈਸਲਾ ਸੁਣਾਇਆ ਗਿਆ। ਅਬਦੁੱਲਾ ਆਜ਼ਮ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ’ਚ ਪੇਸ਼ ਹੋਏ। ਭਾਜਪਾ ਵਿਧਾਇਕ ਆਕਾਸ਼ ਸਕਸੈਨਾ ਨੇ ਸਿਵਲਲਾਈਨਜ਼ ਥਾਣੇ ’ਚ ਰਿਪੋਰਟ ਦਰਜ ਕਰਵਾਈ ਸੀ, ਜਿਸ ’ਚ ਅਬਦੁੱਲਾ ਆਜ਼ਮ ’ਤੇ ਵੱਖ-ਵੱਖ ਜਨਮ ਤਰੀਕਾਂ ਦੇ ਆਧਾਰ ’ਤੇ 2 ਪਾਸਪੋਰਟ ਬਣਵਾਉਣ ਦਾ ਦੋਸ਼ ਸੀ।

### ਇੰਡੀਗੋ ਉਡਾਣਾਂ ’ਚ ਵਿਘਨ ’ਤੇ ਰੇਲਵੇ ਨੇ ਜੰਮੂ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈੱਸ ’ਚ ਜੋੜੀ ਵਾਧੂ ਬੋਗੀ

ਜੰਮੂ 6 ਦਸੰਬਰ। ਇੰਡੀਗੋ ਦੀਆਂ ਉਡਾਣਾਂ ਵਿੱਚ ਲਗਾਤਾਰ ਵਿਘਨ ਦੇ ਚਲਦਿਆਂ ਜੰਮੂ ਹਵਾਈ ਅੱਡੇ ’ਤੇ ਹਫੜਾ-ਦਫੜੀ ਦੀ ਸਥਿਤੀ ਪੈਦਾ ਹੋ ਗਈ ਹੈ, ਜਿਸ ਕਾਰਨ ਸੈਂਕੜੇ ਯਾਤਰੀ ਉੱਥੇ ਫਸ ਗਏ ਹਨ। ਫਸੇ ਹੋਏ ਯਾਤਰੀਆਂ ਦੀ ਸਹੂਲਤ ਅਤੇ ਉਨ੍ਹਾਂ ਨੂੰ ਆਰਾਮ ਪ੍ਰਦਾਨ ਕਰਨ ਲਈ, ਉੱਤਰ ਰੇਲਵੇ ਨੇ ਸ਼ੁੱਕਰਵਾਰ ਰਾਤ ਤੋਂ ਅਗਲੇ ਸੱਤ ਦਿਨਾਂ ਲਈ ਜੰਮੂ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈੱਸ ਵਿੱਚ ਇੱਕ ਵਾਧੂ ਬੋਗੀ ਜੋੜਨ ਦਾ ਮਹੱਤਵਪੂਰਨ ਫੈਸਲਾ ਲਿਆ ਹੈ। ਸੀਨੀਅਰ ਮੰਡਲ ਵਣਜ ਪ੍ਰਬੰਧਕ ਉਚਿਤ ਸਿੰਘਲ ਨੇ ਇਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫੈਸਲਾ ਅੱਜ ਰਾਤ (6 ਦਸੰਬਰ) ਤੋਂ ਲਾਗੂ ਹੋਵੇਗਾ। ਉਨ੍ਹਾਂ ਦੱਸਿਆ ਕਿ ਵਧਾਈ ਗਈ ਬੋਗੀ ‘ਥਰਡ ਏਸੀ’ ਦੀ ਹੋਵੇਗੀ ਅਤੇ ਇਸ ਵਿੱਚ 72 ਸੀਟਾਂ ਹੋਣਗੀਆਂ। ਸਿੰਘਲ ਨੇ ਕਿਹਾ ਕਿ ਜਿਹੜੇ ਯਾਤਰੀ ਉਡਾਣਾਂ ਵਿੱਚ ਵਿਘਨ ਕਾਰਨ ਫਸ ਗਏ ਹਨ, ਉਹ ਇਸ ਵਾਧੂ ਬੋਗੀ ਵਿੱਚ ਸੀਟ ਬੁੱਕ ਕਰਵਾ ਕੇ ਇਸ ਸਹੂਲਤ ਦਾ ਲਾਭ ਲੈ ਸਕਦੇ ਹਨ। ਰੇਲਵੇ ਦਾ ਇਹ ਕਦਮ ਇੰਡੀਗੋ ਦੁਆਰਾ ਵੱਡੀ ਗਿਣਤੀ ਵਿੱਚ ਉਡਾਣਾਂ ਰੱਦ ਕੀਤੇ ਜਾਣ ਤੋਂ ਬਾਅਦ ਜੰਮੂ ਵਿੱਚ ਪੈਦਾ ਹੋਈ ਯਾਤਰੀ ਸੰਕਟ ਦੀ ਸਥਿਤੀ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ।

# ਧੀਆਂ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਦਾ ਵੱਡਾ ਕਦਮ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 6 ਦਸੰਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਵਿੱਚੋਂ ਭਰੂਣ ਹੱਤਿਆ ਦੀ ਬੁਰਾਈ ਨੂੰ ਖਤਮ ਕਰਨ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਹੁਣ ਸਿਰਫ਼ ਬਦਲਾਅ ਨਹੀਂ ਚਾਹੁੰਦਾ, ਸਗੋਂ ਸਭ ਤੋਂ ਵਧੀਆ ਬਣਨਾ ਚਾਹੁੰਦਾ ਹੈ। ਸਰਕਾਰ ਦਾ ਟੀਚਾ 2026 ਤੱਕ ਰਾਸ਼ਟਰੀ ਔਸਤ ਤੋਂ ਬਿਹਤਰ ਲਿੰਗ ਅਨੁਪਾਤ ਪ੍ਰਾਪਤ ਕਰਨਾ ਹੈ। ਮਾਨ ਸਰਕਾਰ ਨੇ ਸਾਰੇ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਗਰਭ ਧਾਰਨ ਤੋਂ ਲੈ ਕੇ ਜਨਮ ਤੱਕ ਹਰ ਚੀਜ਼ ਦੀ ਨਿਗਰਾਨੀ ਕਰਨ ਦੇ ਸਖ਼ਤ ਆਦੇਸ਼ ਜਾਰੀ ਕੀਤੇ ਹਨ। ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲਿੰਗ ਨਿਰਧਾਰਨ ਜਾਂ ਭਰੂਣ ਹੱਤਿਆ ਦੀ ਕੋਈ ਕੋਸ਼ਿਸ਼ ਨਾ ਹੋਵੇ। ਇਹ ਕਦਮ ਔਰਤਾਂ ਦੇ ਮਾਣ ਅਤੇ ਸਮਾਨਤਾ ਪ੍ਰਤੀ ਸਰਕਾਰ ਦੀ ਡੂੰਘੀ ਮਹੱਤਤਾ ਨੂੰ ਦਰਸਾਉਂਦਾ ਹੈ। ਚੰਡੀਗੜ੍ਹ ਵਿਚ ਇਕ ਵਰਕਸ਼ਾਪ ਵਿਚ, ਡਾ. ਬਲਬੀਰ ਸਿੰਘ ਨੇ ਕਿਹਾ ਕਿ ਕੁੜੀ ਦੇ ਜਨਮ ਨੂੰ ਰੋਕਣਾ ਸਮਾਜ ’ਤੇ ਸਭ ਤੋਂ ਵੱਡਾ ਕਲੰਕ ਹੈ। ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਇਸ ਅਪਰਾਧ ਲਈ ਹੁਣ ਪੰਜਾਬ ਵਿੱਚ ਜ਼ੀਰੋ ਟਾਲਰੈਂਸ ਨੀਤੀ ਲਾਗੂ ਕੀਤੀ ਜਾਵੇਗੀ। ਇਹ ਸੁਨੇਹਾ ਸਿਹਤ ਕਰਮਚਾਰੀਆਂ ਅਤੇ ਪੂਰੇ ਸਮਾਜ ਲਈ ਹੈ ਕਿ ਕਿਸੇ ਵੀ ਹਾਲਾਤ ਵਿੱਚ ਕੰਨਿਆ ਭਰੂਣ ਹੱਤਿਆ ਅਸਵੀਕਾਰਨਯੋਗ ਹੈ। ਇਸ ਮਿਸ਼ਨ ਲਈ ਰਾਜ ਦੀ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ??ਕੀਤਾ ਗਿਆ ਹੈ। ਸਿਵਲ



ਸਰਜਨ, ਸਿਹਤ ਅਧਿਕਾਰੀ, ਨਰਸਾਂ ਅਤੇ ਖਾਸ ਕਰਕੇ ਆਸ਼ਾ ਵਰਕਰ ਹਰ ਗਰਭਵਤੀ ਔਰਤ ਦੀ ਨਿਗਰਾਨੀ ਕਰਨਗੇ ਤਾਂ ਜੋ ਸਹੀ ਦੇਖਭਾਲ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਕਿਸੇ ਵੀ ਗਲਤ ਕੰਮ ਨੂੰ ਰੋਕਿਆ ਜਾ ਸਕੇ। ਇਹ ਨਿਗਰਾਨੀ ਨਾ ਸਿਰਫ਼ ਅਪਰਾਧ ਨੂੰ ਰੋਕਣ ਵਿੱਚ ਮਦਦ ਕਰੇਗੀ ਸਗੋਂ ਔਰਤਾਂ ਦੀ ਸੁਰੱਖਿਆ ਨੂੰ ਵੀ ਵਧਾਏਗੀ। ਮੰਤਰੀ ਨੇ ਪੀਸੀ-ਪੀਐਨਡੀਟੀ ਐਕਟ (1994) ਦੀ ਮਹੱਤਤਾ ਬਾਰੇ ਵੀ ਦੱਸਿਆ। ਇਹ ਕਾਨੂੰਨ ਕਿਸੇ ਨੂੰ ਵੀ ਲਿੰਗ ਨਿਰਧਾਰਨ ਲਈ ਮਸ਼ੀਨਾਂ ਦੀ ਦੁਰਵਰਤੋਂ ਕਰਨ ਤੋਂ ਰੋਕਣ ਲਈ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਕਾਨੂੰਨ ਸਿਰਫ਼ ਉਦੋਂ ਹੀ ਕੰਮ ਕਰਦਾ ਹੈ ਜਦੋਂ ਸਰਕਾਰ ਅਤੇ ਸਮਾਜ ਦੋਵੇਂ ਇਸਨੂੰ ਲਾਗੂ ਕਰਨ ਲਈ ਮਿਲ ਕੇ ਕੰਮ ਕਰਦੇ ਹਨ – ਅਤੇ ਇਹ ਬਿਲਕੁਲ ਉਹੀ ਹੈ ਜੋ ਮਾਨ ਸਰਕਾਰ ਕਰ ਰਹੀ ਹੈ। ਸਰਕਾਰ ਨਾ ਸਿਰਫ਼ ਸਖ਼ਤੀ ਲਾਗੂ ਕਰ ਰਹੀ ਹੈ ਬਲਕਿ ਜਾਗਰੂਕਤਾ ਵੀ ਵਧਾ ਰਹੀ ਹੈ। ਧੀਆਂ ਪ੍ਰਤੀ ਸਤਿਕਾਰ ਵਧਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਹਰ ਕੋਈ ਸਮਝੇ ਕਿ ਕੁੜੀਆਂ ਅਤੇ ਮੁੰਡੇ ਦੋਵੇਂ ਬਰਾਬਰ ਹਨ, ਰਾਜ ਭਰ ਵਿੱਚ ਪ੍ਰੋਗਰਾਮ ਸ਼ੁਰੂ ਕੀਤੇ ਜਾਣਗੇ। ਇਹ ਸਿਰਫ਼ ਇੱਕ ਸਰਕਾਰੀ ਪਹਿਲ ਨਹੀਂ ਹੈ, ਸਗੋਂ ਸਮਾਜ ਨੂੰ ਬਦਲਣ ਦੀ ਮੁਹਿੰਮ ਹੈ। ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਭਵਿੱਖ ਵਿਚ ਸੂਬੇ ਦੀ ਪਛਾਣ ਨੂੰ ਹੋਰ ਉੱਚਾ ਕਰੇਗੀ – ਇੱਕ ਅਜਿਹਾ ਪੰਜਾਬ ਜਿੱਥੇ ਧੀ ਦੇ ਜਨਮ ਦਾ ਜਸ਼ਨ ਮਨਾਇਆ ਜਾਂਦਾ ਹੈ, ਜਿੱਥੇ ਔਰਤਾਂ ਨੂੰ ਬਰਾਬਰ ਮੌਕੇ ਮਿਲਦੇ ਹਨ

## ਹੈਦਰਾਬਾਦ ਹਵਾਈ ਅੱਡੇ ’ਤੇ ਬੰਬ ਦੀ ਧਮਕੀ ਵਾਲੀ ਈਮੇਲ ਕਾਰਨ ਬੰਦ ਉਡਾਣਾਂ ਮੁੜ ਤੋਂ ਸ਼ੁਰੂ

ਹੈਦਰਾਬਾਦ 6 ਦਸੰਬਰ। ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਸ਼ਮਸ਼ਾਬਾਦ ਵਿਖੇ ਗਾਹਕ ਸਹਾਇਤਾ ਕੇਂਦਰ ਨੂੰ 5 ਅਤੇ 6 ਦਸੰਬਰ ਨੂੰ ਵਾਰ-ਵਾਰ ਬੰਬ ਧਮਕੀ ਵਾਲੇ ਈਮੇਲ ਮਿਲੇ ਸਨ, ਜਿਸ ਕਾਰਨ ਉਡਾਣ ਸੰਚਾਲਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਇਸ ਕਾਰਨ ਸਾਵਧਾਨੀ ਦੇ ਉਪਾਅ ਵਜੋਂ ਅਤੇ ਸੁਰੱਖਿਆ ਵਧਾਏ ਜਾਣ ਕਾਰਨ ਕਈ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਇੰਡੀਗੋ ਸੰਕਟ ਦੇ ਮੱਦੇਨਜ਼ਰ ਇਸ ਹਵਾਈ ਅੱਡੇ ਤੋਂ 69 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। 6 ਦਸੰਬਰ ਨੂੰ ਮਿਲੀ ਇੱਕ ਧਮਕੀ ਭਰੀ ਈਮੇਲ ਵਿੱਚ ਲੰਡਨ ਹੀਥਰੋ ਤੋਂ ਹੈਦਰਾਬਾਦ ਜਾਣ ਵਾਲੀ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ 21-277 ਦਾ ਹਵਾਲਾ ਦਿੱਤਾ ਗਿਆ ਸੀ। ਇਹ ਜਹਾਜ਼ ਸਵੇਰੇ 5:25 ਵਜੇ ਸੁਰੱਖਿਅਤ ਉਤਾਰਿਆ ਗਿਆ, ਜਿਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਮਿਆਰੀ ਸੁਰੱਖਿਆ ਪ੍ਰਕਿਰਿਆਵਾਂ ਅਨੁਸਾਰ ਜਹਾਜ਼ ਅਤੇ ਯਾਤਰੀਆਂ ਦੇ ਸਾਮਾਨ ਦੀ ਗੰਭੀਰ ਨਾਲ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਉਸੇ ਦਿਨ ਕੁਵੈਤ ਤੋਂ ਹੈਦਰਾਬਾਦ ਜਾਣ ਵਾਲੀ ਕੁਵੈਤ ਏਅਰਵੇਜ਼ ਦੀ ਉਡਾਣ ™”-373 ਲਈ ਇੱਕ ਹੋਰ ਧਮਕੀ ਭਰਿਆ ਈਮੇਲ ਪ੍ਰਾਪਤ ਹੋਇਆ। ਸਾਵਧਾਨੀ ਦੇ ਤੌਰ ’ਤੇ ਉਡਾਣ ਨੂੰ ਵਾਪਸ ਉਸਦੇ ਰਵਾਨਗੀ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਇਸ ਤੋਂ ਇੱਕ ਦਿਨ ਪਹਿਲਾਂ, 5 ਦਸੰਬਰ ਨੂੰ ਦਿੱਲੀ ਤੋਂ ਹੈਦਰਾਬਾਦ ਜਾ ਰਹੀ ਏਅਰ ਇੰਡੀਆ ਦੀ ਉਡਾਣ 19-2879 ਨੂੰ ਵੀ ਈਮੇਲ ਰਾਹੀਂ ਇਸੇ ਤਰ੍ਹਾਂ ਦੀ ਧਮਕੀ ਮਿਲੀ।

### ਪਿਛਲੇ ਸਾਲ ਸੜਕ ਹਾਦਸਿਆਂ ’ਚ ਮੌਤ ਦੇ ਮਾਮਲੇ ਵਧ ਕੇ 1.77 ਲੱਖ ਹੋਏ : ਗਡਕਰੀ

ਨਵੀਂ ਦਿੱਲੀ 6 ਦਸੰਬਰ। ਸਰਕਾਰ ਨੇ ਸੰਸਦ ਨੂੰ ਦੱਸਿਆ ਕਿ ਭਾਰਤ ’ਚ ਸੜਕ ਹਾਦਸਿਆਂ ’ਚ ਮਰਨ ਵਾਲਿਆਂ ਦੀ ਗਿਣਤੀ 2024 ’ਚ 2.3 ਫ਼ੀਸਦੀ ਵਧ ਕੇ 1.77 ਲੱਖ ਤੋਂ ਵੱਧ ਹੋ ਗਈ, ਜਿਸ ਦਾ ਮਤਲਬ ਹੈ ਕਿ ਹਰ ਦਿਨ 485 ਲੋਕਾਂ ਦੀ ਮੌਤ ਸੜਕ ਹਾਦਸਿਆਂ ’ਚ ਹੋਈ। ਕੇਂਦਰੀ ਸੜਕ ਟਰਾਂਸਪੋਰਟ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਲੋਕ ਸਭਾ ’ਚ ਇਕ ਸਵਾਲ ਦੇ ਲਿਖਤੀ ਜਵਾਬ ’ਚ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਫਰਵਰੀ 2020 ’ਚ ਸੜਕ ਸੁਰੱਖਿਆ ’ਤੇ ਤੀਸਰੇ ਗਲੋਬਲ ਮੰਤਰੀ ਪੱਧਰੀ ਸੰਮੇਲਨ ’ਚ ਅਪਣਾਏ ਗਏ ‘ਸੜਕ ਸੁਰੱਖਿਆ ’ਤੇ ਸਟਾਕਹੋਮ ਐਲਾਨ-ਪੱਤਰ’ ’ਚ 2030 ਤੱਕ ਸੜਕ ਹਾਦਸਿਆਂ ’ਚ ਹੋਣ ਵਾਲੀਆਂ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਨੂੰ 50 ਫ਼ੀਸਦੀ ਤੱਕ ਘੱਟ ਕਰਨ ਦਾ ਇਕ ਨਵਾਂ ਗਲੋਬਲ ਟੀਚਾ ਰੱਖਿਆ ਗਿਆ ਹੈ।

## ਸੁਖਬੀਰ ਬਾਦਲ ਦਾ ਵੱਡਾ ਬਿਆਨ, ਐੱਸ. ਐੱਸ. ਪੀ. ਪਟਿਆਲਾ ’ਤੇ ਕਾਰਵਾਈ ਕਰਨ ਡੀ. ਜੀ. ਪੀ.

ਪਟਿਆਲਾ 6 ਦਸੰਬਰ। ਪਟਿਆਲਾ ਵਿਖੇ ਇਕ ਸਮਾਗਮ ਵਿਚ ਸ਼ਿਰਕਤ ਕਰਨ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ’ਤੇ ਨਿਸ਼ਾਨਾ ਸਾਧਿਆ। ਸਮਾਗਮ ਵਿੱਚ ਹਿੱਸਾ ਲੈਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਕਮੇਟੀ ਦੀਆਂ ਚੋਣਾਂ ’ਚ ਸਰਕਾਰ ਵੱਲੋਂ ਖੁੱਲ੍ਹੇ ਤੌਰ ’ਤੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਉਨ੍ਹਾਂ ਪਟਿਆਲਾ ’ਚ ਇਕ ਉੱਚ ਪੁਲਸ ਅਧਿਕਾਰੀ ਦੀ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨਾਲ ਜੁੜੀ ਕਥਿਤ ਵਾਇਰਲ ਵੀਡੀਓ ਦਾ ਜ਼ਿਕਰ ਕਰਦੇ ਹੋਏ ਇਸ ਘਟਨਾ ਨੂੰ ਗੰਭੀਰ ਦੱਸਿਆ। ਸੁਖਬੀਰ ਬਾਦਲ ਨੇ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਗਾਇਆ ਕਿ ਸਰਕਾਰ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਲਈ ਪ੍ਰਸ਼ਾਸਨ ਦਾ ਗਲਤ ਇਸਤੇਮਾਲ ਕਰ ਰਹੀ ਹੈ ਅਤੇ ਲੋਕਤੰਤਰਕ ਮੁੱਲਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਦੀ ਨੋਮੀਨੇਸ਼ਨ ਵੇਲੇ ਪੰਜਾਬ ਸਰਕਾਰ ਨੇ ਪੂਰਾ ਜ਼ੋਰ ਲਾਇਆ ਹੈ ਕਿ ਵਿਰੋਧੀ ਪਾਰਟੀਆਂ ਦੇ ਨਾਮਜ਼ਦਗੀ ਪੱਤਰ ਦਾਖ਼ਲ ਨਾ ਹੋ ਸਕਣ। ਉਨ੍ਹਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਝਾੜੂ ਵਾਲਿਆਂ ਨੂੰ ਪਤਾ ਹੈ ਕਿ ਹੁਣ ਇਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਹੋਣੀਆਂ ਹਨ, ਇਸੇ ਕਰਕੇ ਪੁਲਸ ਦੀ ਵਰਤੋਂ ਕਰ ਰਹੇ ਹਨ। ਮੈਂ ਡੀ. ਜੀ. ਪੀ. ਸਾਬਹ ਨੂੰ ਬੇਨਤੀ ਕਰਦਾ ਹਾਂ ਕਿ ਇਹ ਜੋ ਤੁਹਾਡੀ ਪੁਲਸ ਨੇ ਬਹੁਤ ਵੱਡਾ ਘਾਣ ਕੀਤਾ ਹੈ, ਐੱਸ. ਐੱਸ. ਪੀ. ਵਰੁਣ ਸ਼ਰਮਾ ਪਟਿਆਲਾ ਨੇ ਜੋ ਕੀਤਾ ਹੈ, ਉਸ ’ਤੇ ਪਰਚਾ ਹੋਣਾ ਚਾਹੀਦਾ ਹੈ। ਅਕਾਲੀ ਦਲ ਅਰਜ਼ੀ ਦੇਵੇਗਾ ਕਿ ਐੱਸ. ਐੱਸ. ਪੀ. ’ਤੇ ਪਰਚਾ ਦਰਜ ਹੋਵੇ। ਪੰਜਾਬ ਸਰਕਾਰ ਵੱਲੋਂ ਐੱਸ. ਐੱਸ. ਪੀ. ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਪਰ ਅਸੀਂ ਐੱਸ. ਐੱਸ. ਪੀ. ਖ਼?ਲਾਫ਼ ਪਰਚਾ ਦਰਜ ਕਰਵਾ ਕੇ ਜੇਲ੍ਹ ਵਿਚ ਭੇਜਾਂਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਬੰਧ ’ਚ ਸ਼੍ਰੋਮਣੀ ਅਕਾਲੀ ਦਲ ਮਾਣਯੋਗ ਕੋਰਟ ’ਚ ਵੀ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ’ਚ ਲੋਕਤੰਤਰ ਦਾ ਕਤਲ ਕਰਨ ਵਾਲੇ ਐੱਸ. ਐੱਸ. ਪੀ. ਪਟਿਆਲਾ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿਵਾਉਣ ਲਈ ਅਸੀਂ ਹਰ ਲੜਾਈ ਲੜਾਂਗੇ ਅਤੇ ਇਸ ਨੂੰ ਸਜ਼ਾ ਕਰਾਵਾਂਗੇ।

# ਪਤੰਜਲੀ ਯੋਗਪੀਠ ਤੇ ਰੂਸ ਸਰਕਾਰ ਵਿਚਕਾਰ ਹੋਇਆ ਇਤਿਹਾਸਕ ਸਮਝੌਤਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 6 ਦਸੰਬਰ। ਪਤੰਜਲੀ ਸਮੂਹ ਅਤੇ ਰੂਸ ਸਰਕਾਰ ਵਿਚਕਾਰ ਦਿੱਲੀ ਵਿੱਚ ਇੱਕ ਮਹੱਤਵਪੂਰਨ ਸਮਝੌਤਾ (ਐਮਓਯੂ) ’ਤੇ ਹਸਤਾਖਰ ਕੀਤੇ ਗਏ। ਪਤੰਜਲੀ ਸਮੂਹ ਵੱਲੋਂ ਸਵਾਮੀ ਰਾਮਦੇਵ ਜੀ ਦੁਆਰਾ ਅਤੇ ਮਾਸਕੋ (ਰੂਸ) ਸਰਕਾਰ ਵੱਲੋਂ ਭਾਰਤ-ਰੂਸ ਵਪਾਰ ਪ੍ਰੀਸ਼ਦ ਦੇ ਚੇਅਰਮੈਨ ਤੇ ਰੂਸ ਦੇ ਵਣਜ ਮੰਤਰੀ ਸਰਗੇਈ ਚੇਰੇਮਿਨ ਦੁਆਰਾ ਇਸ ਸਮਝੌਤੇ ’ਤੇ ਹਸਤਾਖਰ ਕੀਤੇ ਗਏ ਸਨ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਸਵਾਮੀ ਰਾਮਦੇਵ ਜੀ ਨੇ ਕਿਹਾ ਕਿ ਇਹ ਸਮਝੌਤਾ ਸਿਹਤ ਅਤੇ ਤੰਦਰੁਸਤੀ, ਸਿਹਤ ਸੈਰ-ਸਪਾਟਾ, ਹੁਨਰਮੰਦ ਮਨੁੱਖੀ ਸਰੋਤਾਂ ਦੇ ਆਦਾਨ-ਪ੍ਰਦਾਨ ਅਤੇ ਖੋਜ-ਸਬੰਧਤ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ’ਤੇ ਕੇਂਦ੍ਰਿਤ ਹੈ। ਉਨ੍ਹਾਂ ਕਿਹਾ ਕਿ ਰੂਸ ਦੇ ਲੋਕ ਯੋਗਾ, ਆਯੁਰਵੇਦ ਅਤੇ ਕੁਦਰਤੀ ਇਲਾਜ ਦੀ ਕਦਰ ਕਰਦੇ ਹਨ ਅਤੇ ਸਰਗਰਮੀ ਨਾਲ ਅਭਿਆਸ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਮੁੱਖ ਟੀਚਾ ਰਿਸ਼ੀ-



ਮਹਾਂਪੁਰਸ਼ਾਂ ਦੇ ਇਸ ਤੰਦਰੁਸਤੀ ਵਿਗਿਆਨ ਨੂੰ ਦੁਨੀਆ ਭਰ ਦੇ ਲਗਭਗ 200 ਦੇਸ਼ਾਂ ਵਿੱਚ ਲਿਜਾਣਾ ਹੈ, ਜਿਸ ਵਿੱਚ ਰੂਸ ਪ੍ਰਵੇਸ਼ ਬਿੰਦੂ ਵਜੋਂ ਸੇਵਾ ਨਿਭਾ ਰਿਹਾ ਹੈ। ਇਸ ਸਮਝੌਤੇ ਦਾ ਪਹਿਲਾ ਮੁੱਖ ਉਦੇਸ਼ ਰੂਸ ਵਿੱਚ ਪਤੰਜਲੀ ਦੀਆਂ ਤੰਦਰੁਸਤੀ ਸੇਵਾਵਾਂ ਦਾ ਵਿਸਤਾਰ ਕਰਨਾ ਹੈ। ਰੂਸ ਦੇ ਨਾਲ ਮਿਲ ਕੇ ਬੁਢਾਪੇ ਨੂੰ ਉਲਟਾਉਣ ਅਤੇ ਲੰਬੀ ਉਮਰ ਵਧਾਉਣ ’ਤੇ ਡੂੰਘਾਈ ਨਾਲ ਖੋਜ ਕੀਤੀ ਜਾਵੇਗੀ, ਜਿਸ ਨਾਲ ਮਨੁੱਖੀ ਸਰੀਰ ਵਿੱਚ ਪ੍ਰਗਟ ਹੋਣ ਤੋਂ ਕਈ ਸਾਲ ਪਹਿਲਾਂ ਗੰਭੀਰ ਬਿਮਾਰੀਆਂ ਦਾ ਛੇਤੀ ਪਤਾ ਲਗਾਇਆ ਜਾ ਸਕੇ। ਦੂਜਾ ਉਦੇਸ਼ ਭਾਰਤ ਦੇ ਅਧਿਆਤਮਿਕ ਗਿਆਨ, ਸੱਭਿਆਚਾਰ, ਯੋਗਾ, ਆਯੁਰਵੇਦ ਅਤੇ ਅਨਮੋਲ ਵਿਰਾਸਤ ਨੂੰ ਰੂਸ ਨਾਲ ਸਾਂਝਾ ਕਰਨਾ ਹੈ। ਇਸ ਉਦੇਸ਼ ਲਈ, ਭਾਰਤ ਦੀਆਂ ਸੱਭਿਆਚਾਰਕ ਅਤੇ ਰਿਸ਼ੀ-ਮਹਾਂਪੁਰਸ਼ ਪਰੰਪਰਾਵਾਂ ਨੂੰ ਰੂਸ ਲਿਜਾਇਆ ਜਾਵੇਗਾ। ਸਮਝੌਤੇ ਦਾ ਤੀਜਾ ਉਦੇਸ਼ ਰੂਸ ਨੂੰ ਭਾਰਤ ਤੋਂ ਹੁਨਰਮੰਦ ਕਿਰਤ ਅਤੇ ਸਿਖਲਾਈ ਪ੍ਰਾਪਤ ਯੋਗੀਆਂ ਪ੍ਰਦਾਨ ਕਰਨਾ ਹੈ। ਪ੍ਰਧਾਨ ਮੰਤਰੀ ਹੁਨਰ ਵਿਕਾਸ ਯੋਜਨਾ ਦੇ ਤਹਿਤ, ਪਤੰਜਲੀ ਦੋ ਲੱਖ ਤੋਂ ਵੱਧ ਲੋਕਾਂ ਨੂੰ ਸਿਖਲਾਈ ਦੇਣ ਵਾਲਾ ਇਕਲੌਤਾ ਨਿੱਜੀ ਭਾਈਵਾਲ ਰਿਹਾ ਹੈ। ਪਤੰਜਲੀ ਰੂਸ ਨੂੰ ਹੁਨਰਮੰਦ ਯੋਗੀਆਂ ਅਤੇ ਸਿਖਲਾਈ ਪ੍ਰਾਪਤ ਕਾਮਿਆਂ ਦੀ ਸਪਲਾਈ ਕਰੇਗਾ। ਇਸ ਤੋਂ ਇਲਾਵਾ, ਇਸ ਸਮਝੌਤੇ ਦੇ ਤਹਿਤ, ਰੂਸ ਵਿੱਚ ਪ੍ਰਮੁੱਖ ਭਾਰਤੀ ਬ੍ਰਾਂਡਾਂ ਅਤੇ ਭਾਰਤ ਵਿੱਚ ਰੂਸੀ ਬ੍ਰਾਂਡਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਿਸ਼ਵ ਪੱਧਰੀ ਪਤੰਜਲੀ ਬ੍ਰਾਂਡ ਨੂੰ ਰੂਸ ਲਿਜਾਇਆ ਜਾਵੇਗਾ, ਜਿਸ ਨਾਲ ਰੂਸੀ ਨਾਗਰਿਕ ਪਤੰਜਲੀ ਦੇ ਉੱਚ-ਗੁਣਵੱਤਾ ਵਾਲੇ ਉਤਪਾਦਾਂ ਦਾ ਲਾਭ ਲੈ ਸਕਣਗੇ। ਸਵਾਮੀ ਰਾਮਦੇਵ ਜੀ ਨੇ ਕਿਹਾ ਕਿ ਭਾਰਤ ਅਤੇ ਰੂਸ ਦੋਸਤਾਨਾ ਦੇਸ਼ ਹਨ। ਭਾਰਤ ਦਾ ਆਜ਼ਾਦੀ ਤੋਂ ਪਹਿਲਾਂ ਵੀ ਰੂਸ ਨਾਲ ਭਾਵਨਾਤਮਕ ਸਬੰਧ ਰਿਹਾ ਹੈ, ਜੋ ਅੱਜ ਵੀ ਜਾਰੀ ਹੈ। ਭਾਰਤ ਦੇ ਲੋਕ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਇੱਕ ਮਜ਼ਬੂਤ ਵਿਸ਼ਵ ਨੇਤਾ ਵਜੋਂ ਮਾਨਤਾ ਦਿੰਦੇ ਹਨ

# ਮੋਮੋਜ ਨਾਲ ਜੁੜੇ ਇਕ ਹੋਰ ਮਾਮਲੇ ਨੇ ਉਡਾਏ ਹੋਸ਼, ਛਾਪਾ ਮਾਰਨ ਗਈ ਟੀਮ ਵੀ ਰਹਿ ਗਈ ਹੈਰਾਨ

ਮਾਛੀਵਾੜਾ ਸਾਹਿਬ 6 ਦਸੰਬਰ। ਮਾਛੀਵਾੜਾ ਸ਼ਹਿਰ ਵਿਚ ਫਾਸਟ ਫੂਡ ਦਾ ਸਮਾਨ ਅਤੇ ਖਾਸ ਕਰ ਮੋਮੋਜ ਖਾਣ ਦੇ ਸ਼ੌਕੀਨ ਸਾਵਧਾਨ ਹੋ ਜਾਣ ਕਿਉਂਕਿ ਤੁਹਾਨੂੰ ਫਰਿੱਜ ਵਿਚ ਪਏ ਬਾਸੇ, ਮੱਖੀਆਂ ਅਤੇ ਜ਼ਖ਼ਮਾਂ ਵਾਲੇ ਹੱਥਾਂ ਨਾਲ ਬਣਾ ਕੇ ਤਿਆਰ ਕੀਤੇ ਮੋਮੋਜ ਖਿਲਾਏ ਜਾ ਰਹੇ ਹਨ। ਅੱਜ ਮਾਛੀਵਾੜਾ ਸਿਹਤ ਵਿਭਾਗ ਦੀ ਟੀਮ ਨੇ ਇਕ ਮੋਮੋਜ ਬਣਾਉਣ ਵਾਲੇ ਦੁਕਾਨਦਾਰ ਦੇ ਘਰ ਜਾ ਕੇ ਜਦੋਂ ਛਾਪਾ ਮਾਰਿਆ ਤਾਂ ਉੱਥੇ ਦਾ ਮੰਜ਼ਰ ਦੇਖ ਉਨ੍ਹਾਂ ਦੇ ਹੋਸ਼ ਉੱਡ ਗਏ ਕਿ ਜੋ ਲੋਕਾਂ ਨੂੰ ਖਿਲਾਉਣ ਵਾਲਾ ਫਾਸਟ ਫੂਡ ਦਾ ਸਮਾਨ ਪਿਆ ਸੀ ਉਹ ਮਨੁੱਖੀ ਸਿਹਤ ਲਈ ਬੇਹੱਦ ਘਾਤਕ ਸੀ। ਸਿਹਤ ਵਿਭਾਗ ਟੀਮ ਦੀ ਅਗਵਾਈ ਕਰ ਰਹੇ ਡਾਕਟਰ ਦਵਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕ ਫਾਸਟ ਫੂਡ ਦਾ ਕੰਮ ਕਰਦੇ ਦੁਕਾਨਦਾਰ ਦੇ ਘਰ ਵਿਚ ਜੋ ਲੋਕਾਂ ਨੂੰ ਖਿਲਾਉਣ ਲਈ ਸਮਾਨ ਤਿਆਰ ਕੀਤਾ ਜਾਂਦਾ ਹੈ ਉਹ ਵਧੀਆ ਕੁਆਲਿਟੀ ਦਾ ਨਹੀਂ। ਜਦੋਂ ਟੀਮ ਨੇ ਘਰ ਵਿਚ ਛਾਪਾ ਮਾਰਿਆ ਤਾਂ ਦੇਖਿਆ ਕਿ ਜਿੱਥੇ ਫਾਸਟ ਫੂਡ ਦਾ ਸਮਾਨ ਮੋਮੋਜ, ਸਪਰਿੰਗ ਰੋਲ ਆਦਿ ਤਿਆਰ ਕੀਤਾ ਜਾ ਰਿਹਾ ਸੀ ਉਹ ਥਾਂ ਬੜੀ ਗੰਦਗੀ ਭਰੀ ਸੀ। ਹੋਰ ਤਾਂ ਹੋਰ ਇਹ ਸਮਾਨ ਬਿਲਕੁਲ ਵੀ ਢਕਿਆ ਨਹੀਂ ਸੀ ਅਤੇ ਉਸ ਉੱਪਰ ਮੱਖੀਆਂ ਘੁੰਮ ਰਹੀਆਂ ਜੋ ਕਿ ਬੀਮਾਰੀਆਂ ਫੈਲਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਫਾਸਟ ਫੂਡ ਦੇ ਸਮਾਨ ਨਾਲ ਜੋ ਚਟਨੀ ਦਿੱਤੀ ਜਾਂਦੀ



ਹੈ ਉਹ ਬੜੀ ਘਟੀਆ ਕੁਆਲਿਟੀ ਵਾਲੀ ਸੀ। ਸਿਹਤ ਵਿਭਾਗ ਦੀ ਟੀਮ ਨੇ ਦੱਸਿਆ ਕਿ ਫਰਿੱਜ ਅੰਦਰ ਕਰੇਟਾਂ ਵਿਚ ਮੋਮੋਜ ਭਰੇ ਹੋਏ ਸਨ ਜੋ ਸਾਫ਼ ਦਿਖ ਰਹੇ ਸਨ ਕਿ ਉਹ ਪੁਰਾਣੇ ਅਤੇ ਬਾਸੇ ਸਨ ਜਿਨ੍ਹਾਂ ਨੂੰ ਖਾਣ ਨਾਲ ਲੋਕਾਂ ਦੀ ਸਿਹਤ ਖ਼ਰਾਬ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਜੋ ਫਾਸਟ ਫੂਡ ਦਾ ਸਮਾਨ ਬਣਾਇਆ ਜਾ ਰਿਹਾ ਸੀ ਉਹ ਜ਼ਮੀਨ 'ਤੇ ਬੈਠ ਕੇ ਤਿਆਰ ਕੀਤਾ ਜਾ ਰਿਹਾ ਸੀ ਅਤੇ ਸਫ਼ਾਈ ਦਾ ਬਿਲਕੁਲ ਵੀ ਖਿਆਲ ਨਹੀਂ ਰੱਖਿਆ ਗਿਆ ਸੀ। ਡਾਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਨਗਰ ਕੌਂਸਲ ਦੀ ਟੀਮ ਮੌਕੇ 'ਤੇ ਬੁਲਾ ਕੇ ਇਹ ਸਾਰਾ ਖ਼ਰਾਬ ਫਾਸਟ ਫੂਡ ਵਾਲਾ ਸਮਾਨ ਨਸ਼ਟ ਕਰਵਾਇਆ ਗਿਆ ਅਤੇ ਮੌਕੇ 'ਤੇ ਇਨ੍ਹਾਂ ਦਾ ਚਲਾਨ ਵੀ ਕੱਟਿਆ ਗਿਆ। ਡਾਕਟਰ ਦਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁਝ ਫਾਸਟ ਫੂਡ ਵਿਕਰੇਤਾ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ ਜਿਨ੍ਹਾਂ ਖਿਲਾਫ਼ ਆਉਣ ਵਾਲੇ ਦਿਨਾਂ ਵਿਚ ਚੈਕਿੰਗ ਮੁਹਿੰਮ ਜਾਰੀ ਰਹੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਫਾਸਟ ਫੂਡ ਖਾਣ ਤੋਂ ਪਰਹੇਜ਼ ਕਰਨ ਤਾਂ ਜੋ ਬੀਮਾਰੀਆਂ ਤੋਂ ਬਚਿਆ ਜਾ ਸਕਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਨਗਰ ਕੌਂਸਲ ਦੀ ਟੀਮ ਨਾਲ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਦੁਕਾਨਾਂ 'ਤੇ ਜਾ ਕੇ ਚੈਕਿੰਗ ਕੀਤੀ ਜਾਵੇਗੀ।

## 50 ਸਾਲ ਦੀ ਔਰਤ ਨੇ ਦਿੱਤਾ 14ਵੇਂ ਬੱਚੇ ਨੂੰ ਜਨਮ

ਨੈਸ਼ਨਲ ਡੈਸਕ 6 ਦਸੰਬਰ। ਦੇਸ਼ 'ਚ ਜਿੱਥੇ ਜਨਸੰਖਿਆ ਵਾਧਾ ਇਕ ਗੰਭੀਰ ਮੁੱਦਾ ਬਣ ਚੁੱਕਿਆ ਹੈ, ਉੱਥੇ ਹੀ ਉੱਤਰ ਪ੍ਰਦੇਸ਼ ਦੇ ਹਾਪੁੜ ਦਾ ਇਮਾਮੁਦੀਨ ਪਰਿਵਾਰ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਮਾਮੁਦੀਨ ਦੀ 50 ਸਾਲਾ ਪਤਨੀ ਨੇ ਹਾਲ ਹੀ 'ਚ ਆਪਣੇ 14ਵੇਂ ਬੱਚੇ ਨੂੰ ਜਨਮ ਦਿੱਤਾ ਹੈ। ਇਸ ਮਾਮਲੇ ਨੇ ਡਾਕਟਰਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ, ਕਿਉਂਕਿ ਔਰਤ ਨੇ ਡਿਲਿਵਰੀ ਦੌਰਾਨ ਹਸਪਤਾਲ ਪਹੁੰਚਣ ਤੋਂ ਪਹਿਲੇ ਹੀ ਬੱਚੀ ਨੂੰ ਜਨਮ ਦੇ ਦਿੱਤਾ ਸੀ। ਸੂਚਨਾ ਅਨੁਸਾਰ ਸ਼ੁੱਕਰਵਾਰ ਸ਼ਾਮ ਇਮਾਮੁਦੀਨ ਦੀ ਪਤਨੀ ਨੂੰ ਦਰਦਾਂ ਸ਼ੁਰੂ ਹੋਈਆਂ। ਉਸ ਨੂੰ ਪਹਿਲੇ ਪਿਲਖੁਵਾ ਸੀਐੱਚਸੀ 'ਚ ਦਾਖ਼ਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਮੇਰਠ ਰੈਫਰ ਕਰ ਦਿੱਤਾ ਗਿਆ ਪਰ ਰਸਤੇ 'ਚ ਹੀ ਔਰਤ ਦੀ ਡਿਲਿਵਰੀ ਹੋ ਗਈ ਅਤੇ ਉਸ ਨੂੰ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ। ਹਸਪਤਾਲ ਦੇ ਗੇਟ ਤੱਕ ਪਹੁੰਚਦੇ-ਪਹੁੰਚਦੇ ਔਰਤ ਨੇ 14ਵੇਂ ਬੱਚੇ ਨੂੰ ਜਨਮ ਦਿੱਤਾ। ਇਸ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਨਵਜਨਮੇ ਬੱਚੇ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਦੋਵਾਂ ਦੀ ਹਾਲਤ ਹੁਣ ਸਥਿਰ ਹੈ ਅਤੇ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ ਹੈ। ਗੁੜੀਆ ਇਮਾਮੁਦੀਨ ਦੀ ਪਤਨੀ ਦੇ ਵੱਡੇ ਬੇਟੇ ਦੀ ਉਮਰ 22 ਸਾਲ ਹੈ ਅਤੇ ਇਸ ਤੋਂ ਬਾਅਦ ਉਸ ਦੇ ਬਾਕੀ ਬੱਚਿਆਂ ਦਾ ਜਨਮ ਲਗਭਗ ਇਕ-ਇਕ ਸਾਲ ਦੇ ਅੰਤਰਾਲ 'ਤੇ ਹੋਇਆ ਹੈ। ਹਾਲਾਂਕਿ ਗੁੜੀਆ ਦੇ ਤਿੰਨ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਇਹ ਮਾਮਲਾ ਨਾ ਸਿਰਫ਼ ਹਾਪੁੜ ਸਗੋਂ ਪੂਰੇ ਖੇਤਰ 'ਚ ਚਰਚਾ ਦਾ ਵਿਸ਼ਾ ਬਣ ਚੁੱਕਿਆ ਹੈ।

## ਆਂਗਣਵਾੜੀ ਵਰਕਰਾਂ ਦੀ ਤਨਖਾਹ ਨੂੰ ਲੈ ਕੇ ਵੱਡੀ ਖ਼ਬਰ

ਚੰਡੀਗੜ੍ਹ 6 ਦਸੰਬਰ। ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੀ ਅੱਜ ਚੌਥੇ ਦਿਨ ਦੀ ਕਾਰਵਾਈ ਦੌਰਾਨ ਸਦਨ ਵਿਚ ਆਂਗਣਵਾੜੀ ਵਰਕਰਾਂ ਦੀ ਤਨਖਾਹ ਦਾ ਮੁੱਦਿਆ ਗੂੰਜਿਆ। ਆਮ ਆਦਮੀ ਪਾਰਟੀ ਦੇ ਵਿਧਾਇਕ ਜਸਬੀਰ ਸਿੰਘ ਸੰਧੂ ਨੇ ਸਵਾਲ ਕਰਦਿਆਂ ਕਿਹਾ ਕਿ ਕੀ ਸਰਕਾਰ ਕੋਲ ਕੋਈ ਅਜਿਹੀ ਤਜਵੀਜ਼ ਹੈ ਜਿਸ ਵਿਚ ਆਂਗਣਵਾੜੀ ਵਰਕਰਾਂ ਦੀ ਭਵਿੱਖ ਵਿਚ ਤਨਖਾਹ ਵਧਾਈ ਜਾਵੇਗੀ। ਇਸ ਦਾ ਜਵਾਬ ਦਿੰਦਿਆਂ ਮੰਤਰੀ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰ ਨੂੰ 9500 ਰੁਪਏ ਪ੍ਰਤੀ ਮਹੀਨਾ ਦੇ ਰਹੀ ਹੈ, ਜਿਸ ਵਿਚ 4500 ਰੁਪਏ ਸਟੇਟ ਅਤੇ ਸੈਂਟਰ ਦਾ ਯੋਗਦਾਨ ਹੁੰਦਾ ਹੈ। ਜਿਸ ਵਿਚ 60 ਫੀਸਦੀ ਕੇਂਦਰ ਅਤੇ 40 ਫੀਸਦੀ ਸੂਬੇ ਦਾ ਹੁੰਦਾ ਹੈ। ਇਸ ਤੋਂ ਇਲਾਵਾ 5000 ਰੁਪਏ ਹੋਰ ਸੂਬੇ ਵੱਲੋਂ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਆਂਗਣਵਾੜੀ ਹੈਲਪਰ



ਨੂੰ ਅਸੀਂ 5100 ਰੁਪਏ ਮਹੀਨੇ ਦਿੰਦਾ ਹਾਂ। ਜਿਸ ਵਿਚ ਸੈਂਟਰ ਤੇ ਸਟੇਟ ਦੇ ਸਹਿਯੋਗ ਨਾਲ 2250, ਇਸ ਉਪਰੋਂ ਇਕੱਲੇ ਸੂਬੇ ਦਾ ਯੋਗਦਾਨ 2850 ਹੈ। ਮੰਤਰੀ ਬਲਜੀਤ ਕੌਰ ਨੇ ਕਿਹਾ ਕਿ ਹਰ ਆਂਗਣਵਾੜੀ ਵਰਕਰ ਦਾ ਇਕ ਸਾਲ ਬਾਅਦ 500 ਰੁਪਏ ਸਲਾਨਾ ਇੰਕਰੀਮੈਂਟ ਲੱਗਦਾ ਹੈ। ਇਸ ਤੋਂ ਬਿਨਾਂ ਸਰਕਾਰ ਵਲੋਂ ਇਨਸੈਂਟਿਵ ਵੀ ਦਿੱਤਾ ਜਾਂਦਾ ਹੈ। ਜਿਸ ਦਾ 500 ਰੁਪਏ ਮਹੀਨਾ ਮਿਲਦਾ ਹੈ। ਇਸ ਤੋਂ ਇਲਾਵਾ ਜਿਹੜੀਆਂ ਆਂਗਣਵਾੜੀ ਵਰਕਰਾਂ ਘਰ-ਘਰ ਜਾ ਕੇ ਗਰਭਵਤੀ ਔਰਤਾਂ ਨੂੰ ਰਜਿਸਟਰ ਕਰਦੀਆਂ ਹਨ, ਉਸ ਦਾ ਵੱਖਰਾ 100 ਰੁਪਿਆ ਮਿਲਦਾ ਹੈ। ਇਸ ਤੋਂ ਬਿਨਾਂ ਵੱਖ-ਵੱਖ ਪ੍ਰੋਗਰਾਮਾਂ ਲਈ ਸਰਕਾਰ ਵੱਲੋਂ ਵੱਖਰਾ ਇਨਸੈਂਟਿਵ ਦਿੱਤਾ ਜਾਂਦਾ ਹੈ।

## ਪੰਜਾਬ ਵਾਸੀਆਂ ਲਈ ਖੜ੍ਹੀ ਹੋਈ ਵੱਡੀ ਮੁਸੀਬਤ ! ਇਸ ਰੂਟ 'ਤੇ ਬੰਦ ਹੋਈ ਸਰਕਾਰੀ ਬੱਸ

ਬੀਨੇਵਾਲ/ਪੋਜੇਵਾਲ 6 ਦਸੰਬਰ। ਸ਼?ਰੀ ਖੁਰਾਲਗੜ੍ਹ ਸਾਹਿਬ ਤੋਂ ਚੰਡੀਗੜ੍ਹ ਜਾਣ ਵਾਲਿਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਸ਼?ਰੀ ਖੁਰਾਲਗੜ੍ਹ ਸਾਹਿਬ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਬੰਦ ਕਰ ਦਿੱਤੀ ਗਈ ਹੈ। ਬੀਤ ਇਲਾਕੇ ਤੋਂ ਵੱਖ-ਵੱਖ ਸ਼ਹਿਰਾਂ ਨੂੰ ਜਾਣ ਲਈ ਸਰਕਾਰ ਨੂੰ ਬੱਸਾਂ ਦੇ ਰੂਟ ਚਲਾਉਣ ਦੀ ਲੋਕਾਂ ਦੀ ਮੰਗ ਸੀ, ਜਿਸ ਤੋਂ ਬਾਅਦ ਕੁਝ ਕੁ ਦਿਨ ਪਹਿਲਾਂ ਸ਼?ਰੀ ਖੁਰਾਲਗੜ੍ਹ ਸਾਹਿਬ ਤੋਂ ਚੰਡੀਗੜ੍ਹ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ ਸੀ, ਜਿਸ ਨਾਲ ਲੋਕਾਂ 'ਚ ਖ਼ੁਸ਼ੀ ਪਾਈ ਜਾ ਰਹੀ ਸੀ। ਅਜੇ ਬੀਤ ਦੇ ਲੋਕਾਂ ਦਾ ਨਵੀਂ ਵਿਆਹੀ ਵਹੁਟੀ ਵਾਂਗ ਚਾਅ ਵੀ ਪੂਰਾ ਨਹੀਂ ਹੋਇਆ ਸੀ ਕਿ ਇਹ ਬੱਸ ਬੰਦ ਕਰ ਦਿੱਤੀ ਗਈ। ਬੱਸ ਬੰਦ ਹੋਣ ਦਾ ਕਾਰਨ ਤਾਂ ਅਜੇ ਪਤਾ ਨਹੀਂ ਚੱਲਿਆ



ਪਰ ਇਸ ਰੂਟ ਦੇ ਬੰਦ ਹੋਣ ਨਾਲ ਨੌਕਰੀ ਪੇਸ਼ੇ ਅਤੇ ਸਕੂਲ-ਕਾਲਜ ਨੂੰ ਜਾਣ ਵਾਲੇ ਵਿਦਿਆਰਥੀ ਜ਼ਰੂਰ ਪ੍ਰੇਸ਼ਾਨ ਹੋ ਰਹੇ ਹਨ। ਬੀਤੇ ਦਿਨ ਬੀਤ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੇ ਜਿਨ੍ਹਾਂ 'ਚ ਰਾਜ ਕੁਮਾਰ ਰਾਣਾ, ਪ੍ਰਦੀਪ ਰੰਗੀਲਾ, ਵਿਜੇ ਕੁਮਾਰ ਕੰਬਾਲਾ, ਸੱਤਪਾਲ ਹਰਵਾ, ਅਸ਼ਵਨੀ ਹੈਬੋਵਾਲ, ਸੋਨੂੰ ਟਿੱਬਾ, ਨੰਦ ਲਾਲ ਨੰਦੂ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਦੀ ਮੰਗ ਸੀ ਕਿ ਬੀਤ ਇਲਾਕੇ ਤੋਂ ਵੱਖ-ਵੱਖ ਸ਼ਹਿਰਾਂ ਨੂੰ ਸਰਕਾਰੀ ਬੱਸਾਂ ਲਗਾਈਆਂ ਜਾਣ, ਜਿਸ ਲਈ ਸਰਕਾਰ ਵੱਲੋਂ ਸ਼੍ਰੀ ਖੁਰਾਲਗੜ੍ਹ ਸਾਹਿਬ ਤੋਂ ਇਹ ਬੱਸ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਕੀਤੀ ਗਈ ਸੀ ਪਰ ਹੁਣ ਪਤਾ ਨਹੀਂ ਕਿ ਹੋ ਗਿਆ ਕਿ ਇਹ ਬੰਦ ਕਰ ਦਿੱਤੀ ਗਈ। ਇਸ ਬੱਸ ਦੇ ਚੱਲਣ ਨਾਲ ਬੀਤ ਇਲਾਕੇ ਦੇ ਮੁਲਾਜ਼ਮਾਂ, ਵਿਦਿਆਰਥੀਆਂ ਨੂੰ ਬਹੁਤ ਫਾਇਦਾ ਹੋਇਆ ਸੀ। ਇਸ ਦੇ ਨਾਲ-ਨਾਲ ਪੀ. ਜੀ. ਆਈ. ਚੰਡੀਗੜ੍ਹ ਤੋਂ ਦਵਾਈ ਲੈਣ ਜਾਣ ਵਾਲੇ ਮਰੀਜ਼ਾਂ ਦੀ ਇਸ ਬੱਸ ਦੇ ਚੱਲਣ ਨਾਲ ਪ੍ਰੇਸ਼ਾਨੀ ਦੂਰ ਹੋ ਗਈ ਸੀ। ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਇਸ ਬੱਸ ਨੂੰ ਮੁੜ ਤੋਂ ਚਲਾਇਆ ਜਾਵੇ।

# ਪੰਜਾਬ ਵਿਚ ਨਵੀਂਆਂ ਬਿਜਲੀ ਦਰਾਂ ਦੇ ਐਲਾਨ ਤੋਂ ਬਾਅਦ ਬਿਜਲੀ ਮੰਤਰੀ ਦਾ ਵੱਡਾ ਬਿਆਨ

ਚੰਡੀਗੜ੍ਹ 6 ਦਸੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਸਦਕਾ ਹੀ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋ ਜੋ ਟੈਰਿਫ/ਚਾਰਜ ਨਿਰਧਾਰਿਤ ਕੀਤੇ ਹਨ, ਉਨ੍ਹਾਂ ਨਾਲ ਸੂਬੇ ਦੀ ਜਨਤਾ ਉਤੇ ਕਿਸੇ ਕਿਸਮ ਦਾ ਬੋਝ ਨਹੀਂ ਪਿਆ। ਇਹ ਪ੍ਰਗਟਾਵਾ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਇਕ ਪ੍ਰੈੱਸ ਬਿਆਨ ਵਿਚ ਕੀਤਾ। ਉਨ੍ਹਾਂ ਕਿਹਾ ਕਿ ਰੈਗੂਲੇਟਰੀ ਕਮਿਸ਼ਨ ਦੇ ਫੈਸਲੇ ਨਾਲ ਕਿਸੇ ਵੀ ਵਰਗ ਦੇ ਖਪਤਕਾਰਾਂ ਦੇ ਸਥਿਰ ਖਰਚਿਆਂ ਵਿਚ ਕੋਈ ਵਾਧਾ ਨਹੀਂ ਹੋਵੇਗਾ ਅਤੇ ਨਾਲ ਹੀ ਡੀ. ਐੱਸ ਅਤੇ ਐੱਨ. ਆਰ. ਐੱਸ ਦੇ ਮਾਮਲੇ ਵਿਚ, ਖਪਤਕਾਰ ਸ਼੍ਰੇਣੀ ਵਿਚ ਮੌਜੂਦਾ 3 ਸਲੈਬਾਂ ਨੂੰ ਮਿਲਾ ਕੇ ਖਪਤਕਾਰਾਂ 'ਤੇ ਬਿਨਾਂ ਕਿਸੇ ਵਾਧੂ ਵਿੱਤੀ ਬੋਝ ਦੇ ਸਿਰਫ਼ 2 ਸਲੈਬ ਬਣਾਏ ਗਏ ਹਨ। ਇਹ ਬਿੱਲਾਂ ਨੂੰ ਆਸਾਨੀ ਨਾਲ ਤਿਆਰ ਕਰਨ ਅਤੇ ਖਪਤਕਾਰ-ਅਨੁਕੂਲ ਬਣਾਉਣ ਵਿਚ ਮਦਦ ਕਰੇਗਾ ਜਿਸ ਨਾਲ ਸਲੈਬਾਂ ਦੇ ਰਲੇਵੇਂ ਨਾਲ, ਜਦੋਂ ਕਿਸੇ ਵੀ ਖਪਤਕਾਰ ਨੂੰ ਕੋਈ ਵੀ ਵਾਧੂ ਚਾਰਜ ਨਹੀਂ ਦੇਣਾ ਪਵੇਗਾ, 300 ਯੂਨਿਟਾਂ ਤੋਂ ਵੱਧ ਵਾਲੇ ਡੀ. ਐੱਸ ਖਪਤਕਾਰ 2 ਕਿਲੋਵਾਟ ਤੱਕ ਦੇ ਲੋਡ ਲਈ ਲਗਭਗ 160 ਰੁਪਏ/ਮਹੀਨਾ, 2 ਕਿਲੋਵਾਟ ਤੋਂ ਵੱਧ ਅਤੇ 7 ਕਿਲੋਵਾਟ ਤੱਕ ਦੇ ਲੋਡ ਲਈ 90 ਰੁਪਏ/ਮਹੀਨਾ ਅਤੇ 7 ਕਿਲੋਵਾਟ ਤੋਂ ਵੱਧ ਅਤੇ 20 ਕਿਲੋਵਾਟ ਤੱਕ ਦੇ ਲੋਡ ਲਈ 32 ਰੁਪਏ/ਮਹੀਨਾ ਘੱਟ ਚਾਰਜ ਅਦਾ ਕਰਨਗੇ। ਇਸੇ ਤਰ੍ਹਾਂ ਐੱਨਆਰਐੱਸ ਖਪਤਕਾਰਾਂ ਲਈ, ਜਦੋਂ ਕਿਸੇ ਵੀ ਖਪਤਕਾਰ ਨੂੰ ਕੋਈ ਵੀ ਵਾਧੂ ਚਾਰਜ ਨਹੀਂ ਦੇਣਾ ਪਵੇਗਾ, 20 ਕਿਲੋਵਾਟ ਤੱਕ ਦੇ ਲੋਡ ਵਾਲੇ ਖਪਤਕਾਰਾਂ ਲਈ 500 ਯੂਨਿਟ ਤੱਕ ਦੀ ਖਪਤ ਲਈ ਵੇਰੀਏਬਲ ਚਾਰਜਾਂ ਵਿਚ 2 ਪੈਸੇ/ਯੂਨਿਟ ਦੀ ਛੋਟ ਦਿੱਤੀ ਗਈ ਹੈ। ਇਸੇ ਤਰ੍ਹਾਂ 500 ਯੂਨਿਟਾਂ ਤੱਕ ਦੀ ਖਪਤ ਕਰਨ ਵਾਲੇ ਐੱਨਆਰਐੱਸ ਖਪਤਕਾਰਾਂ ਲਈ, ਬਿੱਲ ਚਾਰਜ ਲਗਭਗ 110 ਰੁਪਏ/ਮਹੀਨਾ ਘੱਟ ਹੋਣਗੇ। ਉਨ੍ਹਾਂ ਦੱਸਿਆ ਕਿ ਘਰੇਲੂ ਖਪਤਕਾਰਾਂ ਦੇ ਨਾਲ ਨਾਲ ਉਦਯੋਗ ਪੱਖੀ ਟੈਰਿਫ ਨੀਤੀ ਅਪਣਾਈ ਗਈ ਹੈ ਅਤੇ ਕਿਸੇ ਕਿਸਮ ਦੇ ਸਰਚਾਰਜ ਵੀ ਨਹੀਂ ਵਧਾਏ ਗਏ। ਬਿਜਲੀ ਮੰਤਰੀ ਨੇ ਦੱਸਿਆ ਕਿ ਘਰੇਲੂ ਸ਼੍ਰੇਣੀ ਵਿਚ ਰਿਹਾਇਸ਼ੀ ਕਲੋਨੀਆਂ/ਬਹੁ-ਮੰਜ਼ਿਲਾ ਰਿਹਾਇਸ਼ੀ ਕੰਪਲੈਕਸਾਂ ਅਤੇ ਸਹਿਕਾਰੀ ਸਮੂਹ ਹਾਊਸਿੰਗ ਸੋਸਾਇਟੀ/ਇੰਪਲਾਇਅਰ ਨੂੰ ਸਿੰਗਲ ਪੁਆਇੰਟ ਸਪਲਾਈ ਲਈ ਘਟਾਏ ਗਏ ਸਥਿਰ ਅਤੇ ਪਰਿਵਰਤਨਸ਼ੀਲ ਖਰਚਿਆਂ (ਮੌਜੂਦਾ 140 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਦੀ ਥਾਂ ਸਥਿਰ ਖਰਚੇ 130 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਅਤੇ ਪਰਿਵਰਤਨਸ਼ੀਲ ਖਰਚੇ 6.96 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਦੀ ਥਾਂ 6.75 ਰੁਪਏ ਕਿਲੋ ਵਾਟ ਪ੍ਰਤੀ ਘੰਟਾ) ਦੇ ਨਾਲ ਇੱਕ ਨਵੀਂ ਸ਼੍ਰੇਣੀ ਪੇਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਬਿਜਲੀ ਖਪਤਕਾਰਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ 600 ਯੂਨਿਟ ਮੁਫ਼ਤ ਬਿਜਲੀ ਯੋਜਨਾ ਵੀ ਜਾਰੀ ਰਹੇਗੀ।

## ਧਰੀਆਂ ਧਰਾਈਆਂ ਰਹਿ ਗਈਆਂ ਵਿਆਹ ਦੀਆਂ ਤਿਆਰੀਆਂ !

ਮੋਗਾ 6 ਦਸੰਬਰ। 'ਵਿਆਹ ਦੀਆਂ ਖੁਸ਼ੀਆਂ ਅਚਾਨਕ ਗ਼ਮ 'ਚ ਬਦਲ ਗਈਆਂ, ਜਦ ਲਾੜੀ ਆਪਣੇ ਸਜੇ-ਸਵਾਰੇ ਹੱਥਾਂ 'ਚ ਚੂੜਾ ਪਾ ਕੇ ਬਰਾਤ ਦੀ ਉਡੀਕ ਕਰਦੀ ਰਹੀ, ਪਰ ਲਾੜਾ ਹੀ ਵਿਆਹ ਮੰਡਪ ਤਕ ਨਾ ਪਹੁੰਚਿਆ। ਲਾੜੀ ਅਤੇ ਉਸ ਦੇ ਪਰਿਵਾਰਕ ਮੈਂਬਰ ਪੂਰੇ ਦਿਨ ਬਰਾਤ ਦੀ ਉਡੀਕ ਕਰਦੇ ਰਹੇ, ਪਰ ਜਦ ਬਰਾਤ ਆਉਣ ਦੀ ਕੋਈ ਉਮੀਦ ਨਾ ਰਹੀ, ਤਾਂ ਪੀੜਤ ਲੜਕੀ ਅਤੇ ਉਸ ਦੇ ਮਾਪਿਆਂ ਨੇ ਥਾਣੇ ਪਹੁੰਚ ਕੇ ਇਨਸਾਫ ਦੀ ਲਾਈ ਗੁਹਾਰ। ਜਾਂਚ ਦੌਰਾਨ ਸਾਹਮਣੇ ਆਇਆ ਕਿ ਲਾੜੇ ਅਤੇ ਉਸ ਦੇ ਪਰਿਵਾਰ ਨੇ ਲਾੜੀ ਅਤੇ ਉਸ ਦੇ ਪਰਿਵਾਰ ਨੂੰ ਠੱਗਣ ਲਈ ਵਿਆਹ ਦੀ ਸਾਜ਼ਿਸ਼ ਰਚੀ। ਲਾੜੇ ਨੇ ਪਹਿਲਾਂ ਹੀ ਕਿਸੇ ਹੋਰ ਲੜਕੀ ਨਾਲ 'ਪੇਪਰ ਮੈਰਿਜ' ਕਰਵਾਈ ਹੋਈ ਸੀ। ਪਰਿਵਾਰ ਅਤੇ ਵਿਚੋਲਣ ਨੇ ਇਹ ਗੱਲ ਗੁਪਤ ਰੱਖੀ ਅਤੇ ਲਾੜੀ ਵਾਲਿਆਂ ਤੋਂ ਵਿਆਹ ਦੀਆਂ ਤਿਆਰੀਆਂ ਕਰਵਾਉਂਦੇ ਰਹੇ। ਲਾੜੀ, ਜੋ ਵਿਆਹ ਦੇ ਸਪਨੇ ਸਜਾਈ ਬੈਠੀ ਸੀ, ਹੁਣ ਥਾਣੇ ਵਿੱਚ ਆਪਣਾ ਦੁੱਖੜਾ ਸੁਣਾ ਰਹੀ ਹੈ। ਰੋਂਦਿਆਂ ਲਾੜੀ ਨੇ ਕਿਹਾ, "ਜੇਕਰ ਮੈਨੂੰ ਇਨਸਾਫ ਨਾ ਮਿਲਿਆ, ਜੇਕਰ ਮੇਰੇ ਪਰਿਵਾਰ ਨਾਲ ਕੁਝ ਵੀ ਹੁੰਦਾ ਹੈ, ਤਾਂ ਇਸਦੇ ਜਿੰਮੇਵਾਰ ਲਾੜਾ, ਉਸ ਦੇ ਪਰਿਵਾਰਕ ਮੈਂਬਰ ਅਤੇ ਵਿਚੋਲਣ ਹੋਣਗੇ।"ਪੀੜਤ ਲੜਕੀ ਅਤੇ ਉਸ ਦੇ ਮਾਪਿਆਂ ਨੇ ਪੁਲਸ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਲਾੜੇ, ਉਸ ਦੇ ਪਰਿਵਾਰ ਅਤੇ ਵਿਚੋਲਣ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ, ਤਾਂ ਜੋ ਕਿਸੇ ਹੋਰ ਮਾਸੂਮ ਲੜਕੀ ਨਾਲ ਅਜਿਹਾ ਧੋਖਾ ਨਾ ਹੋਵੇ।

## ਜਲੰਧਰ-ਨਕੋਦਰ ਹਾਈਵੇਅ 'ਤੇ ਦਿਲ-ਦਹਿਲਾ ਦੇਣ ਵਾਲਾ ਹਾਦਸਾ

ਜਲੰਧਰ 6 ਦਸੰਬਰ। ਜਲੰਧਰ-ਨੈਸ਼ਨਲ ਹਾਈਵੇਅ 'ਤੇ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਾਦਸੇ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਜਲੰਧਰ-ਨਕੋਦਰ ਹਾਈਵੇਅ 'ਤੇ ਇਕ ਟਰਾਲਾ ਸੜਕ 'ਤੇ ਚੜ੍ਹਨ ਲੱਗਾ ਸੀ ਕਿ ਪਿੱਛੇ ਤੋਂ ਆ ਰਹੇ ਐਕਟਿਵਾ ਸਵਾਰ ਨੌਜਵਾਨਾਂ ਨਾਲ ਟਕਰ ਹੋ ਗਈ, ਜਿਸ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਏ। ਮੌਕੇ ਉਤੇ ਥਾਣਾ ਲਾਂਬੜਾ ਦੀ ਪੁਲਸ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਮ੍ਰਿਤਕਾਂ ਦੀ ਪਛਾਣ ਜਸ਼ਨਦੀਪ ਅਤੇ ਲੱਕੀ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਦੋਵੇਂ ਬਸਤੀ ਦਾਨਿਸ਼ਮੰਦਾਂ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ ਦਿਲ-ਦਹਿਲਾ ਦੇਣ ਵਾਲੀ ਸੀ. ਸੀ. ਟੀ. ਵੀ. ਫੁਟੇਜ ਸਾਹਮਣੇ ਆਈ ਹੈ। ਸੀ. ਸੀ. ਟੀ. ਵੀ. ਫੁਟੇਜ ਵਿੱਚ ਵੇਖਿਆ ਜਾ ਸਕਦਾ ਹੈ ਕਿ ਐਕਟਿਵਾ ਸਵਾਰ ਚਾਰ ਨੌਜਵਾਨ ਇਕ ਖੜ੍ਹੇ ਟਰੱਕ ਨਾਲ ਟਕਰਾ ਗਏ। ਹਾਦਸਾ ਇੰਨਾ ਭਿਆਨਕ ਸੀ ਕਿ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੋ ਹੋਰ ਨੌਜਵਾਨ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਜਿੱਥੇ ਦੋਵਾਂ ਦਾ ਇਲਾਜ ਚੱਲ ਰਿਹਾ ਹੈ। ਸਥਾਨਕ ਲੋਕਾਂ ਨੇ ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।



# ਦੁਨੀਆ ਭਰ 'ਚ ਛਾ ਗਈ ਭਾਰਤ ਦੀ 'ਚਾਹ', ਨਿਰਯਾਤ ਦਾ ਅੰਕੜਾ ਪੁੱਜਾ 900 ਮਿਲੀਅਨ ਡਾਲਰ ਦੇ ਪਾਰ

ਬਿਜ਼ਨੈੱਸ ਡੈਸਕ 6 ਦਸੰਬਰ। ਭਾਰਤ ਦੀ ਚਾਹ ਦੁਨੀਆ 'ਚ ਸਭ ਤੋਂ ਵਧੀਆ ਮੰਨੀ ਜਾਂਦੀ ਹੈ, ਜਿਸ ਕਾਰਨ ਇਸ ਦੀ ਦੁਨੀਆ ਭਰ 'ਚ ਮੰਗ ਵੀ ਕਾਫ਼ੀ ਜ਼ਿਆਦਾ ਹੈ। ਇਸੇ ਕਾਰਨ ਇਸ ਸਾਲ ਭਾਰਤੀ ਚਾਹ ਦੇ ਨਿਰਯਾਤ 'ਚ ਵੀ ਵਾਧਾ ਦਰਜ ਕੀਤਾ ਗਿਆ ਹੈ। ਵਿੱਤੀ ਸਾਲ 2023-24 ਦੌਰਾਨ ਭਾਰਤ ਨੇ ਜਿੱਥੇ 852 ਮਿਲੀਅਨ ਡਾਲਰ ਦੀ ਚਾਹ ਨਿਰਯਾਤ ਕੀਤੀ ਸੀ, ਜਦਕਿ ਸਾਲ 2024-25 ਦੌਰਾਨ ਇਹ ਅੰਕੜਾ ਵਧ ਕੇ 900 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਇਹ ਜਾਣਕਾਰੀ ਸੋਮਵਾਰ ਨੂੰ ਟੀ-ਬੋਰਡ ਆਫ਼ ਇੰਡੀਆ-ਕੂਨੂਰ ਦੇ ਕਾਰਜਕਾਰੀ ਨਿਰਦੇਸ਼ਕ, ਐੱਮ. ਮੁੱਥੁਕੁਮਾਰ ਨੇ ਦਿੱਤੀ। ਇਕ ਪ੍ਰੋਗਰਾਮ ਦੌਰਾਨ ਮੁੱਥੁਕੁਮਾਰ ਨੇ ਦੱਸਿਆ ਕਿ ਸਾਲ 2024-25 ਦੌਰਾਨ ਭਾਰਤ ਨੇ ਕੁਝ ਕੇਂਦਰੀ ਏਸ਼ੀਆਈ ਦੇਸ਼ਾਂ ਤੋਂ ਇਲਾਵਾ ਰੂਸ ਤੇ ਯੂਰਪੀ ਦੇਸ਼ਾਂ ਨੂੰ ਕਰੀਬ 25 ਕਰੋੜ ਕਿੱਲੋਗ੍ਰਾਮ ਚਾਹ ਨਿਰਯਾਤ ਕੀਤੀ ਹੈ, ਜਿਸ 'ਚੋਂ ਕਰੀਬ 10 ਕਰੋੜ ਕਿੱਲੋਗ੍ਰਾਮ ਚਾਹ ਸਿਰਫ਼ ਭਾਰਤ ਦੇ ਦੱਖਣੀ ਹਿੱਸੇ 'ਚੋਂ ਭੇਜੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਾਲ 2023-24 ਦੌਰਾਨ ਅਸੀਂ 852 ਮਿਲੀਅਨ ਡਾਲਰ ਦੀ ਚਾਹ ਨਿਰਯਾਤ ਕੀਤੀ ਸੀ, ਜਦਕਿ ਇਸ ਸਾਲ ਅਸੀਂ ਵਧੀਆ ਕੁਆਲਿਟੀ ਕਾਰਨ 900 ਮਿਲੀਅਨ ਡਾਲਰ ਦੀ ਚਾਹ ਨਿਰਯਾਤ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਸ ਦਾ



ਕਾਰਨ ਦੱਸਦਿਆਂ ਉਨ੍ਹਾਂ ਕਿਹਾ ਕਿ ਅਸੀਂ ਚਾਹ ਤਿਆਰ ਕਰਨ 'ਚ ਬਹੁਤ ਘੱਟ ਕੈਮੀਕਲ ਫਰਟੀਲਾਈਜ਼ਰਾਂ ਦੀ ਵਰਤੋਂ ਕਰਦੇ ਹਾਂ, ਜਿਸ ਕਾਰਨ ਸਾਡੀ, ਖ਼ਾਸ ਕਰ ਦੱਖਣੀ ਭਾਰਤ ਦੀ ਚਾਹ ਕਾਫ਼ੀ ਚੰਗੀ ਕੁਆਲਿਟੀ ਦੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਵੱਡੇ ਬਾਗ਼ਾਨ ਤੇ ਵੱਡੇ ਕਿਸਾਨਾਂ ਦੀ ਆਪਣੀ ਮਾਰਕੀਟ ਹੁੰਦੀ ਹੈ, ਜਦਕਿ ਛੋਟੇ ਕਿਸਾਨਾਂ ਕੋਲ ਇਹ ਸਹੂਲਤ ਨਹੀਂ ਹੁੰਦੀ। ਇਸ ਸਮੱਸਿਆ ਦਾ ਹੱਲ ਕਰਨ ਲਈ ਕੇਂਦਰ ਸਰਕਾਰ ਇਕ ਸਕੀਮ (ਐੱਫ.ਪੀ.ਓ.) ਲਿਆ ਰਹੀ ਹੈ, ਜਿਸ ਨਾਲ ਚਾਹ ਉਤਪਾਦਕ ਕਿਸਾਨਾਂ ਨੂੰ ਕਾਫ਼ਾ ਫਾਇਦਾ ਹੋਵੇਗਾ। ਇਹ ਸਕੀਮ ਕਿਸਾਨਾਂ ਦੀ ਚੰਗੀ ਮਾਰਕੀਟ ਤੱਕ ਪਹੁੰਚ, ਕੁਆਲਿਟੀ 'ਚ ਵਾਧਾ ਕਰਨ ਤੇ ਸਿੱਧਾ ਨਿਰਯਾਤ ਕਰਨ ਦੇ ਮੌਕੇ ਪ੍ਰਦਾਨ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਸਕੀਮ ਅਧੀਨ ਸਾਲ 2024-25 ਦੌਰਾਨ ਊਟੀ ਤੇ ਵਲਪਰਾਈ 'ਚ 177 ਐੱਫ.ਪੀ.ਓ. (ਫਾਰਮਰਜ਼ ਪ੍ਰੋਡਿਊਸਰਜ਼ ਆਰਗਨਾਈਜ਼ੇਸ਼ਨ) ਸਥਾਪਤ ਕੀਤੇ ਜਾ ਚੁੱਕੇ ਹਨ, ਜਿਨ੍ਹਾਂ 'ਚ ਕਿਸਾਨਾਂ ਨੂੰ ਚੰਗੀ ਕੁਆਲਟੀ ਦੀ ਚਾਹ ਦਾ ਉਤਪਾਦਨ ਕਰਨ ਦੀ ਟ?ਰੇਨਿੰਗ ਦਿੱਤੀ ਗਈ ਹੈ। ਚਾਹ ਉਤਪਾਦਕਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਮੁੱਥੁਕੁਮਾਰ ਨੇ ਕਿਹਾ ਕਿ ਚਾਹ ਦੀ ਖੇਤੀ 'ਚ ਸਭ ਤੋਂ ਵੱਡੀ ਸਮੱਸਿਆ ਮਜ਼ਦੂਰਾਂ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦਾ ਹੱਲ ਕਰਨ ਲਈ ਵੀ ਕੇਂਦਰੀ ਵਪਾਰ ਤੇ ਉਦਯੋਗ ਮੰਤਰਾਲੇ ਨੇ 30 ਕਰੋੜ ਰੁਪਏ ਅਲਾਟ ਕੀਤੇ ਹਨ, ਤਾਂ ਜੋ ਲੇਬਰ ਦੀ ਘਾਟ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ।

## ਡਿਫਾਲਟਰ ਖਪਤਕਾਰਾਂ 'ਤੇ ਵੱਡਾ ਐਕਸ਼ਨ, ਬਿਜਲੀ ਵਿਭਾਗ ਨੇ ਆਖਿਰ ਸ਼ੁਰੂ ਕੀਤੀ ਕਾਰਵਾਈ

ਬਾਰਨ 6 ਦਸੰਬਰ। ਬਿਜਲੀ ਦੇ ਬਕਾਇਆ ਬਿੱਲ ਜਮ?ਹਾਂ ਨਾ ਕਰਵਾਏ ਗਏ ਤਾਂ ਬਿਜਲੀ ਦੇ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਜਾਣਕਾਰੀ ਦਿੰਦਿਆਂ ਸਹਾਇਕ ਇੰਜੀਨੀਅਰ ਸਬ-ਡਵੀਜ਼ਨ ਗੀਠਖੇੜੀ ਨਿਰਮਲ ਸਿੰਘ ਲੰਗ ਨੇ ਦੱਸਿਆ ਕਿ ਜਿਨ੍ਹਾਂ ਖਪਤਕਾਰਾਂ ਦੇ ਘਰੇਲੂ ਜਾਂ ਵਪਾਰਕ ਬਿਜਲੀ ਦੇ ਬਕਾਇਆ ਬਿੱਲ ਹਨ, ਉਹ ਤੁਰੰਤ ਜਮਾਂ ਕਰਵਾਏ ਜਾਣ। ਜੇਕਰ ਇਹ ਬਕਾਇਆ ਬਿੱਲ ਜਮਾਂ ਨਾ ਕਰਵਾਏ ਗਏ ਤਾਂ ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਵਿਭਾਗ ਵੱਲੋਂ ਇਸ ਤੋਂ ਪਹਿਲਾਂ ਵੀ ਡਿਫਾਟਰ ਖਪਤਕਾਰਾਂ ਨੂੰ ਕਈ ਵਾਰ ਬਿਜਲੀ ਦੇ ਬਕਾਇਆ ਬਿੱਲ ਭਰਨ ਲਈ ਹਦਾਇਤ ਕੀਤੀ ਜਾ ਚੁੱਕੀ ਹੈ। ਇਸ ਦੇ ਬਾਵਜੂਦ ਕੁਝ ਲੋਕਾਂ ਵੱਲੋਂ ਬਕਾਇਦਾ ਬਿੱਲਾਂ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ, ਜਿਸ ਦੇ ਚੱਲਦੇ ਹੁਣ ਵਿਭਾਗ ਨੇ ਸਖ਼ਤ ਰੁਖ ਅਖਤਿਆਰ ਕਰ ਲਿਆ ਹੈ। ਲਿਹਾਜ਼ਾ ਜਿਨ੍ਹਾਂ ਉਪਭੋਗਤਾਵਾਂ ਦਾ ਬਿਜਲੀ ਬਿੱਲ ਬਕਾਇਆ ਹੈ, ਉਨ੍ਹਾਂ ਦੇ ਕੁਨੈਕਸ਼ਨ ਕੱਟੇ ਜਾ ਸਕਦੇ ਹਨ। ਐੱਸ. ਡੀ. ਓ. ਨਿਰਮਲ ਸਿੰਘ ਨੇ ਕਿਹਾ ਕਿ ਖਪਤਕਾਰ ਆਪਣੇ ਰਹਿੰਦੇ ਬਕਾਏ



ਜਲਦ ਤੋਂ ਜਲਦ ਜਮਾਂ ਕਰਾਉਣ ਤਾਂ ਜੋ ਉਨ੍ਹਾਂ ਦੀ ਬਿਜਲੀ ਸਪਲਾਈ ਨਿਰੰਤਰ ਜਾਰੀ ਰੱਖੀ ਜਾ ਸਕੇ। ਐੱਸ. ਡੀ. ਓ. ਗੀਠਖੇੜੀ ਸਬ-ਡਵੀਜ਼ਨ ਨਿਰਮਲ ਸਿੰਘ ਨੇ ਦੱਸਿਆ ਕਿ ਬਿਜਲੀ ਖਪਤਕਾਰਾਂ ਕੋਲ 2 ਕਰੋੜ ਦੇ ਕਰੀਬ ਬਕਾਇਆ ਸੀ, ਜਿਸ 'ਚੋਂ ਵਿਭਾਗ ਨੇ 60 ਲੱਖ ਦੀ ਰਿਕਵਰੀ ਕਰ ਲਈ ਹੈ। ਇਸ ਤੋਂ ਇਲਾਵਾ ਡਿਫਾਲਟਰ ਖਪਤਕਾਰਾਂ ਖ਼ਿਲਾਫ ਸਖ਼ਤੀ ਦਿਖਾਉਂਦਿਆਂ ਘਰੇਲੂ ਤੇ ਵਪਾਰਕ 118 ਦੇ ਕਰੀਬ ਡਿਫਾਲਟਰ ਖਪਤਕਾਰਾਂ ਖ਼ਿਲਾਫ ਕਾਰਵਾਈ ਕਰਦਿਆਂ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਗਏ ਤੇ 60 ਲੱਖ ਦੀ ਰਿਕਵਰੀ ਕਰਨ ਨੂੰ ਅੰਜਾਮ ਦਿੱਤਾ ਹੈ। ਵਿਭਾਗੀ ਅੰਕੜਿਆਂ ਮੁਤਾਬਕ ਸਬ-ਡਵੀਜ਼ਨ ਗੀਠਖੇੜੀ 'ਚ ਡਿਫਾਲਟਰ ਖਪਤਕਾਰਾਂ ਦੀ ਅਜੇ ਵੀ ਲੰਬੀ-ਚੌੜੀ ਲਿਸਟ ਬਕਾਇਆ ਹੈ

## ਸ਼ਰਮਸਾਰ ਹੋਇਆ ਪੰਜਾਬ ! ਜਲੰਧਰ 'ਚ ਮਾਸੂਮ ਨਾਲ ਨੌਜਵਾਨ ਨੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ

ਜਲੰਧਰ 6 ਦਸੰਬਰ। ਪੰਜਾਬ ਵਿਚ ਸ਼ਰਮਸਾਰ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਲੰਧਰ ਸ਼ਹਿਰ ਵਿਚ ਕਰੀਬ 4 ਸਾਲ ਦੀ ਬੱਚੀ ਨਾਲ ਬੇਰਹਿਮੀ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ ਹਨ। ਇਸ ਦੌਰਾਨ ਇਲਾਕੇ ਵਿੱਚ ਜ਼ਬਰਦਸਤ ਹੰਗਾਮਾ ਵੀ ਵੇਖਣ ਨੂੰ ਮਿਲਿਆ। ਮੌਕੇ 'ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਕੁੜੀ ਦਾ ਪਿਤਾ ਬਾਜ਼ਾਰ ਵਿੱਚ ਕੰਮ ਕਰਦਾ ਹੈ ਅਤੇ ਉਸ ਦੀ ਧੀ ਵੀ ਉਸ ਦੇ ਨਾਲ ਸੀ। ਦੋਸ਼ੀ ਨੌਜਵਾਨ ਉਨ੍ਹਾਂ ਦੇ ਕੋਲ ਆਉਂਦਾ-ਜਾਂਦਾ ਸੀ। ਇਸ ਦੌਰਾਨ ਉਸ ਦੇ ਇਰਾਦੇ ਖ਼ਰਾਬ ਹੋ ਗਏ ਅਤੇ ਉਸ ਨੇ ਮਾਸੂਮ ਬੱਚੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਲੋਕਾਂ ਨੇ ਦੱਸਿਆ ਕਿ ਇਸ ਸਬੰਧੀ ਮੌਕੇ 'ਤੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਪਰ ਕੋਈ ਕਾਰਵਾਈ ਕੀਤੇ ਬਿਨਾਂ ਮਾਮਲਾ ਛੱਡ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਜਿਸ ਫੈਕਟਰੀ ਵਿੱਚ ਮੁਲਜ਼ਮ ਨੌਜਵਾਨ ਕੰਮ ਕਰਦਾ ਸੀ, ਉਸ ਦੇ ਮਾਲਕ ਨੇ ਉਸ ਨੂੰ ਥਾਣੇ ਤੋਂ ਰਿਹਾਅ ਕਰਵਾ ਦਿੱਤਾ। ਮੁਲਜ਼ਮ ਨੌਜਵਾਨ ਨੇ ਬੱਚੀ ਨੂੰ ਵਰਗਲਾ ਕੇ ਛੱਤ 'ਤੇ ਕਮਰੇ ਵਿੱਚ ਲੈ ਗਿਆ ਅਤੇ ਇਸ ਘਿਨਾਉਣੇ ਅਪਰਾਧ ਨੂੰ ਅੰਜਾਮ ਦਿੱਤਾ। ਇਸ ਦੌਰਾਨ ਕੁੜੀ ਰੋਂਦੀ ਹੋਈ ਆਪਣੇ ਮਾਪਿਆਂ ਕੋਲ ਆਈ ਅਤੇ ਉਹ ਉਸ ਦੀ ਹਾਲਤ ਵੇਖ ਕੇ ਡਰ ਗਏ। ਕੁੜੀ ਨੇ ਰੋਂਦੇ ਹੋਏ ਆਪਣੇ ਪਿਤਾ ਨੂੰ ਦੱਸਿਆ ਕਿ ਕਿਵੇਂ ਨੌਜਵਾਨ ਨੇ ਉਸ ਨਾਲ ਗੰਦੀ ਹਰਕਤ ਕੀਤੀ ਸੀ। ਗੁੱਸੇ ਵਿੱਚ ਆਏ ਲੋਕਾਂ ਨੇ ਦੋਸ਼ੀ ਨੌਜਵਾਨ ਨੂੰ ਖੰਭੇ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ ਅਤੇ ਵਿਰੋਧ ਕੀਤਾ।

# ਸ਼ਰਾਬ ਦੀ ਬੋਤਲ ਵਾਲਾ ਰਾਸ਼ਨ ਕਾਰਡ ਵਾਇਰਲ, ਅਜੀਬ ਘਟਨਾ ਨੇ ਉਡਾਏ ਹੋਸ਼

ਨੈਸ਼ਨਲ ਡੈਸਕ 6 ਦਸੰਬਰ। ਤਾਮਿਲਨਾਡੂ ਦੇ ਮਦੁਰਈ ਤੋਂ ਇਕ ਅਜੀਬ ਅਤੇ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਚਿਨਾਪੂਲਮਬੱਟੀ ਇਲਾਕੇ ਦੇ ਰਹਿਣ ਵਾਲੇ ਥੰਗਾਵੇਲੁ (56) ਨੇ ਜਦੋਂ ਆਪਣੀ ਪਤਨੀ ਦਾ ਨਾਮ ਰਾਸ਼ਨ ਕਾਰਡ 'ਚ ਜੋੜਨ ਲਈ ਈ-ਰਾਸ਼ਨ ਕਾਰਡ ਡਾਊਨਲੋਡ ਕੀਤਾ, ਤਾਂ ਉਹ ਹੈਰਾਨ ਰਹਿ ਗਏ। ਕਾਰਡ 'ਤੇ ਪਤਨੀ ਦੀ ਫੋਟੋ ਦੀ ਥਾਂ ਸ਼ਰਾਬ ਦੀ ਬੋਤਲ ਦੀ ਤਸਵੀਰ ਲੱਗੀ ਹੋਈ ਸੀ। ਥੰਗਾਵੇਲੁ ਨੇ ਦੱਸਿਆ ਕਿ ਉਸ ਨੇ ਆਪਣੀ ਵਿਆਹੁਤਾ ਧੀ ਦਾ ਨਾਮ ਕਾਰਡ ਤੋਂ ਹਟਵਾ ਕੇ ਪਤਨੀ ਨੂੰ ਤਮਿਲਨਾਡੂ ਨਿਰਮਾਣ ਸ਼?ਰਮਿਕ ਕਲਿਆਣ ਬੋਰਡ ਯੋਜਨਾ ਦੇ ਤਹਿਤ ਲਾਭਪਾਤਰੀ ਬਣਵਾਇਆ ਸੀ। ਪਰ ਜਦੋਂ ਨਵਾਂ ਈ-ਰਾਸ਼ਨ ਕਾਰਡ ਡਾਊਨਲੋਡ ਕੀਤਾ ਗਿਆ ਤਾਂ ਉਸ 'ਤੇ ਪਤਨੀ ਦੀ ਫੋਟੋ ਦੀ ਥਾਂ ਸ਼ਰਾਬ ਦੀ ਬੋਤਲ ਨਜ਼ਰ ਆਈ। ਇਹ ਦੇਖ ਕੇ ਸਾਰੇ ਪਰਿਵਾਰ ਵਾਲੇ ਹੱਕੇ-ਬੱਕੇ ਰਹਿ ਗਏ। ਤੁਰੰਤ ਹੀ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਸਥਾਨਕ ਨਾਗਰਿਕ ਸਪਲਾਈ ਵਿਭਾਗ 'ਚ ਦਰਜ ਕਰਾਈ। ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਸਮੱਸਿਆ ਸਿਰਫ਼ ਈ-ਰਾਸ਼ਨ ਕਾਰਡ 'ਚ ਹੀ ਆ ਰਹੀ ਹੈ, ਜਦਕਿ ਹਾਰਡ ਕਾਪੀ 'ਚ ਸਹੀ ਤਸਵੀਰ ਹੀ ਮੌਜੂਦ ਹੈ। ਉਨ੍ਹਾਂ ਨੇ ਇਸ ਨੂੰ ਤਕਨੀਕੀ ਗੜਬੜ ਦੱਸਦਿਆਂ ਕਿਹਾ ਕਿ ਜਾਂਚ ਸ਼ੁਰੂ ਹੋ ਚੁੱਕੀ ਹੈ ਤੇ ਜਲਦੀ ਹੀ ਇਸ ਨੂੰ ਠੀਕ ਕਰ ਦਿੱਤਾ ਜਾਵੇਗਾ। ਇਸ ਈ-ਰਾਸ਼ਨ ਕਾਰਡ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਲੋਕ ਇਸ 'ਤੇ ਵੱਖ-ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕਰ ਰਹੇ ਹਨ। ਕਿਸੇ ਨੇ ਇਸ ਨੂੰ ਪ੍ਰਸ਼ਾਸਨਿਕ ਲਾਪਰਵਾਹੀ ਕਿਹਾ, ਤਾਂ ਕਿਸੇ ਨੇ ਇਸ ਨੂੰ ਸਿਸਟਮ ਦੀ ਵੱਡੀ ਖਾਮੀ ਕਰਾਰ ਦਿੱਤਾ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ 2018 'ਚ ਵੀ ਕੁਝ ਈ-ਰਾਸ਼ਨ ਕਾਰਡਾਂ 'ਤੇ ਗਲਤ ਤਸਵੀਰਾਂ, ਖ਼ਾਸ ਕਰਕੇ ਸ਼ਰਾਬ ਦੀਆਂ ਬੋਤਲਾਂ ਦੀਆਂ ਫੋਟੋਆਂ ਲੱਗੀਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਸਮੱਸਿਆ ਪੁਰਾਣੀ ਹੈ ਅਤੇ ਇਸ ਦਾ ਹਾਲੇ ਤੱਕ ਪੂਰਾ ਹੱਲ ਨਹੀਂ ਹੋ ਸਕਿਆ। ਰਾਸ਼ਨ ਕਾਰਡ ਦੇਸ਼ 'ਚ ਗਰੀਬ ਪਰਿਵਾਰਾਂ ਲਈ ਸਬਸਿਡੀ ਅਤੇ ਸਰਕਾਰੀ ਯੋਜਨਾਵਾਂ ਦਾ ਇਕ ਬਹੁਤ ਮਹੱਤਵਪੂਰਨ ਦਸਤਾਵੇਜ਼ ਹੈ। ਅਜਿਹੀਆਂ ਗਲਤੀਆਂ ਲੋਕਾਂ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦੀਆਂ ਹਨ ਅਤੇ ਸਰਕਾਰੀ ਲਾਭਾਂ ਤੋਂ ਵੀ ਵਾਂਝਾ ਕਰ ਸਕਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਡਿਜ਼ੀਟਲ ਦਸਤਾਵੇਜ਼ਾਂ 'ਚ ਅਜਿਹੀਆਂ ਗੜਬੜਾਂ ਤੋਂ ਬਚਣ ਲਈ ਵਧੀਆ ਤਕਨੀਕੀ ਨਿਗਰਾਨੀ ਅਤੇ ਸਮੇਂ-ਸਮੇਂ 'ਤੇ ਸਿਸਟਮ ਦੀ ਸਮੀਖਿਆ ਬਹੁਤ ਜ਼ਰੂਰੀ ਹੈ।

## ਪੰਜਾਬ ਤੋਂ ਹੈਰੋਇਨ ਲਿਆ ਕੇ ਚੰਡੀਗੜ੍ਹ ਸਪਲਾਈ ਕਰਨ ਆਈ ਔਰਤ ਗ੍ਰਿਫ਼ਤਾਰ

ਚੰਡੀਗੜ੍ਹ 6 ਦਸੰਬਰ। ਪੰਜਾਬ ਤੋਂ ਨਸ਼ੀਲਾ ਪਦਾਰਥ ਲਿਆ ਕੇ ਚੰਡੀਗੜ੍ਹ 'ਚ ਵੇਚਣ ਆਈ ਔਰਤ ਤਸਕਰ ਨੂੰ ਆਪ੍ਰੇਸ਼ਨ ਸੈੱਲ ਦੀ ਟੀਮ ਨੇ ਸੈਕਟਰ-43 ਬੱਸ ਸਟੈਂਡ ਨੇੜੇ ਕਾਬੂ ਕਰ ਲਿਆ। ਫੜ੍ਹੀ ਗਈ ਔਰਤ ਦੀ ਪਛਾਣ ਅੰਮ੍ਰਿਤਸਰ ਦੀ ਰਹਿਣ ਵਾਲੀ ਕੰਵਲਜੀਤ ਕੌਰ ਵਜੋਂ ਹੋਈ। ਤਲਾਸ਼ੀ ਦੌਰਾਨ ਉਸ ਦੇ ਬੈਗ 'ਚੋਂ 151.85 ਗ੍ਰਾਮ ਹੈਰੋਇਨ ਬਰਾਮਦ ਹੋਈ। ਕੰਵਲਜੀਤ ਕੌਰ ਨੇ ਹੈਰੋਇਨ ਸੇਬ ਤੇ ਕੇਲਿਆਂ ਹੇਠਾਂ ਲੁਕਾਈ ਹੋਈ ਸੀ। ਆਪ੍ਰੇਸ਼ਨ ਸੈੱਲ ਨੇ ਹੈਰੋਇਨ ਜ਼ਬਤ ਕਰ ਕੇ ਕਵਲਜੀਤ ਕੌਰ ਵਿਰੁੱਧ ਸੈਕਟਰ-36 ਪੁਲਸ ਸਟੇਸ਼ਨ 'ਚ ਐੱਨ. ਡੀ. ਪੀ. ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ। ਆਪ੍ਰੇਸ਼ਨ ਸੈੱਲ ਇੰਚਾਰਜ ਜਸਪਾਲ ਦੀ ਅਗਵਾਈ ਹੇਠ ਏ. ਐੱਸ. ਆਈ. ਰਾਜਪਾਲ ਪੁਲਸ ਟੀਮ ਨਾਲ ਸੈਕਟਰ-43 ਬੱਸ ਸਟੈਂਡ 'ਤੇ ਗਸ਼ਤ ਕਰ ਰਹੇ ਸਨ। ਪੁਲਸ ਟੀਮ ਨੇ ਬੱਸ ਸਟੈਂਡ ਦੇ ਪਿੱਛੇ ਫੁੱਟਪਾਥ 'ਤੇ ਇਕ ਸ਼ੱਕੀ ਔਰਤ ਨੂੰ ਲਾਲ ਰੰਗ ਦਾ ਬੈਗ ਲੈ ਕੇ ਆਉਂਦੇ ਦੇਖਿਆ। ਸ਼ੱਕ ਦੇ ਆਧਾਰ 'ਤੇ ਜਦ ਪੁਲਸ ਔਰਤ ਵੱਲ੍ਹ ਜਾਣ ਲੱਗੀ ਤਾਂ ਉਹ ਟੀਮ ਨੂੰ ਦੇਖ ਕੇ ਪਿੱਛੇ ਮੁੜ ਗਈ। ਉਸ ਦਾ ਪਿੱਛਾ ਕਰ ਕੇ ਥੋੜ੍ਹੀ ਹੀ ਦੂਰੀ 'ਤੇ ਉਸ ਕਾਬੂ ਕਰਨ 'ਤੇ ਜਦ ਬੈਗ ਚੈੱਕ ਕੀਤਾ ਤਾਂ ਉਸ 'ਚੋਂ ਚਾਰ ਸੰਤਰੇ ਤੇ ਛੇ ਕੇਲੇ ਮਿਲੇ ਤੇ ਉਸ ਦੇ ਹੇਠਾਂ ਇਕ ਪਲਾਸਟਿਕ ਦਾ ਲਿਫਾਫਾ ਮਿਲਿਆ। ਜਾਂਚ ਕਰਨ 'ਤੇ 151.85 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਟੀਮ ਨੇ ਛੇ ਕੇਲੇ ਅਤੇ ਚਾਰ ਸੰਤਰੇ ਲੋੜਵੰਦ ਲੋਕਾਂ ਨੂੰ ਵੰਡ ਦਿੱਤੇ। ਏ. ਐੱਸ. ਆਈ. ਰਾਜਪਾਲ ਦੇ ਬਿਆਨਾਂ 'ਤੇ ਸੈਕਟਰ-36 ਥਾਣਾ ਪੁਲਸ ਨੇ ਕਵਲਜੀਤ ਕੌਰ ਖ਼?ਲਾਫ਼ ਮਾਮਲਾ ਦਰਜ ਕੀਤਾ। ਪੁਲਸ ਮੁਲਜ਼ਮ ਔਰਤ ਤੋਂ ਪੁੱਛਗਿਛ ਕਰ ਰਹੀ ਹੈ ਕਿ ਉਹ ਹੈਰੋਇਨ ਕਿੱਥੋਂ ਲਿਆਈ ਸੀ ਅਤੇ ਅੱਗੇ ਕਿਸ ਨੂੰ ਦੇਣ ਆਈ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਇਫਟੂ ਵਰਕਰਾਂ ਨੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ

**ਕੌਮੀ ਪਤ੍ਰਿਕਾ**
**ਮਲਾਗਰ ਖਮਾਣੋਂ**

ਚਮਕੌਰ ਸਾਹਿਬ 6 ਦਸੰਬਰ: ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਰਜਿ ਸਬੰਧਤ ਇਫਟੂ ਦੇ ਪੰਜਾਬ ਕਮੇਟੀ ਦੇ 'ਸ਼ਨੀਵਾਰ ਅੰਦੋਲਨ' ਦੇ ਨਾਂਅ ਤਹਿਤ ਦਿੱਤੇ ਗਏ ਸੱਦੇ ਉੱਤੇ ਯੂਨੀਅਨ ਵਲੋਂ ਲੇਬਰ ਚੌਕ ਵਿਖੇ ਚਮਕੌਰ ਸਾਹਿਬ ਵਿਖੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਇਫਟੂ ਵਰਕਰਾਂ ਵਲੋਂ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਯੂਨੀਅਨ ਦੇ ਪ੍ਰਧਾਨ ਬਲਵਿੰਦਰ ਸਿੰਘ ਭੈਰੋ ਮਾਜਰਾ, ਸਤਵਿੰਦਰ ਸਿੰਘ ਨੀਟਾ, ਦਲਵੀਰ ਸਿੰਘ ਬਿੱਟੂ, ਮਲਾਗਰ ਸਿੰਘ ਖਮਾਣੋਂ, ਮਿਸਤਰੀ ਮਨਮੋਹਨ ਸਿੰਘ ਕਾਲਾ, ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਦੇਸ਼ ਦੇ ਮਜ਼ਦੂਰ ਵਰਗ ਉੱਤੇ ਬਹੁਤ ਹੀ ਮਾਰੂ ਹਮਲਾ



ਹੈ।ਇਹ ਮਜ਼ਦੂਰ ਜਮਾਤ ਕੋਲੋਂ ਉਸਦੇ ਬੁਨਿਆਦੀ ਅਧਿਕਾਰ ਖੋ ਲੈਂਦੇ ਹਨ। ਇਹ ਅਧਿਕਾਰ ਮਜ਼ਦੂਰਾਂ ਨੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ। ਇਹ ਮਜ਼ਦੂਰ ਜਮਾਤ ਕੋਲੋਂ ਉਸਦਾ ਯੂਨੀਅਨ ਬਣਾਉਣ ਦਾ ਅਧਿਕਾਰ, ਹੜਤਾਲ ਕਾਰਨ ਦਾ ਅਧਿਕਾਰ ਖੋਹਦੇਂ ਹਨ, ਰੁਜ਼ਗਾਰ ਸੁਰੱਖਿਆ ਨੂੰ ਖਤਮ ਕਰਦੇ ਹਨ,ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਦੇ ਹਨ, ਮਜ਼ਦੂਰਾਂ ਦੀ ਸੁੱਰਖਿਆ ਪ੍ਰਤੀ ਮਾਲਕਾਂ ਦੀ ਜਵਾਬਦੇਹੀ ਨੂੰ ਖ਼ਤਮ ਕਰਦੇ ਹਨ। ਉਹਨਾਂ ਕਿਹਾ ਕਿ ਇਹ ਕੋਡ ਸਕੀਮ ਵਰਕਰਾਂ, ਗ਼?ਗ ਵਰਕਰਾਂ,ਕੱਚੇ ਵਰਕਰਾਂ, ਆਊਟਸੋਰਸ ਵਰਕਰਾਂ ਦੇ ਹਿੱਤਾਂ ਉੱਤੇ ਵੀ ਘਾਤਕ ਹਮਲਾ ਹਨ ਜਿਹਨਾਂ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਇਹ ਕੂੜ ਪ੍ਰਚਾਰ ਕਰ ਰਹੀ ਹੈ ਕਿ ਇਹ ਲੇਬਰ ਕੋਡ ਮਜ਼ਦੂਰ ਪੱਖੀ ਹਨ। ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਾਰੇ ਪੰਜਾਬ ਵਿੱਚ ਇਸ 'ਸ਼ਨੀਵਾਰ ਅੰਦੋਲਨ' ਨੂੰ ਸ਼ੁਰੂ ਕਰਨ। ਇਸ ਮੌਕੇ ਅਜੈਬ ਸਿੰਘ ਸਮਾਣਾ, ਗੁਰਮੇਲ ਸਿੰਘ, ਗੁਲਾਬ ਚੰਦ ਚੌਹਾਨ, ਆਦਿ ਹਾਜ਼ਰ ਸਨ।

## ਜ਼ੋਨ-ਡੀ 'ਚ ਨਾਜਾਇਜ਼ ਤੌਰ 'ਤੇ ਬਣ ਰਹੀਆਂ ਬਿਲਡਿੰਗਾਂ 'ਤੇ ਨਵੇਂ ਏ. ਟੀ. ਪੀ. ਦੀ ਕਾਰਵਾਈ ਜਾਰੀ, 6 ਜਗਹਾ ਹੋਈ ਸੀਲਿੰਗ

ਲੁਧਿਆਣਾ 6 ਦਸੰਬਰ। ਜ਼ੋਨ-ਡੀ ਏਰੀਆ ਵਿਚ ਨਾਜਾਇਜ਼ ਤੌਰ 'ਤੇ ਬਣ ਰਹੀਆਂ ਬਿਲਡਿੰਗਾਂ 'ਤੇ ਨਵੇਂ ਏ. ਟੀ. ਪੀ. ਹਰਵਿੰਦਰ ਹਨੀ ਦੀ ਕਾਰਵਾਈ ਜਾਰੀ ਹੈ, ਜਿਸ ਤਹਿਤ ਸੋਮਵਾਰ ਨੂੰ 6 ਥਾਵਾਂ 'ਤੇ ਸੀਲਿੰਗ ਕੀਤੀ ਗਈ। ਇਨ੍ਹਾਂ ਵਿਚ ਮਲਹਾਰ ਰੋਡ, ਦੁੱਗਰੀ ਰੋਡ, ਬੀ. ਆਰ. ਐੱਸ. ਨਗਰ ਅਤੇ ਫਿਰੋਜ਼ਪੁਰ ਰੋਡ ਦੀਆਂ ਬਿਲਡਿੰਗਾਂ ਸ਼ਾਮਲ ਹਨ। ਨਗਰ ਨਿਗਮ ਅਫਸਰਾਂ ਨੇ ਦੱਸਿਆ ਕਿ ਇਨ੍ਹਾਂ 'ਚੋਂ ਕਈ ਬਿਲਡਿੰਗਾਂ ਦੀ ਉਸਾਰੀ ਨਕਸ਼ਾ ਪਾਸ ਕਰਵਾਏ ਬਿਨਾਂ ਕੀਤੀ ਜਾ ਰਹੀ ਸੀ। ਇਨ੍ਹਾਂ ਵਿਚ ਕੁਝ ਬਿਲਡਿੰਗਾਂ ਰਿਹਾਇਸ਼ੀ ਇਲਾਕਿਆਂ ਵਿਚ ਸਥਿਤ ਹੋਣ ਦੀ ਵਜ?ਹਾ ਨਾਲ ਨਾਨ-ਕੰਪਾਊਂਡੇਬਲ ਕੈਟਾਗਰੀ 'ਚ ਆਉਂਦੀਆਂ ਹਨ ਅਤੇ ਕਈ ਬਿਲਡਿੰਗਾਂ ਦੇ ਮਾਲਕ ਰੈਗੂਲਰ ਕਰਨ ਦਾ ਜੁਰਮਾਨਾ ਜਮ?ਹਾ ਕਰਵਾਉਣ ਨੂੰ ਤਿਆਰ ਨਹੀਂ ਸਨ। ਨਗਰ ਨਿਗਮ ਵਲੋਂ ਨਾਜਾਇਜ਼ ਤੌਰ 'ਤੇ ਬਣ ਰਹੀਆਂ ਬਿਲਡਿੰਗਾਂ ਖਿਲਾਫ ਚਲਾਈ ਗਈ ਮੁਹਿੰਮ ਨੂੰ ਬਕਾਇਆ ਰੈਵੇਨਿਊ ਦੀ ਰਿਕਵਰੀ ਦੇ ਟਾਰਗੈੱਟ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਕਮਿਸ਼ਨਰ ਵਲੋਂ ਹਾਲ ਹੀ ਵਿਚ ਬੁਲਾਈ ਗਈ ਮੀਟਿੰਗ ਦੌਰਾਨ ਬਿਲਡਿੰਗ ਬ੍ਰਾਂਚ ਦੇ ਅਫਸਰਾਂ ਦੀ ਕਲਾਸ ਲਗਾਈ ਗਈ ਸੀ

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)


## ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

### ਮਹੱਤਵਪੂਰਣ ਸੂਚਨਾ

ਰੇਲਯਾਤੀਰਆਂ ਦੀ ਗਿਣਤੀ ਵਿਚ ਵਾਧਾ ਨੂੰ ਦੇਖਦੇ ਹੋਏ ਰੇਲਵੇ ਦੁਵਾਰਾ ਹੇਠਾ ਲਿਖੀ ਵਿਸ਼ੇਸ਼ ਰੇਲਗੱਡੀਆਂ ਸੰਚਾਲਿਤ ਕਰਨ ਦਾ ਫੈਸਲਾ ਲਿਤਾ ਗਿਆ ਹੈ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ :-

**03010 ਨਵੀਂ ਦਿੱਲੀ-ਹਾਵੜਾ ਜੰ: ਵਿਸ਼ੇਸ਼ ਰੇਲਗੱਡੀ** — 01 ਫੇਰਾ

| ਸਟੇਸ਼ਨ | ਗੱਡੀ ਨੰ: 03010 ਆਉਣਾ | ਜਾਣਾ |
|---|---|---|
| ਨਵੀਂ ਦਿੱਲੀ | --- | 07:30 |
| ਹਾਵੜਾ ਜੰ: | 13:30 | --- |

ਚਲਨ ਦੇ ਦਿਨ : 03010 ਨਵੀਂ ਦਿੱਲੀ ਤੋਂ ਮਿਤੀ 08.12.2025 (ਸੋਮਵਾਰ) ਨੂੰ
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ
ਠਹਿਰਾਵ : ਟੁੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਸਾਸਾਰਾਮ, ਗਯਾ, ਕੋਡਰਮਾ, ਧਨਬਾਦ, ਆਸਨਸੋਲ, ਦੁਰਗਪੁਰ ਅਤੇ ਵਰਧਮਾਨ ਸਟੇਸ਼ਨ।

**01016 ਲਖਨਊ ਜੰ:-ਲੋਕਮਾਨਯ ਤਿਲਕ (ਟ.) ਵਿਸ਼ੇਸ਼ ਰੇਲਗੱਡੀ** — 01 ਫੇਰਾ

| ਸਟੇਸ਼ਨ | ਗੱਡੀ ਨੰ: 01016 ਆਉਣਾ | ਜਾਣਾ |
|---|---|---|
| ਲਖਨਊ ਜੰ: | --- | 19:30 |
| ਲੋਕਮਾਨਯ ਤਿਲਕ (ਟ.) | 23:30 | --- |

ਚਲਨ ਦੇ ਦਿਨ : 01016 ਲਖਨਊ ਜੰ: ਤੋਂ ਮਿਤੀ 07.12.2025 (ਐਤਵਾਰ) ਨੂੰ
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ
ਠਹਿਰਾਵ : ਕਾਨਪੁਰ ਸੈਂਟਰਲ, ਉਰਈ, ਵੀਰਾਗਨਾ ਲਖਸ਼ਮੀਬਾਈ ਝਾਂਸੀ ਜੰ:, ਬੀਨਾ ਜੰ:, ਭੋਪਾਲ ਜੰ;, ਇਟਾਰਸੀ ਜੰ:, ਖੰਡਵਾ, ਭੁਸਾਵਲ ਜੰ:, ਜਲਗਾਂਵ ਜੰ;, ਨਾਸ਼ਿਕ ਰੋਡ, ਇਗਤਪੁਰੀ, ਕਲਿਆਣ ਜੰ; ਅਤੇ ਠਾਣੇ ਸਟੇਸ਼ਨ।

**01020 ਹ. ਨਿਜ਼ਾਮੁਦੀਨ-ਛੱਤਰਪਤੀ ਸ਼ਿਵਾਜੀ ਮਹਾਰਾਜ (ਟ.) ਵਿਸ਼ੇਸ਼ ਰੇਲਗੱਡੀ** — 01 ਫੇਰਾ

| ਸਟੇਸ਼ਨ | ਗੱਡੀ ਨੰ: 01020 ਆਉਣਾ | ਜਾਣਾ |
|---|---|---|
| ਹ. ਨਿਜ਼ਾਮੁਦੀਨ | --- | 17:30 |
| ਛੱਤਰਪਤੀ ਸ਼ਿਵਾਜੀ ਮਹਾਰਾਜ (ਟ.) | 13:30 | --- |

ਚਲਨ ਦੇ ਦਿਨ : 0120 ਹ. ਨਿਜ਼ਾਮੁਦੀਨ ਤੋਂ ਮਿਤੀ 07.12.2025 (ਐਤਵਾਰ) ਨੂੰ
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ
ਠਹਿਰਾਵ : ਮਥੁਰਾ ਜੰ:, ਸਵਾਈ ਮਾਧੋਪੁਰ, ਕੋਟਾ ਜੰ:, ਨਾਗਦਾ ਜੰ:, ਰਤਲਾਮ ਜੰ:, ਵਡੋਦਰਾ ਜੰ:, ਸੂਰਤ, ਬਸਈ ਰੋਡ, ਠਾਣੇ ਅਤੇ ਦਾਦਰ ਸਟੇਸ਼ਨ।

**01409/01410 ਪੂਣੇ ਜੰ:- ਹ. ਨਿਜ਼ਾਮੁਦੀਨ - ਪੂਣੇ ਜੰ: ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 01409 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 01410 ਆਉਣਾ | ਜਾਣਾ |
|---|---|---|---|---|
| --- | 20:20 | ਪੂਣੇ ਜੰ: | 09:00 | --- |
| 01:00 | --- | ਹ. ਨਿਜ਼ਾਮੁਦੀਨ | --- | 05:00 |

ਚਲਨ ਦੇ ਦਿਨ : 01409 ਪੂਣੇ ਜੰ: ਤੋਂ ਮਿਤੀ 07.12.2025 (ਐਤਵਾਰ) ਅਤੇ 01410 ਹ. ਨਿਜ਼ਾਮੁਦੀਨ ਤੋਂ ਮਿਤੀ 09.12.2025 (ਮੰਗਲਵਾਰ) ਨੂੰ।
ਜਗ੍ਹਾਂ : 3 ਟੀਯਰ ਵਾਤਾ.
ਠਹਿਰਾਵ : ਦੌਂਡ ਕਾਰਡ ਲਾਇਨ, ਅਹਿਲਯਾਨਗਰ, ਕੋਪਰਗਾਂਵ, ਮਨਮਾਡ ਜੰ:, ਭੁਸਾਵਲ ਜੰ:, ਖੰਡਵਾ, ਇਟਾਰਸੀ ਜੰ:, ਭੋਪਾਲ ਜੰ:, ਬੀਨਾ ਜੰ:, ਵੀਰਾਂਗਨਾ ਲਖਸ਼ਮੀਬਾਈ ਝਾਂਸੀ, ਗਵਾਲੀਅਰ ਅਤੇ ਆਗਰਾ ਕੈਂਟ ਸਟੇਸ਼ਨ।

**06259/06260 ਯਸ਼ਵੰਤਪੁਰ - ਹ. ਨਿਜ਼ਾਮੁਦੀਨ - ਬੇਂਗਲੂਰ ਕੈਂਟ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 06259 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 06260 ਆਉਣਾ | ਜਾਣਾ |
|---|---|---|---|---|
| --- | --- | ਬੇਂਗਲੂਰ ਕੈਂਟ | 19:45 | --- |
| --- | 07:00 | ਯਸ਼ਵੰਤਪੁਰ | --- | --- |
| 03:00 | --- | ਹ. ਨਿਜ਼ਾਮੁਦੀਨ | --- | 23:50 |

ਚਲਨ ਦੇ ਦਿਨ : 06259 ਯਸ਼ਵੰਤਪੁਰ ਤੋਂ ਮਿਤੀ 07.12.2025 (ਐਤਵਾਰ) ਅਤੇ 06260 ਹ. ਨਿਜ਼ਾਮੁਦੀਨ ਤੋਂ ਮਿਤੀ 09.12.2025 (ਮੰਗਲਵਾਰ) ਨੂੰ।
ਜਗ੍ਹਾਂ : ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ
ਠਹਿਰਾਵ : ਯੇਲਹੰਕਾ, ਧਰਮਾਵਰਮ ਜੰ:, ਅਨੰਤਪੁਰ, ਡੋਨ, ਕਰਨੂਰਲੂ ਸਿਟੀ, ਕਾਚੀਗੁਡਾ, ਕਾਜੀਪੇਟ, ਬਲਹਾਰਸ਼ਾਹ, ਨਾਗਪੁਰ, ਭੋਪਾਲ ਜੰ:, ਬੀਨਾ ਜੰ:, ਵੀਰਾਂਗਨਾ ਲਖਸ਼ਮੀਬਾਈ ਝਾਂਸੀ, ਗਵਾਲੀਅਰ, ਆਗਰਾ ਕੈਂਟ ਅਤੇ ਮਥੁਰਾ ਜੰ: ਸਟੇਸ਼ਨ।

**04474/04473 ਗਾਜੀਆਬਾਦ - ਸਹਾਰਨਪੁਰ - ਗਾਜੀਆਬਾਦ ਅਣਰਿਜ਼ਰਵ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04474 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04473 ਆਉਣਾ | ਜਾਣਾ |
|---|---|---|---|---|
| --- | 05:15 | ਗਾਜੀਆਬਾਦ | 17:20 | --- |
| 08:45 | --- | ਸਹਾਰਨਪੁਰ | --- | 14:00 |

ਚਲਨ ਦੇ ਦਿਨ : 04474 ਗਾਜੀਆਬਾਦ ਤੋਂ ਅਤੇ 04473 ਸਹਾਰਨਪੁਰ ਤੋਂ ਮਿਤੀ 09.12.2025 (ਐਤਵਾਰ) ਨੂੰ।
ਜਗ੍ਹਾਂ : ਜਨਰਲ
ਠਹਿਰਾਵ : ਨਵਾਂ ਗਾਜੀਆਬਾਦ, ਗੁਲਧਰ, ਦੁਹਾਈ, ਮੁਰਾਦਨਗਰ, ਮੋਦੀਨਗਰ, ਮੋਹਿਉਦੀਨਪੁਰ, ਪਰਤਾਪੁਰ, ਮੇਰਠ ਸਿਟੀ, ਮੇਰਠ ਕੈਂਟ, ਪਾਬਲੀ ਖਾਸ, ਦੋਰਾਲਾ, ਸਕੋਤੀ ਟਾਂਡਾ, ਖਤੋਲੀ, ਮਨਸੂਰਪੁਰ, ਜੜੋਦਾ ਨਾਰਾ, ਮੁਜ਼ੱਫਰਨਗਰ, ਬਾਮਨਹੇਰੀ, ਰੋਹਾਨਾ ਕਲਾਂ, ਦੇਵਬੰਦ, ਤਲਹੇਡੀ ਬਜੁਰਗ, ਨਾਗਲ ਅਤੇ ਟਪਰੀ ਸਟੇਸ਼ਨ।

**04476/04475 ਗਾਜੀਆਬਾਦ - ਸਹਾਰਨਪੁਰ - ਗਾਜੀਆਬਾਦ ਅਣਰਿਜ਼ਰਵ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04476 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04475 ਆਉਣਾ | ਜਾਣਾ |
|---|---|---|---|---|
| --- | 16:30 | ਗਾਜੀਆਬਾਦ | 16:00 | --- |
| 20:00 | --- | ਸਹਾਰਨਪੁਰ | --- | 12:30 |

ਚਲਨ ਦੇ ਦਿਨ : 04476 ਗਾਜੀਆਬਾਦ ਤੋਂ ਅਤੇ 04475 ਸਹਾਰਨਪੁਰ ਤੋਂ ਮਿਤੀ 09.12.2025 (ਐਤਵਾਰ) ਨੂੰ।
ਜਗ੍ਹਾਂ : ਜਨਰਲ
ਠਹਿਰਾਵ : ਨਵਾਂ ਗਾਜੀਆਬਾਦ, ਗੁਲਧਰ, ਦੁਹਾਈ, ਮੁਰਾਦਨਗਰ, ਮੋਦੀਨਗਰ, ਮੋਹਿਉਦੀਨਪੁਰ, ਪਰਤਾਪੁਰ, ਮੇਰਠ ਸਿਟੀ, ਮੇਰਠ ਕੈਂਟ, ਪਾਬਲੀ ਖਾਸ, ਦੋਰਾਲਾ, ਸਕੋਤੀ ਟਾਂਡਾ, ਖਤੋਲੀ, ਮਨਸੂਰਪੁਰ, ਜੜੋਦਾ ਨਾਰਾ, ਮੁਜ਼ੱਫਰਨਗਰ, ਬਾਮਨਹੇਰੀ, ਰੋਹਾਨਾ ਕਲਾਂ, ਦੇਵਬੰਦ, ਤਲਹੇਡੀ ਬਜੁਰਗ, ਨਾਗਲ ਅਤੇ ਟਪਰੀ ਸਟੇਸ਼ਨ।

**02417/02418 ਪ੍ਰਯਾਗਰਾਜ ਜੰ: - ਨਵੀਂ ਦਿੱਲੀ - ਪ੍ਰਯਾਗਰਾਜ ਜੰ: ਵਿਸ਼ੇਸ਼ ਰੇਲਗੱਡੀ** — 03 ਫੇਰੇ

| ਗੱਡੀ ਨੰ: 02417 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 02418 ਆਉਣਾ | ਜਾਣਾ |
|---|---|---|---|---|
| --- | 23:20 | ਪ੍ਰਯਾਗਰਾਜ ਜੰ: | 04:30 | --- |
| 11:40 | --- | ਨਵੀਂ ਦਿੱਲੀ | --- | 14:00 |

ਚਲਨ ਦੇ ਦਿਨ : 02417 ਪ੍ਰਯਾਗਰਾਜ ਜੰ: ਤੋਂ ਮਿਤੀ 08.12.2025 (ਸੋਮਵਾਰ) ਅਤੇ 02418 ਨਵੀਂ ਦਿੱਲੀ ਤੋਂ ਮਿਤੀ 07 ਅਤੇ 09.12.2025 (ਐਤਵਾਰ ਅਤੇ ਮੰਗਲਵਾਰ) ਨੂੰ।
ਜਗ੍ਹਾਂ : ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਫਤੇਹਪੁਰ, ਗੋਬਿੰਦਪੁਰੀ, ਇਟਾਵਾ, ਟੁੰਡਲਾ ਅਤੇ ਅਲੀਗੜ੍ਹ ਸਟੇਸ਼ਨ।

**02275/02276 ਪ੍ਰਯਾਗਰਾਜ ਜੰ: - ਨਵੀਂ ਦਿੱਲੀ - ਪ੍ਰਯਾਗਰਾਜ ਜੰ: ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 02275 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 02276 ਆਉਣਾ | ਜਾਣਾ |
|---|---|---|---|---|
| --- | 23:20 | ਪ੍ਰਯਾਗਰਾਜ ਜੰ: | 04:30 | --- |
| 11:40 | --- | ਨਵੀਂ ਦਿੱਲੀ | --- | 14:00 |

ਚਲਨ ਦੇ ਦਿਨ : 02275 ਪ੍ਰਯਾਗਰਾਜ ਜੰ: ਤੋਂ ਮਿਤੀ 07.12.2025 (ਐਤਵਾਰ) ਅਤੇ 02276 ਨਵੀਂ ਦਿੱਲੀ ਤੋਂ ਮਿਤੀ 08.12.2025 (ਸੋਮਵਾਰ)ਨੂੰ।
ਜਗ੍ਹਾਂ : ਪਹਿਲੀ ਵਾਤਾ., 3 ਟੀਯਰ ਵਾਤਾ., 3 ਟੀਯਰ ਵਾਤਾ.,ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਫਤੇਹਪੁਰ, ਗੋਬਿੰਦਪੁਰੀ, ਇਟਾਵਾ, ਟੁੰਡਲਾ ਅਤੇ ਅਲੀਗੜ੍ਹ ਸਟੇਸ਼ਨ।

**01082/01081 ਬਨਾਰਸ - ਲੋਕਮਾਨਯ ਤਿਲਕ (ਟ) - ਬਨਾਰਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 01082 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 01081 ਆਉਣਾ | ਜਾਣਾ |
|---|---|---|---|---|
| --- | 19:40 | ਬਨਾਰਸ | 16:05 | --- |
| 19:55 | 20:05 | ਵਾਰਾਣਸੀ ਜੰ: | 15:25 | 15:35 |
| 06:25 | --- | ਲੋਕਮਾਨਯ ਤਿਲਕ (ਟ) | --- | 08:25 |

ਚਲਨ ਦੇ ਦਿਨ : 01082 ਬਨਾਰਸ ਤੋਂ ਮਿਤੀ 07.12.2025 (ਐਤਵਾਰ) ਅਤੇ 01081 ਲੋਕਮਾਨਯ ਤਿਲਕ (ਟ) ਤੋਂ ਮਿਤੀ 09.12.2025 (ਮੰਗਲਵਾਰ) ਨੂੰ।
ਜਗ੍ਹਾਂ : ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਵਾਰਾਣਸੀ ਜੰ:, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ, ਸਤਨਾ, ਮੈਹਰ, ਕਟਨੀ, ਜਬਲਪੁਰ, ਨਰਸਿੰਘਪੁਰ, ਪਿਪਰਿਯਾ, ਇਟਾਰਸੀ ਜੰ:, ਖੰਡਵਾ, ਭੁਸਾਵਲ ਜੰ:, ਨਾਸ਼ਿਕ ਰੋਡ ਅਤੇ ਕਲਿਆਣ ਜੰ: ਸਟੇਸ਼ਨ।

**02559/02560 ਬਨਾਰਸ - ਆਨੰਦ ਵਿਹਾਰ (ਟ) - ਬਨਾਰਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 02559 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 02560 ਆਉਣਾ | ਜਾਣਾ |
|---|---|---|---|---|
| --- | 20:15 | ਬਨਾਰਸ | 04:15 | --- |
| 10:30 | --- | ਆਨੰਦ ਵਿਹਾਰ (ਟ) | --- | 12:20 |

ਚਲਨ ਦੇ ਦਿਨ : 02559 ਬਨਾਰਸ ਤੋਂ ਮਿਤੀ 07.12.2025 (ਐਤਵਾਰ) ਅਤੇ 02560 ਆਨੰਦ ਵਿਹਾਰ (ਟ) ਤੋਂ ਮਿਤੀ 08.12.2025 (ਸੋਮਵਾਰ) ਨੂੰ।
ਜਗ੍ਹਾਂ : ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਝਾਨਪੁਰ ਰੋਡ, ਪ੍ਰਯਾਗਰਾਜ ਜੰ:, ਗੋਬਿੰਦਪੁਰੀ ਅਤੇ ਗਾਜੀਆਬਾਦ ਸਟੇਸ਼ਨ।

**08760/08761 ਦੁਰਗ - ਹ. ਨਿਜ਼ਾਮੁਦੀਨ - ਦੁਰਗ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 08760 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 08761 ਆਉਣਾ | ਜਾਣਾ |
|---|---|---|---|---|
| --- | 10:45 | ਦੁਰਗ | 15:00 | --- |
| 11:10 | --- | ਹ. ਨਿਜ਼ਾਮੁਦੀਨ | --- | 12:30 |

ਚਲਨ ਦੇ ਦਿਨ : 08760 ਦੁਰਗ ਤੋਂ ਮਿਤੀ 07.12.2025 (ਐਤਵਾਰ) ਅਤੇ 08761 ਹ. ਨਿਜ਼ਾਮੁਦੀਨ ਤੋਂ ਮਿਤੀ 08.12.2025 (ਸੋਮਵਾਰ) ਨੂੰ।
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਇਕੋਨਾਮੀ ਅਤੇ ਸਲੀਪਰ
ਠਹਿਰਾਵ : ਰਾਯਪੁਰ ਜੰ:, ਉਸਲਾਪੁਰ, ਪੇਨਡਰਾ ਰੋਡ, ਅਨੂਪਪੁਰ ਜੰ:, ਸ਼ਹਡੋਲ, ਉਮਰਿਯਾ, ਕਟਨੀ ਮੁੜਵਾਰਾ, ਦਮੋਹ, ਸਾਗਰ, ਵੀਰਾਂਗਨਾ ਲਖਸ਼ਮੀ ਝਾਂਸੀ ਅਤੇ ਆਗਰਾ ਕੈਂਟ ਸਟੇਸ਼ਨ।

**08403/08404 ਪੁਰੀ - ਦਿੱਲੀ ਜੰ: - ਭੁਵਨੇਸ਼ਵਰ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 08403 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 08404 ਆਉਣਾ | ਜਾਣਾ |
|---|---|---|---|---|
| --- | 11:45 | ਪੁਰੀ | --- | --- |
| 12:50 | 12:55 | ਭੁਵਨੇਸ਼ਵਰ | 22:00 | --- |
| 13:30 | --- | ਦਿੱਲੀ ਜੰ: | --- | 18:30 |

ਚਲਨ ਦੇ ਦਿਨ : 08403 ਪੁਰੀ ਤੋਂ ਮਿਤੀ 08.12.2025 (ਸੋਮਵਾਰ) ਅਤੇ 08404 ਦਿੱਲੀ ਜੰ: ਤੋਂ ਮਿਤੀ 09.12.2025 (ਮੰਗਲਵਾਰ) ਨੂੰ।
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਜਨਰਲ
ਠਹਿਰਾਵ : ਖੋਰਧਾ ਰੋਡ, ਭੁਵਨੇਸ਼ਵਰ, ਕਟਕ, ਜਾਜਪੁਰ, ਕੇਨਦੁਰਝਰ ਰੋਡ, ਭਦਰਕ, ਬਾਲੇਸ਼ਵਰ, ਜਲੇਸ਼ਵਰ, ਹਿਜਲੀ, ਮੇਦਿਨੀਪੁਰ, ਵਿਸ਼ਨੂਪੁਰ, ਬਾਂਕੁਡਾ ਜੰ:, ਆਦਰਾ ਜੰ:, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋ, ਪਾਰਸਨਾਥ, ਕੋਡਰਮਾ, ਗਯਾ, ਡੇਹਰੀ ਓਨ ਸੋਨ, ਸਾਸਾਰਾਮ, ਪੰ. ਦੀਨ ਦਯਾਲ ਉਪਾਦਯੇ ਜੰ:, ਮਿਰਜਾਪੁਰ, ਪ੍ਰਯਾਗਰਾਜ ਜੰ:, ਫਤੇਹਪੁਰ, ਕਾਨਪੁਰ ਸੈਂਟਰਲ, ਟੁੰਡਲਾ ਅਤੇ ਅਲੀਗੜ੍ਹ ਜੰ: ਸਟੇਸ਼ਨ।

**04206/04205 ਵਾਰਾਣਸੀ ਜੰ: - ਨਵੀਂ ਦਿੱਲੀ - ਵਾਰਾਣਸੀ ਜੰ: ਰਿਜ਼ਰਵ ਸੁਪਰਫਾਸਟ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04206 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04205 ਆਉਣਾ | ਜਾਣਾ |
|---|---|---|---|---|
| --- | 14:50 | ਵਾਰਾਣਸੀ ਜੰ: | 01:20 | --- |
| 05:15 | --- | ਨਵੀਂ ਦਿੱਲੀ | --- | 10:55 |

ਚਲਨ ਦੇ ਦਿਨ : 04206 ਵਾਰਾਣਸੀ ਜੰ: ਤੋਂ ਮਿਤੀ 07.12.2025 (ਐਤਵਾਰ) ਅਤੇ 04205 ਨਵੀਂ ਦਿੱਲੀ ਤੋਂ ਮਿਤੀ 08.12.2025 (ਸੋਮਵਾਰ) ਨੂੰ।
ਜਗ੍ਹਾਂ : ਪਹਿਲੀ ਵਾਤਾ., 2 ਟੀਯਰ ਵਾਤਾ., 3 ਟੀਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਮਾਂ ਬੇਲਯਾ ਦੇਵੀ ਧਾਮ ਪ੍ਰਤਾਪਗੜ੍ਹ ਜੰ:, ਰਾਯਬਰੇਲੀ ਜੰ:, ਲਖਨਊ ਜੰ:, ਬਰੇਲੀ, ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।

**04462/04461 ਨਵੀਂ ਦਿੱਲੀ - ਹਾਵੜਾ ਜੰ: - ਨਵੀਂ ਦਿੱਲੀ ਰਿਜ਼ਰਵ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04462 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04461 ਆਉਣਾ | ਜਾਣਾ |
|---|---|---|---|---|
| --- | 18:15 | ਨਵੀਂ ਦਿੱਲੀ | 08:20 | --- |
| 23:30 | --- | ਹਾਵੜਾ ਜੰ: | --- | 01:30 |

ਚਲਨ ਦੇ ਦਿਨ : 04462 ਨਵੀਂ ਦਿੱਲੀ ਤੋਂ ਮਿਤੀ 07.12.2025 (ਐਤਵਾਰ) ਅਤੇ 04461 ਹਾਵੜਾ ਜੰ: ਤੋਂ ਮਿਤੀ 09.12.2025 (ਮੰਗਲਵਾਰ) ਨੂੰ।
ਜਗ੍ਹਾਂ : 3 ਟੀਯਰ ਵਾਤਾ. ਇਕੋਨਾਮੀ
ਠਹਿਰਾਵ : ਗਾਜੀਆਬਾਦ, ਅਲੀਗੜ੍ਹ ਜੰ:, ਟੁੰਡਲਾ ਜੰ:, ਇਟਾਵਾ ਜੰ:, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਜੰਘਈ ਜੰ:, ਵਾਰਾਣਸੀ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਓਨ ਸੋਲ, ਅਨੁਗ੍ਰਹਿ ਨਾਰਾਯਣ ਰੋਡ, ਗਯਾ ਜੰ:, ਕੋਡਰਮਾ, ਪਾਰਸਨਾਥ, ਧਨਬਾਦ, ਆਸਨਸੋਲ ਜੰ:, ਦੁਰਗਾਪੁਰ, ਵਰਧਮਾਨ ਅਤੇ ਬੈਂਡੇਲ ਸਟੇਸ਼ਨ।

**04580 ਚੰਡੀਗੜ੍ਹ - ਤਿਰੂਵਨਤਪੁਰਮ ਸੈਂਟਰਲ ਰਿਜ਼ਰਵ ਸੁਪਰਫਾਸਟ ਵਿਸ਼ੇਸ਼ ਰੇਲਗੱਡੀ** — 01 ਫੇਰਾ

| ਸਟੇਸ਼ਨ | ਗੱਡੀ ਨੰ: 04580 ਆਉਣਾ | ਜਾਣਾ |
|---|---|---|
| ਚੰਡੀਗੜ੍ਹ | --- | 07:15 |
| ਤਿਰੂਵਨੰਤਪੁਰਮ ਸੈਂਟਰਲ | 14:45 | --- |

ਚਲਨ ਦੇ ਦਿਨ : 04580 ਚੰਡੀਗੜ੍ਹ ਤੋਂ ਮਿਤੀ 07.12.2025 (ਐਤਵਾਰ) ਨੂੰ।
ਜਗ੍ਹਾਂ : 3 ਟੀਯਰ ਵਾਤਾ. ਇਕੋਨਾਮੀ, ਸਲੀਪਰ ਅਤੇ ਜਨਰਲ
ਠਹਿਰਾਵ : ਅੰਬਾਲਾ ਕੈਂਟ ਜੰ:, ਸਹਾਰਨਪੁਰ ਜੰ:, ਮੇਰਠ ਸਿਟੀ ਜੰ:, ਗਾਜੀਆਬਾਦ ਜੰ:, ਹ. ਨਿਜ਼ਾਮੁਦੀਨ ਜੰ:, ਕੋਟਾ ਜੰ:, ਰਤਲਾਮ ਜੰ:, ਵਡੋਦਰਾ ਜੰ:, ਉਘਨਾ ਜੰ:, ਬਸਈ ਰੋਡ, ਪਨਵੇਲ, ਰੋਹਾ, ਰਤਨਾਗਿਰੀ, ਥਿਵਿਮ, ਮਡਗਾਂਵ ਜੰ:, ਕਾਰਵਾਰ, ਕੁਮਤਾ, ਮੂਕਾਬਿਕਾ ਰੋਡ ਬੈਨਦੂਰ, ਕੁਨਦਾਪੁਰਾ, ਉਡਪੀ, ਮੰਗਲੂਰ ਜੰ:, ਕਾਸਰਗੋਡ, ਕੰਨੂਰ, ਕੋਝੀਕੋਡ, ਪੋਰਨੂਰ ਜੰ:, ਤ੍ਰਿਸ਼ਸ਼ੂਰ, ਆਲੁਵਾ, ਏਰਣਾਕੁਲਮ ਟਾਊਨ, ਕੋਟਟਾਯਮ, ਚੇਂਗਨੂਰ, ਕਾਯਮਕੁਲਮ, ਕੋਲਲਮ ਜੰ: ਅਤੇ ਵਰਕਲਾ ਸ਼ਿਵਗਿਰੀ ਸਟੇਸ਼ਨ।

**04004/04003 ਨਵੀਂ ਦਿੱਲੀ - ਮੁੰਬਈ ਸੈਂਟਰਲ - ਨਵੀਂ ਦਿੱਲੀ ਰਿਜ਼ਰਵ ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04004 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04003 ਆਉਣਾ | ਜਾਣਾ |
|---|---|---|---|---|
| --- | 22:40 | ਨਵੀਂ ਦਿੱਲੀ | 20:50 | --- |
| 21:00 | --- | ਮੁੰਬਈ ਸੈਂਟਰਲ | --- | 23:30 |

ਚਲਨ ਦੇ ਦਿਨ : 04004 ਨਵੀ ਦਿੱਲੀ ਤੋਂ ਮਿਤੀ 07.12.2025 (ਐਤਵਾਰ) ਨੂੰ ਅਤੇ 04003 ਮੁੰਬਈ ਸੈਂਟਰਲ ਤੋਂ ਮਿਤੀ 08.12.2025 (ਸੋਮਵਾਰ) ਨੂੰ।
ਜਗ੍ਹਾਂ : 3 ਟੀਯਰ ਵਾਤਾ. ਇਕੋਨਾਮੀ
ਠਹਿਰਾਵ : ਮਥੁਰਾ, ਕੋਟਾ, ਨਾਗਦਾ, ਰਤਲਾਮ, ਵਡੋਦਰਾ, ਸੂਰਤ ਅਤੇ ਬੋਰੀਵਲੀ ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।

ਉਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉੱਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਰੂਸ ਭਾਰਤ ਨੂੰ ਬਿਨਾਂ ਰੁਕਾਵਟ ਤੇਲ ਸਪਲਾਈ ਪ੍ਰਦਾਨ ਕਰਨ ਲਈ ਤਿਆਰ: ਪੁਤਿਨ



**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਭਾਰਤ ਦੇ ਦੌਰੇ 'ਤੇ ਹਨ। ਇਸ ਦੌਰਾਨ ਸ਼ੁੱਕਰਵਾਰ ਨੂੰ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿਖੇ ਰਸਮੀ ਸਵਾਗਤ ਅਤੇ ਤਿੰਨੋਂ ਸੈਨਾਵਾਂ ਦਾ ਗਾਰਡ ਆਫ਼ ਆਨਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ 23ਵੀਂ ਭਾਰਤ-ਰੂਸ ਸਿਖਰ ਵਾਰਤਾ ਹੋਈ, ਜਿਸ ਦੌਰਾਨ ਦੋਵਾਂ ਦੇਸ਼ਾਂ ਨੇ ਕਈ ਅਹਿਮ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਅਤੇ ਕਈ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕੀਤੀ।

ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਯੂਕਰੇਨ ਸੰਘਰਸ਼ ਦਾ ਮੁੱਦਾ ਉਠਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਦੁਨੀਆ ਨੂੰ ਸ਼ਾਂਤੀ ਵੱਲ ਪਰਤਣਾ ਚਾਹੀਦਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਰਤ ਨਿਰਪੱਖ ਨਹੀਂ ਹੈ, ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਦੁਵੱਲੇ ਸਬੰਧਾਂ ਨੂੰ ਹੋਰ ਵਧਣਾ ਚਾਹੀਦਾ ਹੈ ਅਤੇ ਨਵੀਆਂ ਉਚਾਈਆਂ ਨੂੰ ਛੂਹਣਾ ਚਾਹੀਦਾ ਹੈ। ਰਾਸ਼ਟਰਪਤੀ ਪੁਤਿਨ ਨੇ ਸ਼ਾਂਤੀ ਦੀਆਂ ਕੋਸ਼ਿਸ਼ਾਂ ਪ੍ਰਤੀ ਭਾਰਤ ਦੇ ਧਿਆਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸੰਘਰਸ਼ ਦੇ ਸ਼ਾਂਤੀਪੂਰਨ ਹੱਲ ਲਈ ਕੰਮ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸਿਖਰ ਵਾਰਤਾ ਦੌਰਾਨ ਦੋਵਾਂ ਦੇਸ਼ਾਂ ਨੇ ਕਈ ਅਹਿਮ ਖੇਤਰਾਂ ਵਿੱਚ ਸਬੰਧਾਂ ਨੂੰ ਮਜ਼ਬੂਤ ??ਕਰਨ 'ਤੇ ਜ਼ੋਰ ਦਿੱਤਾ। ਰਾਸ਼ਟਰਪਤੀ ਪੁਤਿਨ ਨੇ ਕਿਹਾ ਕਿ ਰੂਸ, ਭਾਰਤ ਅਤੇ ਹੋਰ ਸਮਾਨ ਸੋਚ ਵਾਲੇ ਰਾਸ਼ਟਰ ਇੱਕ ਨਿਆਂਪੂਰਨ ਅਤੇ ਬਹੁ-ਧਰੁਵੀ ਸੰਸਾਰ ਲਈ ਕੰਮ ਕਰ ਰਹੇ ਹਨ।

ਉਨ੍ਹਾਂ ਦਾ ਇਹ ਬਿਆਨ ਅਮਰੀਕਾ ਵੱਲੋਂ ਲਗਾਏ ਗਏ ਟੈਕਸ ਅਤੇ ਹੋਰ ਚੁਣੌਤੀਆਂ ਦੇ ਮੱਦੇਨਜ਼ਰ ਆਇਆ ਹੈ। ਪੁਤਿਨ ਨੇ ਇਹ ਵੀ ਦੱਸਿਆ ਕਿ ਰੂਸ ਭਾਰਤ ਨਾਲ ਨਵੇਂ ਅੰਤਰਰਾਸ਼ਟਰੀ ਲੌਜਿਸਟਿਕਸ ਰੂਟ ਬਣਾਉਣ 'ਤੇ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ-ਰੂਸ ਦੀ ਦੋਸਤੀ ਪਿਛਲੇ ਅੱਠ ਦਹਾਕਿਆਂ ਤੋਂ ਧਰੂ-ਤਾਰੇ ਵਾਂਗ ਅਡੋਲ ਰਹੀ ਹੈ ਅਤੇ ਆਪਸੀ ਸਤਿਕਾਰ ਅਤੇ ਡੂੰਘੇ ਵਿਸ਼ਵਾਸ 'ਤੇ ਅਧਾਰਤ ਉਨ੍ਹਾਂ ਦੇ ਸਬੰਧ ਹਮੇਸ਼ਾ ਸਮੇਂ ਦੀ ਪ੍ਰੀਖਿਆ 'ਤੇ ਖਰੇ ਉਤਰੇ ਹਨ। ਦੋਵਾਂ ਨੇਤਾਵਾਂ ਨੇ 2030 ਤੱਕ ਵਪਾਰ ਨੂੰ ਵਧਾਉਣ ਲਈ ਇੱਕ ਆਰਥਿਕ ਸਹਿਯੋਗ ਪ੍ਰੋਗਰਾਮ 'ਤੇ ਵੀ ਸਹਿਮਤੀ ਪ੍ਰਗਟਾਈ।ਊਰਜਾ ਸੁਰੱਖਿਆ ਨੂੰ ਭਾਰਤ-ਰੂਸ ਭਾਈਵਾਲੀ ਦਾ ਇੱਕ ਮਜ਼ਬੂਤ ?ਸ਼ਤੰਭ ਦੱਸਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਾਗਰਿਕ ਪਰਮਾਣੂ ਊਰਜਾ ਦੇ ਖੇਤਰ ਵਿੱਚ ਦਹਾਕਿਆਂ ਪੁਰਾਣਾ ਸਹਿਯੋਗ ਸਾਡੀਆਂ ਸਾਂਝੀਆਂ ਤਰਜੀਹਾਂ ਲਈ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਜਿੱਤ-ਜਿੱਤ ਵਾਲਾ ਸਹਿਯੋਗ ਜਾਰੀ ਰਹੇਗਾ। ਮੋਦੀ ਨੇ ਨਾਜ਼ੁਕ ਖਣਿਜਾਂ (Critical Minerals) ਦੇ ਖੇਤਰ ਵਿੱਚ ਸਹਿਯੋਗ ਨੂੰ ਵਧਾਉਣ 'ਤੇ ਵੀ ਜ਼ੋਰ ਦਿੱਤਾ, ਕਿਉਂਕਿ ਇਹ ਸਵੱਛ ਊਰਜਾ, ਉੱਚ-ਤਕਨੀਕੀ ਨਿਰਮਾਣ ਅਤੇ ਨਵੇਂ-ਯੁੱਗ ਦੇ ਉਦਯੋਗਾਂ ਵਿੱਚ ਭਾਈਵਾਲੀ ਲਈ ਠੋਸ ਸਮਰਥਨ ਪ੍ਰਦਾਨ ਕਰੇਗਾ।ਇਸੇ ਦੌਰਾਨ ਰਾਸ਼ਟਰਪਤੀ ਪੁਤਿਨ ਨੇ ਕਿਹਾ ਕਿ ਰੂਸ ਭਾਰਤ ਨੂੰ ਬਿਨਾਂ ਰੁਕਾਵਟ ਈਂਧਨ ਸਪਲਾਈ ਪ੍ਰਦਾਨ ਕਰਨ ਲਈ ਤਿਆਰ ਹੈ ਅਤੇ ਉਹ ਊਰਜਾ ਖੇਤਰ ਵਿੱਚ ਸਹਿਯੋਗ ਵਧਾਉਣ 'ਤੇ ਵਿਚਾਰ ਕਰ ਰਹੇ ਹਨ। ਪੁਤਿਨ ਨੇ ਛੋਟੇ ਮਾਡਿਊਲਰ ਪਰਮਾਣੂ ਰਿਐਕਟਰਾਂ ਅਤੇ ਫਲੋਟਿੰਗ ਪਰਮਾਣੂ ਪਾਵਰ ਪਲਾਂਟਾਂ ਦੇ ਨਿਰਮਾਣ ਵਿੱਚ ਸਹਿਯੋਗ ਦੀ ਸੰਭਾਵਨਾ ਬਾਰੇ ਵੀ ਗੱਲ ਕੀਤੀ। ਇਸ ਤੋਂ ਇਲਾਵਾ ਭਾਰਤੀ ਫਰਮਾਂ ਨੇ ਰੂਸ ਦੀ ਯੂਰਲਕੇਮ ਨਾਲ ਰੂਸ ਵਿੱਚ ਯੂਰੀਆ ਪਲਾਂਟ ਸਥਾਪਤ ਕਰਨ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ।ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦ ਦੇ ਮੁੱਦੇ ਨੂੰ ਉਠਾਉਂਦੇ ਹੋਏ ਕਿਹਾ ਕਿ ਚਾਹੇ ਉਹ ਪਹਿਲਗਾਮ ਅੱਤਵਾਦੀ ਹਮਲਾ ਹੋਵੇ ਜਾਂ ਮਾਸਕੋ ਦੇ ਕ੍ਰੋਕਸ ਸਿਟੀ ਹਾਲ 'ਤੇ ਕਾਇਰਾਨਾ ਹਮਲਾ, ਅਜਿਹੀਆਂ ਸਾਰੀਆਂ ਘਟਨਾਵਾਂ ਦੀ ਜੜ੍ਹ ਇੱਕ ਹੀ ਹੈ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਨੇ ਦੁਵੱਲੇ ਭੁਗਤਾਨ ਨਿਪਟਾਰਿਆਂ ਲਈ ਹੌਲੀ-ਹੌਲੀ ਰਾਸ਼ਟਰੀ ਮੁਦਰਾਵਾਂ ਦੀ ਵਰਤੋਂ ਵੱਲ ਵਧਣ 'ਤੇ ਸਹਿਮਤੀ ਪ੍ਰਗਟਾਈ।

ਇਸ ਮੌਕੇ ਬੰਦਰਗਾਹ ਅਤੇ ਸ਼ਿਪਿੰਗ ਸੈਕਟਰ ਵਿੱਚ ਸਹਿਯੋਗ ਲਈ ਇੱਕ ਸਮਝੌਤਾ ਵੀ ਹੋਇਆ। ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਹੁਣ ਧਰੁਵੀ ਪਾਣੀਆਂ ਵਿੱਚ ਭਾਰਤੀ ਸਮੁੰਦਰੀ ਜਹਾਜ਼ਾਂ ਦੇ ਸਿਖਲਾਈ 'ਤੇ ਸਹਿਯੋਗ ਕਰਨਗੇ, ਜਿਸ ਨਾਲ ਨਾ ਸਿਰਫ਼ ਆਰਕਟਿਕ ਖੇਤਰ ਵਿੱਚ ਸਹਿਯੋਗ ਮਜ਼ਬੂਤ ?ਹੋਵੇਗਾ, ਸਗੋਂ ਭਾਰਤ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

# ਲੋਕ ਸਭਾ 'ਚ ਦੀਪਮ ਵਿਵਾਦ ਨੂੰ ਲੈ ਕੇ ਡੀਐੱਮਕੇ ਮੈਂਬਰਾਂ ਵੱਲੋਂ ਵਿਰੋਧ



**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਾਮਿਲਨਾਡੂ ਵਿੱਚ ਦੀਵਾ ਜਗਾਉਣ ਦੇ ਵਿਵਾਦ ਨੂੰ ਲੈ ਕੇ ਡੀਐੱਮਕੇ ਮੈਂਬਰਾਂ ਦੇ ਵਿਰੋਧ ਕਾਰਨ ਸ਼ੁੱਕਰਵਾਰ ਨੂੰ ਲੋਕ ਸਭਾ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਸੀ। ਜਿਸ ਉਪਰੰਤ ਸਦਨ ਮੁੜ ਜੁੜਿਆ।

ਡੀਐੱਮਕੇ ਦੀ ਅਗਵਾਈ ਵਾਲੀ ਤਾਮਿਲਨਾਡੂ ਸਰਕਾਰ ਨੇ ਮਦਰਾਸ ਹਾਈ ਕੋਰਟ ਦੇ ਉਸ ਹੁਕਮ ਵਿਰੁੱਧ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਹੈ, ਜਿਸ ਵਿੱਚ ਅਰੁਲਮੀਘੂ ਸੁਬਰਾਮਨੀਆ ਸਵਾਮੀ ਮੰਦਰ ਦੇ ਸ਼ਰਧਾਲੂਆਂ ਨੂੰ ਦਰਗਾਹ ਦੇ ਨੇੜੇ ਥਿਰੂਪਰਾਨਕੁੰਦਰਮ ਪਹਾੜੀ 'ਤੇ ਸਥਿਤ ਇੱਕ ਪੱਥਰ ਦੇ ਦੀਵੇ ਦੇ ਥੰਮ੍ਹ 'ਦੀਪਥੂਨ' 'ਤੇ ਰਵਾਇਤੀ 'ਕਾਰਥਿਗਈ ਦੀਪਮ' ਦੀਵਾ ਜਗਾਉਣ ਦੀ ਇਜਾਜ਼ਤ ਦਿੱਤੀ ਗਈ ਸੀ।

ਡੀਐੱਮਕੇ ਮੈਂਬਰਾਂ ਨੇ ਸਦਨ ਵਿੱਚ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਵਿੱਚੋਂ ਕੁਝ ਨੇ ਸਦਨ ਦੇ ਵਿਚਕਾਰ ਜਾ ਕੇ ਵੀ ਵਿਰੋਧ ਪ੍ਰਦਰਸ਼ਨ ਕੀਤਾ। ਸਪੀਕਰ ਓਮ ਬਿਰਲਾ ਨੇ ਵਿਰੋਧ ਕਰ ਰਹੇ ਮੈਂਬਰਾਂ ਨੂੰ ਦੱਸਿਆ ਕਿ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕੀਤੀ।

ਪ੍ਰਸ਼ਨ ਕਾਲ ਦੌਰਾਨ, ਘੱਟੋ-ਘੱਟ ਚਾਰ ਪ੍ਰਸ਼ਨ ਅਤੇ ਉਨ੍ਹਾਂ ਦੇ ਪੂਰਕ ਪ੍ਰਸ਼ਨ (supplementaries) ਲਏ ਗਏ। ਵਿਰੋਧ ਪ੍ਰਦਰਸ਼ਨ ਜਾਰੀ ਰਹਿਣ ਕਾਰਨ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

# ਦੋ ਘੰਟੇ ਰੇਲਾਂ ਰੋਕਣ ਲਈ ਕਿਸਾਨ ਮਜ਼ਦੂਰਾਂ ਵੱਲੋਂ ਲੀਹਾਂ 'ਤੇ ਧਰਨਾ



**ਤਰਨ ਤਾਰਨ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਮਜਦੂਰ ਮੋਰਚਾ ਦੇ ਸੱਦੇ ਤੇ ਅੱਜ ਜਿਲ੍ਹੇ ਅੰਦਰ ਇਕ ਵਜੇ ਤੋਂ ਤਿੰਨ ਵਜੇ ਤੱਕ ਦੋ ਘੰਟੇ ਲਈ ਰੇਲਾਂ ਰੋਕੀਆਂ ਗਈਆਂ ਅਤੇ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕਿਸਾਨਾਂ-ਮਜਦੂਰਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਲਈ ਅੱਜ ਤੜਕਸਾਰ ਜਥੇਬੰਦੀ ਦੇ ਆਗੂ ਸਵਿੰਦਰ ਸਿੰਘ ਚੁਤਾਲਾ, ਹਰਜਿੰਦਰ ਸਿੰਘ ਸ਼ਕਰੀ, ਫਤਿਹ ਸਿੰਘ ਪਿੱਦੀ ਸਮੇਤ ਹੋਰਨਾਂ ਦੇ ਘਰਾਂ 'ਤੇ ਛਾਪਾਮਾਰੀ ਕੀਤੀ ਪਰ ਆਗੂ ਜਾਣਕਾਰੀ ਮਿਲਣ ਤੇ ਗੁਪਤ ਠਿਕਾਨਿਆਂ ਤੇ ਲੁਕ ਗਏ ਸਨ। ਜਿਲ੍ਹੇ ਅੰਦਰ ਇਸ ਕਾਰਵਾਈ ਦੀ ਅਗਵਾਈ ਕਿਸਾਨ ਮਜਦੂਰ ਸੰਘਰਸ਼ ਕਮੇਟੀ, ਪੰਜਾਬ ਦੇ ਜਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਨੇ ਕੀਤੀ। ਕਿਸਾਨਾਂ ਮਜਦੂਰਾਂ ਨੇ ਅੰਮ੍ਰਿਤਸਰ-ਖੇਮਕਰਨ, ਤਰਨ ਤਾਰਨ -ਬਿਆਸ ਰੇਲਾਂ ਰੋਕਣ ਲਈ ਪਿੰਡ ਮਲਮੋਹਰੀ ਦੀ ਰੇਲ ਪਟੜੀ ਤੇ ਧਰਨੇ ਦਿੱਤੇ। ਧਰਨਾਕਾਰੀਆਂ ਨੂੰ ਸਤਨਾਮ ਸਿੰਘ ਮਾਨੋਚਾਹਲ ਤੋਂ ਇਲਾਵਾ ਜਥੇਬੰਦੀ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਸ਼ਕਰੀ, ਫਤਿਹ ਸਿੰਘ ਪਿੱਦੀ, ਜਰਨੈਲ ਸਿੰਘ ਨੂਰਦੀ, ਬਲਜੀਤ ਸਿੰਘ ਝਬਾਲ ਸਮੇਤ ਹੋਰਨਾਂ ਨੇ ਸੰਬੋਧਨ ਕੀਤਾ।

# ਇੰਡੀਗੋ ਦੀਆਂ ਅੱਜ ਫਿਰ 500 ਤੋਂ ਵੱਧ ਉਡਾਨਾਂ ਰੱਦ

**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਰ ਵਿਚ ਇੰਡੀਗੋ ਹਵਾਈ ਉਡਾਣਾਂ ਦਾ ਸੰਕਟ ਹੋਰ ਵਧ ਗਿਆ ਹੈ। ਇੰਡੀਗੋ ਦੀਆਂ ਅੱਜ ਪੰਜ ਸੌ ਦੇ ਕਰੀਬ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਸਵਾ ਦੋ ਸੌ ਉਡਾਨਾਂ ਦਿੱਲੀ ਤੇ 102 ਉਡਾਨਾਂ ਬੰਗਲੂਰੂ ਵਿਚ ਰੱਦ ਕੀਤੀਆਂ ਗਈਆਂ ਹਨ। ਕਈ ਉਡਾਨਾਂ ਹੋਰ ਹਵਾਈ ਅੱਡਿਆਂ 'ਤੇ ਵੀ ਰੱਦ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਹੈਦਰਾਬਾਦ ਤੇ ਪੁਣੇ ਵਿਚ 32-32 ਉਡਾਨਾਂ ਸ਼ਾਮਲ ਹਨ। ਵੱਡੀ ਗਿਣਤੀ ਉਡਾਨਾਂ ਦੇਰੀ ਨਾਲ ਵੀ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਦਿੱਲੀ ਹਵਾਈ ਅੱਡੇ ਨੇ ਸ਼ੁੱਕਰਵਾਰ ਨੂੰ ਯਾਤਰੀਆਂ ਲਈ ਸਲਾਹ ਜਾਰੀ ਕਰਦਿਆਂ ਯਾਤਰੀਆਂ ਨੂੰ ਕੁਝ ਘਰੇਲੂ ਉਡਾਨਾਂ ਪ੍ਰਭਾਵਿਤ ਹੋਣ ਦੀਆਂ ਚੁਣੌਤੀਆਂ ਪ੍ਰਤੀ ਸੁਚੇਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਏਅਰਲਾਈਨ ਦੀਆਂ ਲਗਾਤਾਰ ਚੌਥੇ ਦਿਨ ਉਡਾਨਾਂ ਪ੍ਰਭਾਵਿਤ ਹੋ ਰਹੀਆਂ ਹਨ। ਇਹ ਏਅਰਲਾਈਨ ਪਾਇਲਟਾਂ ਤੇ ਅਮਲੇ ਦੀ ਘਾਟ ਨਾਲ ਜੂਝ ਰਹੀ ਹੈ।

ਦਿੱਲੀ ਹਵਾਈ ਅੱਡੇ ਨੇ ਕਿਹਾ, 'ਕ੍ਰਿਪਾ ਕਰਕੇ ਧਿਆਨ ਰੱਖੋ ਕਿ ਕੁਝ ਘਰੇਲੂ ਸੇਵਾਵਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਸੰਚਾਲਨ ਚੁਣੌਤੀਆਂ ਦੇ ਨਤੀਜੇ ਵਜੋਂ ਉਡਾਣ ਵਿੱਚ ਦੇਰੀ ਹੋ ਸਕਦੀ ਹੈ ਅਤੇ ਕਈ ਉਡਾਨਾਂ ਰੱਦ ਹੋ ਰਹੀਆਂ ਹਨ। ਅਸੀਂ ਯਾਤਰੀਆਂ ਨੂੰ ਹਵਾਈ ਅੱਡੇ ਲਈ ਰਵਾਨਗੀ ਤੋਂ ਪਹਿਲਾਂ ਆਪਣੀ ਏਅਰਲਾਈਨ ਨਾਲ ਸਿੱਧੇ ਤੌਰ 'ਤੇ ਆਪਣੀ ਉਡਾਣ ਸਥਿਤੀ ਦੀ ਪੁਸ਼ਟੀ ਕਰਨ ਦੀ ਜ਼ੋਰਦਾਰ ਸਿਫਾਰਸ਼ ਕਰਦੇ ਹਾਂ। ਸਾਡੀਆਂ ਸਮਰਪਿਤ ਟੀਮਾਂ ਯਾਤਰੀਆਂ ਦੇ ਆਰਾਮਦਾਇਕ ਸਫਰ ਨੂੰ ਯਕੀਨੀ ਬਣਾਉਣ ਲਈ ਸਾਰੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ।'



ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਯਮਿਤ ਤੌਰ 'ਤੇ ਸਬੰਧਤ ਏਅਰਲਾਈਨਾਂ ਨਾਲ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਅਤੇ ਖੱਜਲ-ਖੁਆਰੀ ਤੋਂ ਬਚਣ ਲਈ ਉਸ ਅਨੁਸਾਰ ਯੋਜਨਾ ਬਣਾਉਣ।

ਦੂਜੇ ਪਾਸੇ ਯਾਤਰੀਆਂ ਨੇ ਏਅਰਲਾਈਨ ਤੇ ਹਵਾਈ ਅੱਡਾ ਪ੍ਰਬੰਧਕਾਂ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਹਵਾਈ ਉਡਾਨਾਂ ਵਿਚ ਦੇਰੀ ਬਾਰੇ ਉਨ੍ਹਾਂ ਨੂੰ ਸੂਚਿਤ ਵੀ ਨਹੀਂ ਕੀਤਾ ਰਿਹਾ ਤੇ ਉਹ ਖੱਜਲ ਖੁਆਰ ਹੋ ਰਹੇ ਹਨ।

# ਡਿਲਿਵਰੀ ਕਰਨ ਵਾਲੇ ਨੌਜਵਾਨਾਂ ਦੀ ਹਾਲਤ ਦਿਹਾੜੀਦਾਰਾਂ ਨਾਲੋਂ ਵੀ ਮਾੜੀ: ਰਾਘਵ ਚੱਢਾ

**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਸ਼ੁੱਕਰਵਾਰ ਨੂੰ ਰਾਜ ਸਭਾ ਵਿੱਚ ਆਰਡਰ ਦੇਣ ਤੋਂ ਬਾਅਦ ਦਸ ਮਿੰਟ ਦੇ ਅੰਦਰ ਜਾਂ ਜਲਦੀ ਤੋਂ ਜਲਦੀ ਸੇਵਾਵਾਂ ਦੇਣ ਵਾਲੇ 'ਡਿਲਿਵਰੀ ਬੁਆਏ (ਸਪਲਾਈ ਕਰਨ ਵਾਲੀਆਂ ਕੰਪਨੀਆਂ ਦੇ ਨੁਮਾਇੰਦੇ)' ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ।



ਉਨ੍ਹਾਂ ਕਿਹਾ ਕਿ ਭਾਰਤੀ ਅਰਥਵਿਵਸਥਾ ਦੇ ਇਨ੍ਹਾਂ ਅਣਦੇਖੇ ਪਹੀਆਂ ਦੀ ਚੁੱਪ ਦੇ ਪਿੱਛੇ ਰੁਜ਼ਗਾਰ ਦੀ ਲੋੜ ਅਤੇ ਉਸ ਨੂੰ ਲੈ ਕੇ ਫੈਲੀ ਅਸੁਰੱਖਿਆ ਇਨ੍ਹਾਂ ਨੂੰ ਆਪਣੀ ਜਾਨ ਜੋਖਮ ਵਿੱਚ ਪਾਉਣ ਲਈ ਮਜਬੂਰ ਕਰਦੀ ਹੈ। ਸਿਫ਼ਰ ਕਾਲ ਦੌਰਾਨ ਇਹ ਮੁੱਦਾ ਉਠਾਉਂਦੇ ਹੋਏ ਚੱਢਾ ਨੇ ਕਿਹਾ, ÷ਜ਼ੋਮੈਟੋ, ਸਵਿਗੀ ਦੇ ਡਿਲਿਵਰੀ ਬੁਆਏ, ਓਲਾ ਅਤੇ ਊਬਰ ਦੇ ਡਰਾਈਵਰ, ਬਲਿੰਕਿਟ ਅਤੇ ਜ਼ੈਪਟੋ ਦੇ ਰਾਈਡਰ ਅਤੇ ਅਰਬਨ ਕੰਪਨੀ ਦੇ ਪਲੰਬਰ ਜਾਂ ਬਿਊਟੀਸ਼ੀਅਨ ਭਾਵੇਂ 'ਗਿਗ ਵਰਕਰ' ਹਨ ਪਰ ਅਸਲ ਵਿੱਚ ਇਹ ਲੋਕ ਭਾਰਤੀ ਅਰਥਵਿਵਸਥਾ ਦੇ ਅਣਦੇਖੇ ਪਹੀਏ ਹਨ।÷

ਉਨ੍ਹਾਂ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਵਿੱਚ ਅਹਿਮ ਬਦਲਾਅ ਲਿਆਉਣ ਵਾਲੀਆਂ ਈ-ਕਾਮਰਸ ਅਤੇ ਇੰਸਟਾ ਡਿਲਿਵਰੀ ਕੰਪਨੀਆਂ ਇਨ੍ਹਾਂ ਖਾਮੋਸ਼ ਕਰਮਚਾਰੀਆਂ ਦੀ ਬਦੌਲਤ ਅਰਬਾਂ ਰੁਪਏ ਕਮਾ ਚੁੱਕੀਆਂ ਹਨ ਅਤੇ ਕਮਾ ਰਹੀਆਂ ਹਨ, ਪਰ ਇਹ ਬਦਲਾਅ ਲਿਆਉਣ ਵਾਲੇ ਅਤੇ ਇਨ੍ਹਾਂ ਕੰਪਨੀਆਂ ਨੂੰ ਅਰਬਪਤੀ ਬਣਾਉਣ ਵਾਲੇ ਕਾਮਿਆਂ ਦੀ ਹਾਲਤ ਦਿਹਾੜੀਦਾਰ ਮਜ਼ਦੂਰਾਂ ਨਾਲੋਂ ਵੀ ਬਦਤਰ ਹੈ।

ਚੱਢਾ ਨੇ ਕਿਹਾ ਕਿ ਤੇਜ਼ ਰਫ਼ਤਾਰ ਅਤੇ ਸਪਲਾਈ ਦੇ ਸਮੇਂ ਦੇ ਦਬਾਅ ਕਾਰਨ ਇਹ 'ਗਿਗ ਵਰਕਰ' ਸੋਚਦਾ ਹੈ ਕਿ ਜੇਕਰ ਦੇਰ ਹੋਈ ਤਾਂ ਰੇਟਿੰਗ ਡਿੱਗ ਜਾਵੇਗੀ, ਪ੍ਰੋਤਸਾਹਨ ਰਾਸ਼ੀ ਕੱਟ ਜਾਵੇਗੀ, ਐਪ ਲੌਗਆਊਟ ਕਰ ਦੇਵੇਗਾ ਜਾਂ ਆਈ.ਡੀ. ਬਲੌਕ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਇਸੇ ਡਰ ਕਾਰਨ ਉਹ ਲਾਲ ਬੱਤੀ ਨੂੰ ਅਣਦੇਖਾ ਕਰਕੇ ਆਪਣੀ ਜਾਨ ਜੋਖਮ ਵਿੱਚ ਪਾਉਂਦੇ ਹੋਏ ਜਲਦੀ ਤੋਂ ਜਲਦੀ ਸਮਾਨ ਦੀ ਸਪਲਾਈ ਕਰਨ ਦੀ ਕੋਸ਼ਿਸ਼ ਕਰਦਾ ਹੈ।

ਉਨ੍ਹਾਂ ਕਿਹਾ ਕਿ ਸਪਲਾਈ ਵਿੱਚ ਦਸ ਮਿੰਟ ਦੀ ਦੇਰੀ ਹੋਣ 'ਤੇ ਗਾਹਕ ਦੀ ਨਾਰਾਜ਼ਗੀ ਦਾ ਡਰ ਮਨ ਵਿੱਚ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਦੇਰੀ ਹੋਣ 'ਤੇ ਗਾਹਕ ਪਹਿਲਾਂ ਤਾਂ ਫੋਨ ਕਰਕੇ ਡਿਲਿਵਰੀ ਬੁਆਏ ਨੂੰ ਝਿੜਕਦਾ ਹੈ, ਫਿਰ ਉਸ ਨੂੰ ਇਹ ਕਹਿ ਕੇ ਡਰਾਉਂਦਾ ਹੈ ਕਿ ਮੈਂ ਤੁਹਾਡੀ ਸ਼ਿਕਾਇਤ ਕਰ ਦਿਆਂਗਾ ਅਤੇ ਫਿਰ ਉਸ ਨੂੰ ਇੱਕ ਸਟਾਰ ਦੀ ਰੇਟਿੰਗ ਦੇ ਕੇ ਉਸਦੀ ਮਹੀਨੇ ਭਰ ਦੀ ਮਿਹਨਤ 'ਤੇ ਪਾਣੀ ਫੇਰ ਦਿੰਦਾ ਹੈ।

ਚੱਢਾ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਕੰਮ ਰੋਜ਼ਾਨਾ 12 ਤੋਂ 14 ਘੰਟੇ ਹੁੰਦਾ ਹੈ, ਭਾਵੇਂ ਮੌਸਮ ਕੋਈ ਵੀ ਹੋਵੇ। ਉਨ੍ਹਾਂ ਕਿਹਾ, ÷ਇਨ੍ਹਾਂ ਕੋਲ ਸੁਰੱਖਿਆ ਦੇ ਉਪਕਰਨ ਵੀ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਵਿਸ਼ੇਸ਼ ਬੋਨਸ ਜਾਂ ਵਾਧੂ ਭੱਤਾ ਵੀ ਨਹੀਂ ਮਿਲਦਾ। ਇਨ੍ਹਾਂ ਲਈ 'ਕਮਾਈ ਘੱਟ, ਬੀਮਾਰੀ ਜ਼ਿਆਦਾ' ਵਾਲੀ ਹਾਲਤ ਹੈ।÷

ਉਨ੍ਹਾਂ ਕਿਹਾ, ਇਸਦੇ ਬਾਵਜੂਦ ਆਪਣਾ ਦਰਦ ਲੁਕਾ ਕੇ, ਔਖੀਆਂ ਹਾਲਤਾਂ ਵਿੱਚ, ਆਰਡਰ ਲਿਆਉਣ ਤੋਂ ਬਾਅਦ ਇਹ ਲੋਕ ਮੁਸਕਰਾ ਕੇ ਕਹਿੰਦੇ ਹਨ ਕਿ ਧੰਨਵਾਦ ਸਾਹਿਬ, ਕਿਰਪਾ ਕਰਕੇ ਪੰਜ ਸਟਾਰ ਦੀ ਰੇਟਿੰਗ ਦੇ ਦਿਓ।

# ਆਰ ਬੀ ਆਈ ਨੇ ਨੀਤੀਗਤ ਵਿਆਜ ਦਰ ਘਟਾ ਕੇ 5.25 ਫੀਸਦੀ ਕੀਤੀ, ਲੋਨ ਹੋਣਗੇ ਸਸਤੇ

**ਮੁੰਬਈ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੁਪਏ ਦੇ ਡਿੱਗਣ ਬਾਰੇ ਚਿੰਤਾਵਾਂ ਨੂੰ ਦਰਕਿਨਾਰ ਕਰਦੇ ਹੋਏ ਆਰ ਬੀ ਆਈ ਨੇ ਆਰਥਿਕ ਵਿਕਾਸ ਨੂੰ ਹੋਰ ਮਜ਼ਬੂਤ ??ਕਰਨ ਲਈ ਵਿਆਜ ਦਰ ਵਿੱਚ 25 ਆਧਾਰ ਅੰਕਾਂ ਦੀ ਕਟੌਤੀ ਕਰਕੇ ਇਸ ਨੂੰ 5.25 ਫੀਸਦੀ ਕਰ ਦਿੱਤਾ ਹੈ, ਜੋ ਕਿ ਮੌਜੂਦਾ ਵਿੱਤੀ ਸਾਲ ਦੀ ਦੂਜੀ ਤਿਮਾਹੀ ਵਿੱਚ 8.2 ਪ੍ਰਤੀਸ਼ਤ ਦੇ ਨਾਲ ਛੇ-ਤਿਮਾਹੀ ਦੇ ਉੱਚ ਪੱਧਰ 'ਤੇ ਪਹੁੰਚ ਗਿਆ ਹੈ। ਇਸ ਨਾਲ ਹਾਊਸਿੰਗ, ਆਟੋ ਅਤੇ ਵਪਾਰਕ ਕਰਜ਼ਿਆਂ ਸਮੇਤ ਪੇਸ਼ਗੀਆਂ (advances) ਦੇ ਸਸਤੇ ਹੋਣ ਦੀ ਉਮੀਦ ਹੈ।



ਮੌਜੂਦਾ ਵਿੱਤੀ ਸਾਲ ਲਈ ਪੰਜਵੀਂ ਦੋ-ਮਾਸਿਕ ਮੁਦਰਾ ਨੀਤੀ ਦਾ ਐਲਾਨ ਕਰਦਿਆਂ ਆਰ ਬੀ ਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਕਿ ਮੁਦਰਾ ਨੀਤੀ ਕਮੇਟੀ (ਐੱਮ.ਪੀ.ਸੀ. - MPC) ਨੇ ਇੱਕ ਨਿਰਪੱਖ ਰੁਖ ਨਾਲ ਥੋੜ੍ਹੇ ਸਮੇਂ ਦੇ ਉਧਾਰ ਦਰ ਜਾਂ ਰੈਪੋ ਦਰ ਨੂੰ 25 ਆਧਾਰ ਅੰਕਾਂ ਨਾਲ ਘਟਾ ਕੇ 5.25 ਫੀਸਦ ਕਰਨ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ।

ਇਹ ਦਰ ਕਟੌਤੀ ਖਪਤਕਾਰ ਮੁੱਲ ਸੂਚਕਾਂਕ (ਸੀ.ਪੀ.ਆਈ) 'ਤੇ ਅਧਾਰਤ ਪਰਚੂਨ ਮਹਿੰਗਾਈ ਦੇ ਪਿਛਲੇ ਤਿੰਨ ਮਹੀਨਿਆਂ ਤੋਂ ਸਰਕਾਰ ਦੁਆਰਾ ਲਾਜ਼ਮੀ 2 ਫੀਸਦੀ ਦੀ ਹੇਠਲੀ ਸੀਮਾ ਤੋਂ ਹੇਠਾਂ ਰਹਿਣ ਤੋਂ ਬਾਅਦ ਕੀਤੀ ਗਈ ਹੈ। ਇਸ ਤੋਂ ਇਲਾਵਾ ਭਾਰਤੀ ਅਰਥਵਿਵਸਥਾ ਨੇ ਦੂਜੀ ਤਿਮਾਹੀ ਵਿੱਚ ਉਮੀਦ ਤੋਂ ਬਿਹਤਰ 8.2 ਪ੍ਰਤੀਸ਼ਤ ਦੀ ਜੀ.ਡੀ.ਪੀ. ਵਿਕਾਸ ਦਰ ਦਰਜ ਕੀਤੀ ਹੈ। ਹਾਲਾਂਕਿ, ਰੁਪਿਆ ਇਸ ਹਫ਼ਤੇ ਦੇ ਸ਼ੁਰੂ ਵਿੱਚ ਇਤਿਹਾਸਕ ਹੇਠਲੇ ਪੱਧਰ 'ਤੇ ਡਿੱਗ ਗਿਆ ਅਤੇ ਇੱਕ ਡਾਲਰ ਦੇ ਮੁਕਾਬਲੇ 90 ਨੂੰ ਪਾਰ ਕਰ ਗਿਆ, ਜਿਸ ਨਾਲ ਆਯਾਤ ਮਹਿੰਗਾ ਹੋ ਗਿਆ ਅਤੇ ਮਹਿੰਗਾਈ ਵਧਣ ਦਾ ਖ਼ਤਰਾ ਪੈਦਾ ਹੋ ਗਿਆ। ਇਸ ਸਾਲ ਹੁਣ ਤੱਕ ਰੁਪਏ ਵਿੱਚ ਕਰੀਬ 5 ਫੀਸਦੀ ਦੀ ਗਿਰਾਵਟ ਆਈ ਹੈ।

ਆਰ ਬੀ ਆਈ ਨੇ ਮੌਜੂਦਾ ਵਿੱਤੀ ਸਾਲ ਲਈ ਵਿਕਾਸ ਦਰ ਦਾ ਅਨੁਮਾਨ ਪਹਿਲਾਂ ਦੇ 6.8 ਪ੍ਰਤੀਸ਼ਤ ਤੋਂ ਵਧਾ ਕੇ 7.3 ਪ੍ਰਤੀਸ਼ਤ ਕਰ ਦਿੱਤਾ ਹੈ।

**ਰੈਪੋ ਦਰ ਵਿੱਚ ਕਟੌਤੀ ਦੇ ਆਮ ਲੋਕਾਂ ਲਈ ਫਾਇਦੇ**

ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਨੇ ਰੈਪੋ ਦਰ (Repo Rate) ਨੂੰ 25 ਬੇਸਿਸ ਪੁਆਇੰਟ (bps) ਘਟਾ ਕੇ 5.25 ਫੀਸਦੀ ਕਰ ਦਿੱਤਾ ਹੈ। ਇਹ ਫੈਸਲਾ ਦੇਸ਼ ਦੀ ਆਰਥਿਕ ਵਿਕਾਸ ਦਰ ਨੂੰ ਹੋਰ ਹੁਲਾਰਾ ਦੇਣ ਲਈ ਲਿਆ ਗਿਆ ਹੈ, ਜੋ ਕਿ ਪਹਿਲਾਂ ਹੀ 8.2% ਦੇ ਛੇ-ਤਿਮਾਹੀ ਦੇ ਉੱਚ ਪੱਧਰ 'ਤੇ ਹੈ।

**ਕਿੰਨਾ ਸਸਤਾ ਹੋਵੇਗਾ ?**

ਜਿੰਨੇ ਬੇਸਿਸ ਪੁਆਇੰਟ ਰੈਪੋ ਦਰ ਘਟਾਈ ਗਈ ਹੈ, ਲਗਪਗ ਓਨੇ ਹੀ ਬੇਸਿਸ ਪੁਆਇੰਟ (ਜਾਂ ਇਸ ਤੋਂ ਥੋੜ੍ਹਾ ਘੱਟ) ਬੈਂਕ ਆਪਣੀਆਂ ਕਰਜ਼ਾ ਦਰਾਂ ਵਿੱਚ ਕਟੌਤੀ ਕਰਦੇ ਹਨ। ਉਦਾਹਰਨ ਵਜੋਂ ਜੇ ਤੁਹਾਡਾ ਹੋਮ ਲੋਨ 8.75 ਫੀਸਦੀ ਦੀ ਦਰ 'ਤੇ ਹੈ, ਤਾਂ ਇਹ ਸੰਭਾਵਤ ਤੌਰ 'ਤੇ ਘੱਟ ਕੇ 8.50 ਫੀਸਦ ਦੇ ਆਸ-ਪਾਸ ਹੋ ਸਕਦਾ ਹੈ।

# ਪਰਿਸ਼ਦ ਚੋਣਾਂ 'ਚ ਜਾਗ੍ਰਿਤੀ ਲਈ ਕਾਂਗਰਸ ਵੱਲੋਂ ਹਾਈਕੋਰਟ 'ਚ ਪਟੀਸ਼ਨ ਦਾਇਰ

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਅੱਜ ਕਾਂਗਰਸ ਪਾਰਟੀ ਨੇ ਵੀ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਸਬੰਧੀ ਹੋਈ ਜ਼ਿਆਦਤੀ ਦੇ ਮਾਮਲੇ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਤੇ ਸੋਮਵਾਰ ਨੂੰ ਸੁਣਵਾਈ ਹੋਵੇਗੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਹ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਚ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣ ਦੀ ਤਰੀਕ 'ਚ ਵਾਧੇ ਦੀ ਮੰਗ ਕੀਤੀ ਗਈ ਹੈ। ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੀ ਹਾਈਕੋਰਟ 'ਚ ਪਹੁੰਚ ਕਰ ਚੁੱਕਾ ਹੈ।

ਪੰਜਾਬ ਕਾਂਗਰਸ ਦੇ ਬੁਲਾਰੇ ਐਡਵੋਕੇਟ ਅਰਸ਼ਪ੍ਰੀਤ ਸਿੰਘ ਖਡਿਆਲ ਨੇ ਦੱਸਿਆ ਕਿ ਚੀਫ਼ ਜਸਟਿਸ ਵੱਲੋਂ ਸੋਮਵਾਰ ਨੂੰ ਮਾਮਲੇ ਦੀ ਸੁਣਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਟੀਸ਼ਨ 'ਚ ਤਿੰਨ ਮੰਗਾਂ ਉਠਾਈਆਂ ਗਈਆਂ ਹਨ। ਖਡਿਆਲ ਨੇ ਦੱਸਿਆ ਕਿ ਪਟੀਸ਼ਨ 'ਚ ਕਿਹਾ ਹੈ ਕਿ ਬਹੁਤੇ ਸਾਰੇ ਵਿਰੋਧੀ ਉਮੀਦਵਾਰ ਪੰਜਾਬ ਪੁਲੀਸ ਦੀਆਂ ਰੁਕਾਵਟਾਂ ਕਰਕੇ ਕਾਗ਼ਜ਼ ਦਾਖਲ ਨਹੀਂ ਕਰ ਸਕੇ ਹਨ ਜਿਸ ਕਰਕੇ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖ਼ਰੀ ਤਰੀਕ 'ਚ ਵਾਧਾ ਕੀਤਾ ਜਾਵੇ।

ਪਟੀਸ਼ਨ 'ਚ ਮੰਗ ਕੀਤੀ ਹੈ ਕਿ ਚੋਣਾਂ ਲਈ ਕਾਗ਼ਜ਼ ਦਾਖਲ ਕਰਨ ਦੌਰਾਨ ਜਿਨ੍ਹਾਂ ਪੁਲੀਸ ਅਫ਼ਸਰਾਂ ਵੱਲੋਂ ਉਮੀਦਵਾਰਾਂ ਨਾਲ ਧੱਕੇਸ਼ਾਹੀ ਕੀਤੀ ਗਈ ਹੈ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਇਨ੍ਹਾਂ ਚੋਣਾਂ ਨੂੰ ਨਿਰਪੱਖ ਤੇ ਸੁਤੰਤਰ ਤਰੀਕੇ ਨਾਲ ਕਰਾਉਣ ਲਈ ਇੱਕ ਕਮੇਟੀ ਬਣੇ ਜਾਂ ਫਿਰ ਅਬਜ਼ਰਵਰ ਤਾਇਨਾਤ ਕੀਤੇ ਜਾਣ।

# ਵੜਿੰਗ ਵੱਲੋਂ ਪੁਲਿਸ ਅ.ਫਸਰਾਂ ਨੂੰ ਲਲਕਾਰ

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 'ਚ ਕਾਂਗਰਸੀ ਉਮੀਦਵਾਰਾਂ ਨਾਲ ਹੋਈ ਧੱਕੇਸ਼ਾਹੀ ਦੇ ਹਵਾਲੇ ਨਾਲ ਪੁਲੀਸ ਅਫ਼ਸਰ ਨੂੰ ਚਿਤਾਵਨੀ ਦਿੱਤੀ ਹੈ ਕਿ 'ਆਪ' ਸਰਕਾਰ ਦੇ ਪਿੱਠੂ ਬਣੇ ਅਫ਼ਸਰਾਂ ਨੂੰ ਨਾ ਉਹ ਭੁੱਲਣਗੇ ਅਤੇ ਨਾ ਹੀ ਮੁਆਫ਼ ਕਰਨਗੇ।



ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ 'ਚ ਮੁਨੀਸ਼ ਸਿਸੋਦੀਆ ਦੇ 'ਸਾਮ, ਦਾਮ, ਦੰਡ, ਭੇਦ' ਦੇ ਹੁਕਮਾਂ 'ਤੇ ਪਹਿਰਾ ਦੇ ਰਹੀ ਹੈ ਜਿਸ ਦਾ ਨਮੂਨਾ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ 'ਚ ਦੇਖਣ ਨੂੰ ਮਿਲਿਆ ਹੈ। ਵੜਿੰਗ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ 'ਚ ਅਰਾਜਕਤਾ ਫੈਲਾਉਣ ਦੇ ਰਾਹ ਪਈ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਹਾਰ ਦੇ ਡਰੋਂ ਸੂਬਾ ਸਰਕਾਰ ਇਹ ਚੋਣਾਂ ਕਰਾਉਣਾ ਨਹੀਂ ਚਾਹੁੰਦੀ ਸੀ ਪ੍ਰੰਤੂ ਅਦਾਲਤੀ ਹੁਕਮਾਂ ਕਰਕੇ ਸਰਕਾਰ ਨੂੰ ਚੋਣਾਂ ਕਰਾਉਣੀਆਂ ਪਈਆਂ ਹਨ। ਵੜਿੰਗ ਨੇ ਕਿਹਾ ਕਿ ਹੁਣ ਸਰਕਾਰ ਜ਼ਿਆਦਤੀ ਕਰਕੇ ਚੋਣਾਂ ਜਿੱਤਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਰੋਕਿਆ ਗਿਆ ਅਤੇ ਹੁਣ ਸਰਕਾਰ ਆਨੇ ਬਹਾਨੇ ਵਿਰੋਧੀ ਉਮੀਦਵਾਰਾਂ ਦੇ ਕਾਗ਼ਜ਼ ਵੀ ਜਾਂਚ ਮੌਕੇ ਰੱਦ ਕਰ ਸਕਦੀ ਹੈ। ਵੜਿੰਗ ਨੇ ਕਾਂਗਰਸੀ ਉਮੀਦਵਾਰਾਂ ਨਾਲ ਹੋਈ ਧੱਕੇਸ਼ਾਹੀ ਦੇ ਵੇਰਵੇ ਵੀ ਸਾਂਝੇ ਕੀਤੇ ਅਤੇ ਕਿਹਾ ਕਿ ਹਾਕਮ ਧਿਰ ਨੇ ਸਮੁੱਚੀ ਚੋਣ ਮਸ਼ੀਨਰੀ ਨੂੰ ਹਾਈਜੈਕ ਕਰ ਲਿਆ ਹੈ।

# ਗੁਰੂ ਹਰਕ੍ਰਿਸ਼ਨ ਮੈਡੀਕਲ ਇੰਸਟੀਟਿਊਟ 'ਚ ਨਵੇਂ ਕਾਰਡੀਓਲੋਜੀ ਸੈਂਟਰ ਦੀ ਤਿਆਰੀ ਜੰਗੀ ਪੱਧਰ 'ਤੇ : ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਗੁਰੂ ਹਰਕ੍ਰਿਸ਼ਨ ਇੰਸਟੀਟਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ (ਗੁਰਦੁਆਰਾ ਬਾਲਾ ਸਾਹਿਬ) ਵਿਚ ਬਣ ਰਹੇ ਨਵੇਂ ਕਾਰਡੀਓਲੋਜੀ ਸੈਂਟਰ ਦੀ ਸਮੀਖਿਆ ਕਰਨ ਲਈ ਕਲ ਇੱਥੇ ਇੱਕ ਅਹਿਮ ਮੀਟਿੰਗ ਹੋਈ।ਸਰਦਾਰ ਕਾਲਕਾ ਨੇ ਕਿਹਾ ਕਿ ਨਵੇਂ ਕਾਰਡੀਓਲੋਜੀ ਸੈਂਟਰ ਦੀਆਂ ਤਿਆਰੀਆਂ ਹੁਣ ਜ਼ੰਗੀ ਪੱਧਰ ਤੇ ਚੱਲ ਰਹੀਆਂ ਹਨ ਅਤੇ ਇਹ ਨਵਾਂ ਦਿਲ ਦਾ ਕੇਂਦਰ ਆਧੁਨਿਕ ਜਾਂਚ ਸਹੂਲਤਾਂ, ਵਿਸ਼ੇਸ਼ ਇਲਾਜ ਅਤੇ ਸੇਵਾ ਪ੍ਰਦਾਨ ਕਰੇਗਾ।

ਸਰਦਾਰ ਕਾਲਕਾ ਨੇ ਕਿਹਾ ਕਿ ਇਹ ਪ੍ਰੋਜੈਕਟ ਦਿੱਲੀ ਵਾਸੀਆਂ ਲਈ ਇੱਕ ਮਹੱਤਵਪੂਰਨ ਸਿਹਤ ਸੇਵਾ ਸਾਬਤ ਹੋਵੇਗਾ, ਅਤੇ ਇਸ ਕੇਂਦਰ ਵਿੱਚ ਦਿਲ ਦੇ ਮਰੀਜ਼ਾਂ ਲਈ ਵੱਖ-ਵੱਖ ਉੱਚ ਤਕਨੀਕੀ ਇਲਾਜ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਉਨਾਂ ਨੇ ਇਸ ਉਪਰਾਲੇ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਸੇਵਕਾਂ ਅਤੇ ਮੈਡੀਕਲ ਟੀਮ ਦਾ ਧੰਨਵਾਦ ਵੀ ਕੀਤਾ।

# ਦੋ ਕਾਰਾਂ ਦੀ ਭਿਆਨਕ ਟੱਕਰ ਵਿੱਚ ਤਿੰਨ ਔਰਤਾਂ ਸਮੇਤ 7 ਜ਼ਖ਼ਮੀ



**ਸਮਾਣਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

: ਵੀਰਵਾਰ ਦੁਪਹਿਰ ਬਾਅਦ ਸਮਾਣਾ-ਪਟਿਆਲਾ ਸੜਕ 'ਤੇ ਪੈਂਦੇ ਪਿੰਡ ਫਤਿਹਪੁਰ ਨਜ਼ਦੀਕ ਦੋ ਕਾਰਾਂ ਦੀ ਆਪਸ 'ਚ ਟੱਕਰ ਹੋ ਗਈ, ਜਿਸ ਕਾਰਨ ਤਿੰਨ ਔਰਤਾਂ ਸਮੇਤ ਸੱਤ ਵਿਅਕਤੀ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ, ਸਮਾਣਾ ਲਿਆਂਦਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ, ਪਿੰਡ ਦੁੱਗਾਲ ਦੇ ਇੱਕ ਪ੍ਰੀਵਾਰ ਦੇ ਮੈਂਬਰ ਇੱਕ ਬਜ਼ੁਰਗ ਔਰਤ ਦੀ ਮੌਤ ਤੋਂ ਬਾਅਦ ਉਸ ਦੀਆਂ ਅਸਥੀਆਂ ਪ੍ਰਵਾਹਿਤ ਕਰਨ ਲਈ ਕੀਰਤਪੁਰ ਸਾਹਿਬ ਜਾ ਰਹੇ ਸਨ ਕਿ ਸਮਾਣਾ ਨੇੜੇ ਸਾਹਮਣੇ ਤੋਂ ਆ ਰਹੀ ਇੱਕ ਕਾਰ ਨਾਲ ਟੱਕਰ ਹੋਣ ਕਾਰਨ ਇਹ ਹਾਦਸਾ ਵਾਪਰ ਗਿਆ। ਜਖਮੀਆਂ ਵਿੱਚ ਅਭਿਸ਼ੇਕ ਸਿੰਘ, ਸੰਦੀਪ ਕੌਰ, ਜਰਨੈਲ ਸਿੰਘ (ਸਾਰੇ ਪਿੰਡ ਦੁੱਗਾਲ ਦੇ ਵਸਨੀਕ), ਜਸਵਿੰਦਰ ਕੌਰ (ਪਿੰਡ ਗਾਜੇਵਾਸ), ਕਰਮਜੀਤ ਕੌਰ (ਪਿੰਡ ਮਤੀ), ਸੁਖਦੇਵ ਸਿੰਘ (ਪਿੰਡ ਕਕਰਾਲਾ), ਅਤੇ ਧਨਵੰਤ ਸਿੰਘ (ਪਿੰਡ ਰਾਏਧਰਾਣਾ) ਸ਼ਾਮਲ ਹਨ। ਹਸਪਤਾਲ ਵਿੱਚ ਜੇਰੇ ਇਲਾਜ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ, ਡਾਕਟਰਾਂ ਨੇ ਕਾਰ ਚਾਲਕ ਧਨਵੰਤ ਸਿੰਘ ਅਤੇ ਸੰਦੀਪ ਕੌਰ ਦੀ ਹਾਲਤ ਗੰਭੀਰ ਦੇਖਦਿਆਂ ਉਨ੍ਹਾਂ ਨੂੰ ਪਟਿਆਲਾ ਰੈਫਰ ਕਰ ਦਿੱਤਾ। ਇਸ ਹਾਦਸੇ ਵਿੱਚ ਕਾਰ ਵਿੱਚ ਸਵਾਰ ਦੋ ਛੋਟੇ ਬੱਚੇ ਬਿਲਕੁਲ ਸੁਰੱਖਿਅਤ ਰਹੇ।

# ਲੁਧਿਆਣਾ ਦੇ ਵਿਦਿਆਰਥੀਆਂ ਨੇ ਏਆਈ-ਯੋਗ ਕੰਪੋਸਟਿੰਗ ਇਨੋਵੇਸ਼ਨ ਨਾਲ ਸੈਮਸੰਗ ਸੋਲਵ ਫਾਰ ਟੂਮਾਰੋ 2025 ਵਿੱਚ ਜਿੱਤ ਪ੍ਰਾਪਤ ਕੀਤੀ

**ਲੁਧਿਆਣਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਅਜਿਹੇ ਦੇਸ਼ ਵਿੱਚ ਜਿੱਥੇ ਹਰ ਸਾਲ 62 ਮਿਲੀਅਨ ਟਨ ਤੋਂ ਵੱਧ ਕੂੜਾ ਪੈਦਾ ਹੁੰਦਾ ਹੈ, ਬੀਸੀਐਮ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਲੁਧਿਆਣਾ ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਤਿੱਕੜੀ ਇਹ ਸਾਬਤ ਕਰ ਰਹੀ ਹੈ ਕਿ ਤਕਨਾਲੋਜੀ ਅਤੇ ਹਮਦਰਦੀ ਅਸਲ ਤਬਦੀਲੀ ਲਿਆ ਸਕਦੇ ਹਨ। ਅਭਿਸ਼ੇਕ ਢਾਂਡਾ, ਪ੍ਰਭਕੀਰਤ ਸਿੰਘ ਅਤੇ ਰਚਿਤਾ ਚੰਡੋਕ ਨੇ 'ਪ੍ਰਿਥਵੀ ਰਕਸ਼ਕ' (ਧਰਤੀ ਦਾ ਰੱਖਿਅਕ) ਵਿਕਸਤ ਕੀਤਾ ਹੈ - ਇੱਕ ਸਮਾਰਟ, ਮਾਡਿਊਲਰ ਵਰਮੀਕੰਪੋਸਟਿੰਗ ਸਿਸਟਮ ਜੋ ਜੈਵਿਕ ਰਹਿੰਦ-ਖੂੰਹਦ ਪ੍ਰਬੰਧਨ ਨੂੰ ਸਵੈਚਾਲਿਤ ਕਰਦਾ ਹੈ ਅਤੇ ਕੂੜੇ ਨੂੰ ਵਿਕਾਸ ਵਿੱਚ ਬਦਲਦਾ ਹੈ। ਉਨ੍ਹਾਂ ਦੀ ਨਵੀਨਤਾ ਖਾਦ ਬਣਾਉਣ ਨੂੰ ਸਵੈਚਾਲਿਤ ਕਰਦੀ ਹੈ, ਪ੍ਰੋਸੈਸਿੰਗ ਸਮੇਂ ਨੂੰ, ਲਗਭਗ 50% ਘਟਾਉਂਦੀ ਹੈ। ਜੇਤੂ ਟੀਮਾਂ ਨੂੰ ਆਈਆਈਟੀ ਦਿੱਲੀ ਵਿਖੇ 1 ਕਰੋੜ ਇਨਕਿਊਬੇਸ਼ਨ ਸਹਾਇਤਾ ਪ੍ਰਾਪਤ ਹੋਈ। ਇਸ ਨਵੀਨਤਾ ਨੇ ਤਿੰਨਾਂ ਨੂੰ ਸੈਮਸੰਗ ਸਲਵ ਫਾਰ ਟੂਮਾਰੋ 2025 ਦੇ ਚਾਰ ਰਾਸ਼ਟਰੀ ਜੇਤੂਆਂ ਵਿੱਚ ਸਥਾਨ ਦਿਵਾਇਆ ਹੈ, ਜਿਸਦਾ ਵਿਸ਼ਾ ਵਾਤਾਵਰਣ ਸਥਿਰਤਾ ਦੁਆਰਾ ਤਕਨਾਲੋਜੀ ਹੈ। ਜੇਤੂ ਟੀਮਾਂ ਨੂੰ ਆਪਣੇ ਪ੍ਰੋਟੋਟਾਈਪਾਂ ਨੂੰ ਸੁਧਾਰਨ ਅਤੇ ਉਨ੍ਹਾਂ ਦੇ ਪ੍ਰਭਾਵ ਨੂੰ ਮਾਪਣ ਲਈ IIT ਦਿੱਲੀ ਦੇ FITT ਵਿਖੇ ?1 ਕਰੋੜ ਇਨਕਿਊਬੇਸ਼ਨ ਸਹਾਇਤਾ ਪ੍ਰਾਪਤ ਹੋਈ। ਅਸੀਂ ਚਾਹੁੰਦੇ ਸੀ ਕਿ ਖਾਦ ਬਣਾਉਣ ਦਾ ਕੰਮ ਤੇਜ਼, ਚੁਸਤ ਅਤੇ ਸਕੇਲੇਬਲ ਹੋਵੇ,÷ ਅਭਿਸ਼ੇਕ ਕਹਿੰਦਾ ਹੈ। ਸਾਡੀ ਸਭ ਤੋਂ ਵੱਡੀ ਸਿੱਖਿਆ ਇਹ ਸੀ ਕਿ ਹਮਦਰਦੀ ਇੱਕ ਡਿਜ਼ਾਈਨ ਟੂਲ ਹੋ ਸਕਦੀ ਹੈ, ਰਚਿਤਾ ਅੱਗੇ ਕਹਿੰਦੀ ਹੈ। ਰਵਾਇਤੀ ਵਰਮੀਕੰਪੋਸਟਿੰਗ ਵਿੱਚ 90 ਦਿਨ ਲੱਗਦੇ ਹਨ ਅਤੇ ਇਸ ਲਈ ਕਾਫ਼ੀ ਜਗ੍ਹਾ ਅਤੇ ਹੱਥੀਂ ਪ੍ਰਬੰਧਨ ਦੀ ਲੋੜ ਹੁੰਦੀ ਹੈ। ਪ੍ਰਿਥਵੀ ਰਕਸ਼ਕ ਸੈਂਸਰਾਂ, ਮਾਡਿਊਲਰ ਕੰਪਾਰਟਮੈਂਟਾਂ ਅਤੇ ਬੁੱਧੀਮਾਨ ਨਿਯੰਤਰਣਾਂ ਨੂੰ ਜੋੜ ਕੇ ਖਾਦ ਬਣਾਉਣ ਦੇ ਚੱਕਰ ਨੂੰ ਲਗਭਗ 50 ਪ੍ਰਤੀਸ਼ਤ ਘਟਾ ਦਿੰਦਾ ਹੈ, 90 ਦਿਨਾਂ ਤੋਂ ਸਿਰਫ਼ 30 ਦਿਨਾਂ ਤੱਕ - ਸ਼ਹਿਰਾਂ ਵਿੱਚ ਵੀ ਵਾਤਾਵਰਣ-ਅਨੁਕੂਲ ਰਹਿੰਦ-ਖੂੰਹਦ ਦੀ ਪ੍ਰਕਿਰਿਆ ਨੂੰ ਵਿਵਹਾਰਕ ਬਣਾਉਂਦਾ ਹੈ।



# ਟੀਐੱਸਪੀਐੱਲ ਦਾ ਸਟੱਬਲ-ਟੂ-ਬਾਇਓਫਿਊਲ ਮਾਡਲ ਮਾਨਸਾ ਵਿੱਚ ਪਰਾਲੀ ਅੱਗ ਦੇ ਮਾਮਲੇ ਅੱਧੇ

**ਬਠਿੰਡਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ: ਤਲਵੰਡੀ ਸਾਬੋ ਪਾਵਰ ਲਿਮਿਟੇਡ (ਟੀਐਸਪੀਐਲ), ਵੇਦਾਂਤਾ ਪਾਵਰ ਦਾ 1,980 ਮੇਗਾਵਾਟ ਦਾ ਸੁਪਰਕ੍ਰਿਟੀਕਲ ਥਰਮਲ ਪਾਵਰ ਪਲਾਂਟ, ਮਾਨਸਾ ਵਿੱਚ ਰਾਜ ਦਾ ਸਭ ਤੋਂ ਅਧੁਨਿਕ ਅਤੇ ਵੱਡੇ ਪੱਧਰ ਦਾ ਸਰਕੁਲਰ ਬਾਇਓਫਿਊਲ ਮਾਡਲ ਸਫਲਤਾਪੂਰਵਕ ਚਲਾ ਰਿਹਾ ਹੈ। ਇਸ ਮਾਡਲ ਨੇ ਹਵਾ ਦੀ ਗੁਣਵੱਤਾ ਵਿੱਚ ਦੇਖਣਯੋਗ ਸੁਧਾਰ ਲਿਆਂਦੇ ਹਨ।ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਅੱਗ-ਹਾਟਸਪੌਟ ਰਹੇ ਮਾਨਸਾ ਜ਼ਿਲ੍ਹੇ ਵਿੱਚ ਪਰਾਲੀ ਸਾੜਣ ਦੇ ਮਾਮਲੇ ਤੇਜ਼ੀ ਨਾਲ ਘਟੇ ਹਨ।

ਜ਼ਿਲ੍ਹਾ ਪ੍ਰਸ਼ਾਸਨ ਦੇ ਅੰਕੜਿਆਂ ਮੁਤਾਬਕ, ਮਾਨਸਾ ਵਿੱਚ ਕੱਟਾਈ ਮੌਸਮ ਦੌਰਾਨ ਪਰਾਲੀ ਸਾੜਣ ਦੇ ਕੇਸ 2023 ਦੇ 2,253 ਤੋਂ 2024 ਵਿੱਚ 618 ਤੇ ਆ ਗਏ ਅਤੇ 2025 ਵਿੱਚ ਹੋਰ ਘਟਕੇ ਕੇਵਲ 306 ਰਹਿ ਗਏ। ਇਹ ਸਿਰਫ਼ ਦੋ ਸਾਲਾਂ ਵਿੱਚ 87% ਦੀ ਕਮੀ ਅਤੇ ਕੇਵਲ ਇੱਕ ਸਾਲ ਵਿੱਚ 50.5% ਦੀ ਕਟੌਤੀ ਹੈ। ਜ਼ਿਲ੍ਹੇ ਦੇ 244 ਪਿੰਡਾਂ ਵਿੱਚੋਂ 104 ਪਿੰਡਾਂ ਨੇ 2025 ਵਿੱਚ ਇੱਕ ਵੀ ਪਰਾਲੀ ਸਾੜਣ ਦਾ ਕੇਸ ਦਰਜ ਨਹੀਂ ਕੀਤਾ, ਜਿਸ ਵਿੱਚ ਪਹਿਲਾਂ ਦੇ ਹਾਈ-ਬਰਨ ਪਿੰਡ ਹੋਰੋਂ ਕਲਾਂ ਅਤੇ ਦੋਦਰਾ ਵੀ ਸ਼ਾਮਲ ਹਨ — ਜਿੱਥੇ 2023 ਵਿੱਚ 45 ਅਤੇ 31 ਮਾਮਲੇ ਸਨ, ਜੋ ਇਸ ਸਾਲ ਜ਼ੀਰੋ ਰਹੇ।

ਜ਼ਿਲ੍ਹਾ ਮਾਨਸਾ ਦੀ ਡਿਪਟੀ ਕਮਿਸ਼ਨਰ, ਮਿਸਜ਼ ਨਵਜੋਤ ਕੌਰ, ਨੇ ਕਿਹਾ: ਜ਼ਿਲ੍ਹੇ ਵਿੱਚ ਪਰਾਲੀ ਸਾੜਣ ਰੋਕਣ ਨੂੰ ਇੱਕ ਲੰਬੇ ਸਮੇਂ ਦਾ ਸਥਾਈ ਮਾਡਲ ਬਣਾਉਣਾ ਸਾਡੀ ਪ੍ਰਾਥਮਿਕਤਾ ਰਹੀ ਹੈ। ਟੀਐਸਪੀਐਲ ਦਾ 360 ਦ੍ਰਿਸ਼ਟੀਕੋਣ — ਪਰਾਲੀ ਪ੍ਰਬੰਧਨ, ਕਿਸਾਨਾਂ ਨੂੰ ਪਰਾਲੀ ਵੇਚਣ ਲਈ ਸਹੂਲਤ ਦੇਣਾ, ਅਤੇ ਇਸਨੂੰ ਸਾਫ਼ ਊਰਜਾ ਵਿੱਚ ਬਦਲਣਾ — ਇਸ ਬਦਲਾਅ ਵਿੱਚ ਮਹੱਤਵਪੂਰਣ ਯੋਗਦਾਨ ਹੈ। ਜ਼ਿਲ੍ਹੇ ਵਿੱਚ ਅੱਗ ਦੇ ਮਾਮਲਿਆਂ ਦੀ ਤੀਵਰ ਕਮੀ ਇਸ ਸਾਂਝੇ ਯਤਨ ਦਾ ਨਤੀਜਾ ਹੈ। ਪੰਜਾਬ ਦੀ ਸਭ ਤੋਂ ਵੱਡੀ ਟੋਰਫ਼ਾਈਡ ਬਾਇਓ-ਪੈਲੇਟ ਯੂਨਿਟ ਦੀ ਸਥਾਪਨਾ ਟੀਐਸਪੀਐਲ ਦਾ ਸੁਪਰਕ੍ਰਿਟੀਕਲ ਪਲਾਂਟ ਰਵਾਇਤੀ ਬਾਇਓਮਾਸ ਨਹੀਂ ਜਲਾ ਸਕਦਾ ਅਤੇ ਇਸ ਲਈ ਇਸਨੂੰ ਉੱਚ-ਘਣਾਤਮਕ, ਕਾਰਬਨ-ਨਿਊਟ੍ਰਲ ਬਾਇਓਫਿਊਲ ਦੀ ਲੋੜ ਹੈ।ਜੋ ਬਾਜ਼ਾਰ ਵਿੱਚ ਆਸਾਨੀ ਨਾਲ ਉਪਲਬਧ ਨਹੀਂ। ਇਸ ਚੁਣੌਤੀ ਨੂੰ ਦੂਰ ਕਰਨ ਲਈ, ਟੀਐਸਪੀਐਲ ਨੇ ਆਪਣੇ ਭਰੋਸੇਯੋਗ ਭਾਗੀਦਾਰਾਂ ਦੇ ਨਾਲ ਮਿਲਕੇ ਪਲਾਂਟ ਦੇ ਨੇੜੇ ਪੰਜਾਬ ਦੀ ਸਭ ਤੋਂ ਵੱਡੀ 500 ਟਨ ਪ੍ਰਤੀ ਦਿਨ ਸਮਰੱਥਾ ਵਾਲੀ ਟੋਰਫ਼ਾਈਡ ਬਾਇਓ-ਪੈਲੇਟ ਮੈਨੂਫੈਕਚਰਿੰਗ ਯੂਨਿਟ ਕਾਇਮ ਕਰਵਾਈ। ਇਸ ਨਾਲ ਸਥਾਨਕ ਤੌਰ 'ਤੇ ਇਕੱਠੀ ਕੀਤੀ ਪਰਾਲੀ ਨੂੰ ਉੱਚ-ਮੁੱਲ ਇੰਧਨ ਵਿੱਚ ਬਦਲਿਆ ਗਿਆ ਕਿਸਾਨਾਂ ਲਈ ਗਰੰਟੀਸ਼ੁਦਾ ਖਰੀਦ ਮਾਰਕੀਟ ਉਪਲਬਧ ਹੋਈ।ਬਾਇਓਮਾਸ ਕੋ-ਫਾਇਰਿੰਗ ਨਾਲ ਵੱਡਾ ਪ੍ਰੀਵਰਤਨ ਟੀਐਸਪੀਐਲ ਨੇ 30 ਨਵੰਬਰ 2025 ਤੱਕ 2,50,330 ਮੈਟਰਿਕ ਟਨ ਤੋਂ ਵੱਧ ਬਾਇਓਮਾਸ ਕੋ-ਫਾਇਰ ਕੀਤਾ ਹੈ।

## ਕਾਂਸਲ ਫ਼ਾਉਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਨੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਸਹਿਯੋਗ ਨਾਲ ਲਗਾਇਆ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ



**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਕਾਂਸਲ ਫ਼ਾਉਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਵੱਲੋਂ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ ਅਤੇ ਸਮਾਜ ਸੇਵੀ ਸ਼੍ਰੀਮਤੀ ਸ਼ਵੇਤਾ ਜਿੰਦਲ ਨਾਲ ਮਿਲ ਕੇ ਹਰ ਵਾਰ ਦੀ ਤਰ੍ਹਾਂ ਹੀ ਇੱਕ ਹੋਰ ਮੁਫ਼ਤ ਕੈਂਪ ਲਗਾਇਆ ਗਿਆ। ਇਸ ਵਾਰ ਪਟਿਆਲਾ ਦੇ ਪਿੰਡ ਲੰਗ ਵਿੱਚ ਅੱਖਾਂ ਦੇ ਜਗਜੀਤ ਆਈ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ। ਇਸ ਦੌਰਾਨ ਲੋੜਵੰਦ ਮਰੀਜ਼ਾਂ ਦੀ ਮੁਫ਼ਤ ਵਿੱਚ ਅੱਖਾਂ ਦਾ ਚੈੱਕਅਪ ਕੀਤਾ ਗਿਆ, ਮੁਫ਼ਤ ਦਵਾਈਆਂ ਵੰਡੀਆਂ ਗਈਆਂ ਨਾਲ ਹੀ ਚਿੱਟੇ ਅਤੇ ਕਾਲੇ ਮੋਤੀਏ ਦਾ ਮੁਫ਼ਤ ਆਪ੍ਰੇਸ਼ਨ ਵੀ ਕੀਤਾ ਗਿਆ। ਇਸ ਕੈਂਪ ਦੌਰਾਨ ਲਗਭਗ 100 ਦੇ ਕਰੀਬ ਲੋੜਵੰਦ ਪਿੰਡ ਵਾਸੀਆਂ ਨੇ ਕੈਂਪ ਦਾ ਲਾਭ ਪ੍ਰਾਪਤ ਕੀਤਾ। ਇਸ ਮੌਕੇ ਡਾ. ਕਾਂਸਲ ਅਤੇ ਡਾ. ਵਰਮੀ ਨੇ ਦੱਸਿਆ ਕਿ 'ਹਰ ਨਾਗਰਿਕ ਦੀਆਂ ਅੱਖਾਂ ਸਵਸਥ ਹੋਣ', ਇਹ ਹੀ ਸਾਡੀ ਸੰਸਥਾ ਦਾ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਨਾਲ ਲਗਦੇ ਵੱਡੇ ਪਿੰਡ ਲੰਗ ਵਿੱਚ ਇਹ ਅੱਖਾਂ ਦਾ 8ਵਾਂ ਮੁਫ਼ਤ ਕੈਂਪ ਆਯੋਜਿਤ ਕੀਤਾ ਗਿਆ ਹੈ। ਇਸ ਮੌਕੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਸੀਨੀਅਰ ਮੈਂਬਰ ਮੋਹੰਮਦ ਰਮਜ਼ਾਨ ਢਿੱਲੋਂ, ਅਮਰਿੰਦਰ ਸੈਣੀ, ਐਸ ਕੇ ਪਾਠੀ, ਸੁਨੀਤਾ ਕੁਮਾਰੀ, ਪਰਮਜੀਤ ਕੌਰ ਅਤੇ ਲੰਗ ਤੋਂ ਜੰਗ ਸਿੰਘ, ਮੇਵਾ ਸਿੰਘ, ਬਲਵਿੰਦਰ ਸਿੰਘ ਖਾਸ ਤੌਰ 'ਤੇ ਮੌਜੂਦ ਰਹੇ।

# ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ-2025; ਕੁਲ 8 ਲੱਖ 88 ਹਜ਼ਾਰ 610 ਵੋਟਰ ਪਾਉਣਗੇ ਵੋਟਾਂ, 467774 ਮਰਦ, 420822 ਔਰਤਾਂ ਤੇ 14 ਥਰਡ ਜੈਂਡਰ

### ਜ਼ਿਲ੍ਹਾ ਪ੍ਰੀਸ਼ਦ ਦੇ 23 ਤੇ ਬਲਾਕ ਸੰਮਤੀਆਂ ਦੇ 184 ਜੋਨਾਂ 'ਚ ਵੰਡੀਆਂ ਜ਼ਿਲ੍ਹੇ ਦੀਆਂ 988 ਗ੍ਰਾਮ ਪੰਚਾਇਤਾਂ

**ਪਟਿਆਲਾ, 6 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪ ?ਟਿਆਲਾ ਅੰਦਰ ਜ਼ਿਲ੍ਹਾ ਪ੍ਰੀਸ਼ਦ ਦੇ 23 ਤੇ 10 ਬਲਾਕ ਸੰਮਤੀਆਂ ਦੇ 184 ਜੋਨਾਂ ਦੀਆਂ ਚੋਣਾਂ 14 ਦਸੰਬਰ ਨੂੰ ਕਰਵਾਈਆਂ ਜਾਣਗੀਆਂ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਕੁਲ 8 ਲੱਖ 88 ਹਜ਼ਾਰ 610 ਵੋਟਰ ਦਰਜ ਹਨ, ਜਿਨ੍ਹਾਂ ਵਿੱਚੋਂ 4 ਲੱਖ 67 ਹਜ਼ਾਰ 774 ਮਰਦ, 4 ਲੱਖ 20 ਹਜ਼ਾਰ 822 ਔਰਤਾਂ ਅਤੇ 14 ਥਰਡ ਜੈਂਡਰ ਵੋਟਰ ਵੋਟਾਂ ਪਾਉਣਗੇ ਅਤੇ ਚੋਣ ਸ਼ਡਿਊਲ ਅਨੁਸਾਰ ਇਨ੍ਹਾਂ ਚੋਣਾਂ ਲਈ ਸਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਤਿਆਰੀਆਂ ਜੋਰਾਂ 'ਤੇ ਕੀਤੀਆਂ ਜਾ ਰਹੀਆਂ ਹਨ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਏ.ਡੀ.ਸੀ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ 988 ਗ੍ਰਾਮ ਪੰਚਾਇਤਾਂ ਜ਼ਿਲ੍ਹਾ ਪ੍ਰੀਸ਼ਦ ਦੇ 23 ਜ਼ੋਨਾਂ ਤੇ ਬਲਾਕ ਸੰਮਤੀਆਂ ਦੇ 184 ਜੋਨਾਂ 'ਚ ਵੰਡੀਆਂ ਹੋਈਆਂ ਹਨ। ਇਸ ਤਰ੍ਹਾਂ ਪਟਿਆਲਾ ਬਲਾਕ ਸੰਮਤੀ 'ਚ ਜ਼ਿਲ੍ਹਾ ਪ੍ਰੀਸ਼ਦ ਦੇ 3 ਜੋਨ ਤੇ ਬਲਾਕ ਸੰਮਤੀ ਦੇ 16 ਜੋਨ ਹਨ, ਇੱਥੇ 83 ਗ੍ਰਾਮ ਪੰਚਾਇਤਾਂ ਤੇ 101 ਪੋਲਿੰਗ ਬੂਥ ਹਨ, ਜਿਨ੍ਹਾਂ 'ਚ 40684 ਮਰਦ, 37113 ਔਰਤ ਵੋਟਰ ਤੇ ਕੁਲ 77797 ਵੋਟਰ ਹਨ। ਪਟਿਆਲਾ ਦਿਹਾਤੀ ਬਲਾਕ ਸੰਮਤੀ 'ਚ ਜ਼ਿਲ੍ਹਾ ਪ੍ਰੀਸ਼ਦ ਦੇ 2 ਜੋਨ ਤੇ 15 ਜੋਨ ਬਲਾਕ ਸੰਮਤੀ ਦੇ ਹਨ, ਇਸ 'ਚ 60 ਗ੍ਰਾਮ ਪੰਚਾਇਤਾਂ ਤੇ 98 ਪੋਲਿੰਗ ਬੂਥ ਹਨ, ਇਸ ਬਲਾਕ 'ਚ 75570 ਕੁਲ ਵੋਟਰ ਹਨ, ਜਿਨ੍ਹਾਂ 'ਚੋਂ 39303 ਮਰਦ, 36365 ਔਰਤਾਂ ਤੇ 2 ਥਰਡ ਜੈਂਡਰ ਵੋਟਰ ਹਨ।

ਸਨੌਰ ਬਲਾਕ ਸੰਮਤੀ 'ਚ 19 ਜੋਨ ਤੇ ਜ਼ਿਲ੍ਹਾ ਪ੍ਰੀਸ਼ਦ ਦੇ 2 ਜੋਨ ਹਨ, 100 ਗ੍ਰਾਮ ਪੰਚਾਇਤਾਂ ਵਾਲੇ ਇਸ ਬਲਾਕ 'ਚ 132 ਪੋਲਿੰਗ ਬੂਥ ਤੇ ਕੁਲ ਵੋਟਰ 96301 ਹਨ, ਇਨ੍ਹਾਂ 'ਚ 50612 ਮਰਦ ਤੇ 45687 ਮਹਿਲਾ ਵੋਟਰ ਤੇ 2 ਥਰਡ ਜੈਂਡਰ ਹਨ। ਇਸੇ ਤਰ੍ਹਾਂ ਭੁੱਨਰਹੇੜੀ ਬਲਾਕ ਸੰਮਤੀ 'ਚ 19 ਜੋਨ ਤੇ ਜ਼ਿਲ੍ਹਾ ਪ੍ਰੀਸਦ ਦੇ 2 ਜੋਨ ਹਨ, ਇੱਥੇ 144 ਗ੍ਰਾਮ ਪੰਚਾਇਤਾਂ ਤੇ 132 ਪੋਲਿੰਗ ਬੂਥ ਹਨ।88170 ਕੁਲ ਵੋਟਰ, ਮਰਦ 46364, ਮਹਿਲਾ 41804 ਤੇ 2 ਥਰਡ ਜੈਂਡਰ ਵੋਟਰ ਹਨ। ਰਾਜਪੁਰਾ ਬਲਾਕ 'ਚ 15 ਜੋਨ ਤੇ ਜ਼ਿਲ੍ਹਾ ਪ੍ਰੀਸ਼ਦ ਦਾ ਇੱਕ ਜੋਨ ਤੇ 61 ਗ੍ਰਾਮ ਪੰਚਾਇਤਾਂ ਵਾਲੇ ਇਸ ਬਲਾਕ 'ਚ 83 ਪੋਲਿੰਗ ਬੂਥ, ਕੁਲ ਵੋਟਰ 46336, ਜਿਨ੍ਹਾਂ 'ਚ 24681 ਮਰਦ, 21654 ਮਹਿਲਾ ਤੇ 1 ਥਰਡ ਜੈਂਡਰ ਵੋਟਰ ਹੈ।

ਜ਼ਿਲ੍ਹਾ ਪ੍ਰੀਸ਼ਦ ਦੇ 2 ਜੋਨਾਂ ਵਾਲੇ ਬਲਾਕ ਸੰਮਤੀ ਘਨੌਰ 'ਚ 16 ਜੋਨ, 85 ਗ੍ਰਾਮ ਪੰਚਾਇਤਾਂ 129 ਬੂਥ ਤੇ ਕੁਲ ਵੋਟਰ 72663 ਹਨ, ਜਿਨ੍ਹਾਂ 'ਚ 39052 ਮਰਦ, 33611 ਮਹਿਲਾ ਵੋਟਰ ਹਨ, ਇੱਥੇ ਕੋਈ ਥਰਡ ਜੈਂਡਰ ਨਹੀਂ ਹੈ। 3 ਜ਼ਿਲ੍ਹਾ ਪ੍ਰੀਸ਼ਦ ਜੋਨਾਂ ਵਾਲੇ ਬਲਾਕ ਸ਼ੰਭੂ ਕਲਾਂ 'ਚ 19 ਜੋਨ ਹਨ। 90 ਗ੍ਰਾਮ ਪੰਚਾਇਤਾਂ ਤੇ 139 ਬੂਥ ਹਨ। ਕੁਲ ਵੋਟਰ 83065, ਮਰਦ ਵੋਟਰ 44818 ਤੇ 38247 ਮਹਿਲਾ ਤੇ ਕੋਈ ਵੋਟਰ ਥਰਡ ਜੈਂਡਰ ਨਹੀਂ ਹੈ। ਸਮਾਣਾ ਬਲਾਕ 'ਚ 15 ਜੋਨ ਤੇ ਜ਼ਿਲ੍ਹਾ ਪ੍ਰੀਸ਼ਦ ਦਾ 1 ਜੋਨ ਹੈ, 76 ਗ੍ਰਾਮ ਪੰਚਾਇਤਾਂ, 103 ਬੂਥਾਂ ਵਾਲੇ ਇਸ ਬਲਾਕ 'ਚ 68528 ਕੁਲ ਵੋਟਰ, ਜਿਨ੍ਹਾਂ 'ਚ 35748 ਮਰਦ ਤੇ 32780 ਮਹਿਲਾ ਵੋਟਰ ਹਨ, ਇੱਥੇ ਵੀ ਕੋਈ ਥਰਡ ਜੈਂਡਰ ਵੋਟਰ ਨਹੀਂ ਹੈ।

ਏ.ਡੀ.ਸੀ. ਦਮਨਜੀਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ 3 ਜ਼ਿਲ੍ਹਾ ਪ੍ਰੀਸ਼ਦ ਜੋਨਾਂ ਵਾਲੇ ਨਾਭਾ ਬਲਾਕ ਸੰਮਤੀ ਦੇ 25 ਜੋਨ ਹਨ ਅਤੇ ਇੱਥੇ 141 ਗ੍ਰਾਮ ਪੰਚਾਇਤਾਂ 175 ਪੋਲਿੰਗ ਬੂਥ ਹਨ ਅਤੇ ਕੁਲ ਵੋਟਰ 1 ਲੱਖ 26 ਹਜਾਰ 611 ਹਨ ਤੇ ਇਨ੍ਹਾਂ 'ਚ 7 ਥਰਡ ਜੈਂਡਰ ਵੋਟਰਾਂ ਸਮੇਤ 66537 ਮਰਦ ਤੇ 60067 ਮਹਿਲਾ ਵੋਟਰ ਹਨ। ਜਦੋਂਕਿ 4 ਜ਼ਿਲ੍ਹਾ ਪ੍ਰੀਸ਼ਦ ਜੋਨਾਂ ਵਾਲੇ ਪਾਤੜਾਂ ਬਲਾਕ ਸੰਮਤੀ 'ਚ 25 ਜੋਨ, 148 ਗ੍ਰਾਮ ਪੰਚਾਇਤਾਂ ਤੇ 219 ਪੋਲਿੰਗ ਬੂਥ ਹਨ। ਇੱਥੇ 1 ਲੱਖ 53 ਹਜਾਰ 569 ਕੁਲ ਵੋਟਰ ਹਨ, ਜਿਨ੍ਹਾਂ 'ਚ 79975 ਮਰਦ ਤੇ 73594 ਮਹਿਲਾ ਵੋਟਰ ਹਨ, ਇੱਥੇ ਕੋਈ ਥਰਡ ਜੈਂਡਰ ਵੋਟਰ ਨਹੀਂ ਹੈ।

## ਡਿਪਟੀ ਕਮਿਸ਼ਨਰ ਨੇ ਵਿਸ਼ਵ ਸ਼ਾਤੀ ਅਤੇ ਸਾਂਝੀਵਾਲਤਾ ਦਰਸਾਉਂਦਾ ਪੋਸਟਰ ਜਾਰੀ ਕੀਤਾ



**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਸ਼ਾਤੀ ਸਥਾਪਿਤ ਕਰਨ ਹਿੱਤ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸਦੇ ਅੰਤਰਗਤ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੰਦੇਸ਼ ਦੇਣ ਹਿੱਤ ਹਿੰਦੂ, ਮੁਸਲਮਾਨ, ਸਿੱਖ, ਇਸਾਈ ਧਰਮਾਂ ਦੇ ਤੀਰਥਾਂ ਦੀ ਯਾਦਗਾਰ ਮੰਦਿਰ, ਮਸਜਿਦ, ਗੁਰਦੁਆਰਾ ਸਾਹਿਬ, ਚਰਚ ਦੀਆਂ ਤਸਵੀਰਾਂ ਲਗੀਆਂ ਦਾ ਇੱਕ ਪੋਸਟਰ ਜਾਰੀ ਕੀਤਾ ਗਿਆ ਹੈ। ਜ਼ੋ ਕਿ ਇੱਕ ਪ੍ਰੇਰਣਾ ਸਰੋਤ ਹੈ। ਇਹ ਤਸਵੀਰਾਂ ਸਾਰੇ ਧਰਮਾਂ ਨੂੰ ਵਿਸ਼ਵ ਸੁੱਖ ਸ਼ਾਂਤੀ ਵੱਲ ਪ੍ਰੇਰਿਤ ਕਰਦੀਆਂ ਹਨ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀਆਂ ਹਨ। ਇਹ ਪੋਸਟਰ ਜ਼ਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ, ਜਗਦੀਸ਼ ਆਹੂਜਾ ਅਤੇ ਪੂਰਨ ਸਵਾਮੀ ਵਲੋਂ ਇਕਾਗਰ ਹੋ ਕੇ ਬਣਾਇਆ ਗਿਆ ਹੈ।

ਪਟਿਆਲਾ ਦੇ ਸਤਿਕਾਰਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਪ੍ਰੀਤੀ ਯਾਦਵ ਜੀ ਨੇ ਜਨਤਾ ਦੇ ਹਿੱਤ ਵਿੱਚ ਇਹ ਪੋਸਟ ਜਾਰੀ ਕੀਤਾ ਗਿਆ ਹੈ ਅਤੇ ਉਹਨਾਂ ਨੇ ਇਹ ਇਕ ਸ਼ਲਾਘਾਯੋਗ ਕਦਮ ਦੱਸਿਆ ਹੈ। ਉਪਰੰਤ ਸ੍ਰੀ ਜ਼ਸਬੀਰ ਸਿੰਘ ਪੀ.ਏ. ਟੂ ਡੀ.ਸੀ. ਸਾਹਿਬ ਵਲੋਂ ਵੀ ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਪੋਸਟਰ ਜਾਰੀ ਕੀਤਾ ਗਿਆ।

## ਜ਼ਿਲ੍ਹਾ ਪਰਿਸ਼ਦ ਉਮੀਦਵਾਰ ਹਰਜੋਤ ਮਾਂਗਟ ਅਤੇ ਬਲਾਕ ਸੰਮਤੀ ਉਮੀਦਵਾਰ ਨੇ ਕੀਤਾ ਚੋਣ ਪ੍ਰਚਾਰ ਸ਼ੁਰੂ



**ਮਾਛੀਵਾੜਾ ਸਾਹਿਬ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਰਿਸ਼ਦ ਜੋਨ ਨੀਲੋਂ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਅਤੇ ਬਲਾਕ ਸੰਮਤੀ ਜੋਨ ਨੰਬਰ 6 ਚੱਕਲੀ ਆਦਲ ਤੋਂ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਅੰਮ੍ਰਿਤਪਾਲ ਕੌਰ ਪਤਨੀ ਹਰਵਿੰਦਰ ਸਿੰਘ ਨੇ ਆਪਣੀ ਚੋਣ ਮੁਹਿੰਮ ਨੂੰ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕਰ ਦਿੱਤਾ ਹੈ। ਹਰਜੋਤ ਸਿੰਘ ਮਾਂਗਟ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ, ਕਿਉਂਕਿ ਪੰਜਾਬ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਫੇਲ੍ਹ ਸਾਬਤ ਹੋਈ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਕਾਨੂੰਨ ਵਿਵਸਥਾ ਵਿਗੜਦੀ ਜਾ ਰਹੀ ਹੈ, ਸ਼ਰੇਆਮ ਲੁੱਟਾਂ ਖੋਹਾਂ ਹੋ ਰਹੀਆਂ ਹਨ , ਥਾਂ ਥਾਂ ਗੋਲੀਬਾਰੀ ਹਰ ਰੋਜ਼ ਹੀ ਆਮ ਜਿਹੀ ਗੱਲ ਹੋ ਗਈ ਹੈ। ਪੰਜਾਬ ਦੇ ਲੋਕ ਵਿਕਾਸ ਦੇ ਮਸੀਹਾ ਸਾਬਕਾ ਮੁੱਖ ਮੰਤਰੀ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਪੰਜਾਬ ਨੂੰ ਦਿੱਤੀਆਂ ਗਈਆਂ ਸਹੂਲਤਾਂ ਨੂੰ ਯਾਦ ਕਰ ਰਹੇ ਹਨ। ਉਹਨਾਂ ਕਿਹਾ ਕਿ ਆਪ ਅਤੇ ਕਾਂਗਰਸ ਪਾਰਟੀ ਨੂੰ ਉਮੀਦਵਾਰ ਹੀ ਨਹੀਂ ਰਹੇ ਉਹ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਆਪਣੇ ਵੱਲ ਲਿਜਾ ਉਮੀਦਵਾਰ ਖੜੇ ਕਰ ਰਹੇ ਹਨ। ਉਹਨਾਂ ਅੱਜ ਆਪਣੇ ਸਾਥੀਆਂ ਸਮੇਤ ਜੋਨ ਨੰਬਰ 6 ਚੱਕਲੀ ਆਦਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅੰਮ੍ਰਿਤ ਪਾਲ ਕੌਰ ਪਤਨੀ ਹਰਵਿੰਦਰ ਸਿੰਘ ਸੋਨੂ (ਹਰੀ ਸਿੰਘ ਐਂਡ ਸੰਨਜ ਜਨਰੇਟਰਾਂ ਵਾਲੇ) ਦੀ ਚੋਣ ਮੁਹਿੰਮ ਨੂੰ ਬੇਟ ਖੇਤਰ ਦੇ ਪਿੰਡਾਂ ਵਿੱਚ ਸ਼ੁਰੂ ਕਰਦਿਆਂ ਘਰ ਘਰ ਚੋਣ ਪ੍ਰਚਾਰ ਕੀਤਾ।

## ਫਲੈਗ ਡੇਅ ਫੰਡ ਤੋਂ 6 ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਦੇ ਚੈੱਕ ਜਾਰੀ: ਵਧੀਕ ਡਿਪਟੀ ਕਮਿਸ਼ਨਰ



**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਥਿਆਰ ਬੰਦ ਸੈਨਾ ਝੰਡਾ ਦਿਵਸ ਮੌਕੇ ਜ਼ਿਲ੍ਹਾ ਰਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਕੌਰ ਨੂੰ ਟੋਕਨ ਫਲੈਗ ਲਗਾ ਕੇ ਇਸ ਮੁਹਿੰਮ ਦਾ ਆਗਾਜ਼ ਕੀਤਾ। ਇਸ ਉਪਰੰਤ ਓਹਨਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੈਨਿਕ ਬੋਰਡ ਪਟਿਆਲਾ ਦੀ ਤਿਮਾਹੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਨੇ ਵਿਭਾਗ ਵਲੋਂ ਸ਼ਹੀਦ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਪੰਜਾਬ ਸਰਕਾਰ ਅਤੇ ਕੇਂਦਰੀ ਸੈਨਿਕ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ।

ਇਸ ਤੋਂ ਇਲਾਵਾ ਉਨ੍ਹਾਂ ਵਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਦੀ ਦੋ ਕੁਆਟਰਾਂ ਦੀ ਕਾਰਗੁਜ਼ਾਰੀ ਦਾ ਵੀ ਵਿਸਥਾਰ-ਪੂਰਵਕ ਬਿਊਰਾ ਦਿੱਤਾ ਗਿਆ । ਉਨ੍ਹਾਂ ਨੇ ਹਾਲ ਵਿੱਚ ਪੰਜਾਬ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਵਿੱਚ ਕੀਤੇ ਗਏ ਵਾਧੇ ਦੀ ਵੀ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਉਨ੍ਹਾਂ ਵਲੋਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਵੀ ਵਧੀਕ ਡਿਪਟੀ ਕਮਿਸ਼ਨਰ ਅਤੇ ਮੀਟਿੰਗ ਵਿੱਚ ਮੌਜੂਦ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਜਾਣੂ ਕਰਵਾਇਆ । ਇਸ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਵਲੋਂ ਨਿਰਦੇਸ਼ ਦਿੱਤੇ ਗਏ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਭਲਾਈ ਯੋਜਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਵੇ ਅਤੇ ਇਨ੍ਹਾਂ ਭਲਾਈ ਸਕੀਮਾਂ ਜਿਵੇਂ ਪ੍ਰੀ ਰਿਕਰੂਟਮੈਂਟ ਟ੍ਰੇਨਿੰਗ ਅਤੇ ਬੇਸਿਕ ਕੰਪਿਊਟਰ ਕੋਰਸ, ਐਨ ਏ ਐਲ ਐਸ ਏ ਅਧੀਨ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਸਥਾਪਿਤ ਕੀਤੇ ਗਏ ਮੁਫਤ ਕਾਨੂੰਨੀ ਸਹਾਇਤਾ ਦਾ ਪ੍ਰਚਾਰ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰ ਇਨ੍ਹਾਂ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਇਸ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਵਲੋ ਵਿਭਾਗ ਦ ਸਾਲ 2026 ਦਾ ਟੇਬਲ ਕਲੰਡਰ ਅਤੇ ਡਾਇਰੀ ਨੂੰ ਲੋਕ ਅਰਪਨ ਕੀਤਾ ਗਿਆ। ਉਨ੍ਹਾਂ ਇਸ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਦਾਰਿਆਂ ਅਤੇ ਸਥਾਨਕ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਹਥਿਆਰਬੰਦ ਸੈਨਾ ਝੰਡਾ ਦਿਵਸ ਵਿੱਚ ਖੁੱਲ੍ਹ-ਦਿਲੀ ਨਾਲ ਵੱਧ ਤੋਂ ਵੱਧ ਯੋਗਦਾਨ ਦੇਣ। ਮੀਟਿੰਗ ਦੀ ਸਮਾਪਤੀ ਸਮੇਂ ਫਲੈਗ ਡੇਅ ਫੰਡ ਵਿਚੋਂ 06 ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਦੇ ਚੈੱਕ ਪ੍ਰਦਾਨ ਕੀਤੇ ਗਏ।

ਇਸ ਮੌਕੇ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ, ਕਰਨਲ ਜਸਬੀਰ ਸਿੰਘ (ਰਿਟਾ.) ਉੱਪ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ, ਕੈਪਟਨ ਸ਼ੀਤਲ ਕੁਮਾਰ (ਰਿਟਾ.), ਐਡਵੋਕੇਟ ਸੁਖਵੰਤ ਸਿੰਘ ਘੁੰਮਾਣ, ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਸਾਹਿਬਾਨ ਅਤੇ ਸਟਾਫ ਮੈਂਬਰ ਜ਼ਿਲ੍ਹਾ ਸੈਨਿਕ ਬੋਰਡ ਦੇ ਮੈਂਬਰ ਹਾਜ਼ਰ ਸਨ।

## ਦੂਜੇ ਦਿਨ-ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 9 ਤੇ ਬਲਾਕ ਸੰਮਤੀਆਂ ਲਈ 34 ਨਾਮਜ਼ਦਗੀਆਂ ਦਾਖਲ

**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪ ?ਟਿਆਲਾ ਅੰਦਰ 14 ਦਸੰਬਰ ਨੂੰ ਕਰਵਾਈਆਂ ਜਾਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਦੇ 23 ਤੇ 10 ਬਲਾਕ ਸੰਮਤੀਆਂ ਦੇ 184 ਜੋਨਾਂ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਦੇ ਦੂਜੇ ਦਿਨ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ 9 ਨਾਮਜ਼ਦਗੀਆਂ ਦਾਖਲ ਹੋਈਆਂ। ਜਦੋਂਕਿ ਬਲਾਕ ਸੰਮਤੀ ਚੋਣਾਂ ਲਈ ਅੱਜ 34 ਨਾਮਜ਼ਦਗੀਆਂ ਦਾਖਲ ਹੋਈਆਂ ਹਨ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਰਿਟਰਨਿੰਗ ਅਫ਼ਸਰ ਏ.ਡੀ.ਸੀ (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ ਕੋਲ 9 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਜਦੋਂ ਕਿ ਬਲਾਕ ਸੰਮਤੀ ਪਟਿਆਲਾ ਦਿਹਾਤੀ ਲਈ ਰਿਟਰਨਿੰਗ ਅਫ਼ਸਰ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਵਨੀਤ ਸਿੰਗਲਾ ਕੋਲ 7 ਨਾਮਜਦਗੀਆਂ ਜਮ੍ਹਾਂ ਹੋਈਆਂ ਹਨ।

ਉਨ੍ਹਾਂ ਹੋਰ ਦੱਸਿਆ ਕਿ ਘਨੌਰ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਪੀ.ਐਸ.ਪੀ.ਸੀ.ਐਲ ਦੇ ਵਧੀਕ ਐਸ.ਈ. ਧਰਮਵੀਰ ਕਮਲ ਕੋਲ 19 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਇਸ ਤੋਂ ਇਲਾਵਾ ਸ਼ੰਭੂ ਕਲਾਂ ਬਲਾਕ ਸੰਮਤੀ ਲਈ ਰਿਟਰਨਿੰਗ ਅਫ਼ਸਰ ਬੀ.ਐਮ.ਐਲ. ਦੇ ਕਾਰਜਕਾਰੀ ਇੰਜੀਨੀਅਰ ਗੁਰਸ਼ਰਨ ਸਿੰਘ ਵਿਰਕ ਕੋਲ 8 ਨਾਮਜ਼ਦਗੀਆਂ ਜਮ੍ਹਾਂ ਹੋਈਆਂ ਹਨ। ਜਿਕਰਯੋਗ ਹੈ ਕਿ ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖ਼ਰੀ ਮਿਤੀ 04 ਦਸੰਬਰ 2025 (ਵੀਰਵਾਰ) ਨਿਯਤ ਕੀਤੀ ਗਈ ਹੈ ਜਦਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ 06 ਦਸੰਬਰ 2025 (ਸ਼ੁੱਕਰਵਾਰ) ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਿਸ ਲੈਣ ਦੀ ਆਖ਼ਰੀ ਮਿਤੀ 06 ਦਸੰਬਰ 2025 (ਸ਼ਨੀਵਾਰ) ਸ਼ਾਮ 03 ਵਜੇ ਤੱਕ ਹੈ।

## ਸੰਯੁਕਤ ਕਿਸਾਨ ਮੋਰਚਾ ਵੱਲੋਂ ਜ਼ਮੀਨਾਂ ਬਚਾਉਣ ਲਈ ਦਿੱਤੇ ਜਾ ਰਹੇ ਧਰਨੇ ਵਿੱਚ ਟੈਕਨੀਕਲ ਸਰਵਿਸ ਯੂਨੀਅਨ ਸ਼ਮੂਲੀਅਤ ਕਰੇਗੀ



**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਨੇ ਇੱਕ ਬਿਆਨ ਰਾਹੀਂ ਦੱਸਿਆ ਕਿ ਪਟਿਆਲਾ ਸਰਕਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਹਰਜੀਤ ਸਿੰਘ, ਬਰੇਸ਼ ਕੁਮਾਰ, ਇੰਦਰਜੀਤ ਸਿੰਘ, ਭਗਵਾਨ ਸਿੰਘ, ਗੁਰਦੀਪ ਸਿੰਘ ਪੱਛਮ ਮੰਡਲ ਪਟਿਆਲਾ, ਕਰਮਜੀਤ ਸਿੰਘ, ਹੈਪੀ, ਮਹੇਸ਼ ਕੁਮਾਰ ਨੇ ਹਿੱਸਾ ਲਿਆ। ਇਸ ਵਿੱਚ ਵਿਸ਼ੇਸ਼ ਤੌਰ ਤੇ ਵਿਜੇ ਦੇਵ, ਜਤਿੰਦਰ ਸਿੰਘ ਚੱਢਾ ਅਤੇ ਗੁਰਦੀਪ ਸਿੰਘ ਪਟਿਆਲਾ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਸੰਯੁਕਤ ਕਿਸਾਨ ਮੋਰਚਾ ਵੱਲੋਂ ਸਬ ਡਵੀਜਨ ਪੱਧਰ ਤੇ ਬਿਜਲੀ ਐਕਟ 2025 ਦੀਆਂ ਅਰਥੀਆਂ ਅਤੇ ਜਮੀਨਾ ਬਚਾਉਣ ਲਈ ਦਿੱਤੇ ਜਾ ਰਹੇ ਧਰਨੇ ਵਿੱਚ ਟੈਕਨੀਕਲ ਸਰਵਿਸ ਯੂਨੀਅਨ ਦੇ ਸਾਰੇ ਕਾਮੇ ਸਬ ਡਵੀਜਨ ਪੱਧਰ ਤੇ ਸ਼ਾਮਲ ਹੋਣਗੇ। ਇਸ ਸਬੰਧੀ ਕਿਸਾਨ ਜਥੇਬੰਦੀਆਂ ਵੱਲੋਂ ਰੱਖੀ ਮੀਟਿੰਗ 03—12—2025 ਵਿੱਚ ਵੀ ਸਰਕਲ ਕਮੇਟੀ ਸ਼ਾਮਲ ਹੋਵੇਗੀ। ਇਸ ਤੋਂ ਇਲਾਵਾ ਸਰਕਲ ਕਮੇਟੀ ਨੇ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀ.ਆਰ.ਟੀ.ਸੀ. / ਪਨਬਸ ਦੇ ਕੱਚੇ ਕਾਮਿਆਂ ਉੱਤੇ ਜਬਰ ਢਾਉਣਾ ਬੰਦ ਕੀਤਾ ਜਾਵੇ। ਗ੍ਰਿਫਤਾਰ ਕੀਤੇ ਕਾਮਿਆਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ, ਸਸਪੈਂਡ ਅਤੇ ਟਰਮੀਨੇਟ ਕਾਮਿਆਂ ਨੂੰ ਮੁੜ ਨੌਕਰੀ ਤੇ ਬਹਾਲ ਕੀਤਾ ਜਾਵੇ, ਕਿਲੋਮੀਟਰ ਸਕੀਮ ਤਹਿਤ ਕੀਤੇ ਟੈਂਡਰ ਤੁਰੰਤ ਰੱਦ ਕੀਤੇ ਜਾਣ ਅਤੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ। ਜੇਕਰ ਅਜਿਹਾ ਨਾ ਕੀਤਾ ਤਾਂ ਟੈਕਨੀਕਲ ਸਰਵਿਸ ਯੂਨੀਅਨ ਭੰਗਲ ਦੀ ਪਟਿਆਲਾ ਸਰਕਲ ਕਮੇਟੀ ਇਸ ਸੰਘਰਸ਼ ਵਿੱਚ ਯੋਗਦਾਨ ਪਾਵੇਗੀ। ਇਸ ਤੋਂ ਇਲਾਵਾ ਬਿਜਲੀ ਬੋਰਡ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਉਹਨਾਂ ਦੇ ਸੰਘਰਸ਼ ਨੂੰ ਪੱਕੇ ਕਰਕੇ ਖਤਮ ਕਰਨ ਦੀ ਨੀਤੀ ਅਪਣਾਈ ਜਾਵੇ। ਇਸ ਦੇ ਨਾਲ ਹੀ ਪਟਿਆਲਾ ਸਰਕਲ ਦੇ ਟੈਕਨੀਕਲ ਸਰਵਿਸ ਯੂਨੀਅਨ ਦੇ ਦੋ ਆਗੂਆਂ ਨੂੰ ਹਾਈਕੋਰਟ ਦੇ ਫੈਸਲੇ ਅਨੁਸਾਰ ਬਹਾਲ ਕੀਤਾ ਜਾਵੇ।

## ਆਤਮ ਨਗਰ ਅਤੇ ਸੈਂਟਰਲ ਹਲਕਿਆਂ ਵਿੱਚ ਮਹਿਲਾ ਵਿੰਗ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਮੀਟਿੰਗਾਂ ਆਯੋਜਿਤ

**ਲੁਧਿਆਣਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕਰਦੇ ਹੋਏ ਮਾਲਵਾ ਸੈਂਟਰਲ ਜ਼ੋਨ ਇੰਚਾਰਜ ਅਜਿੰਦਰ ਪਾਲ ਕੌਰ ਨੇ ਆਤਮ ਨਗਰ ਅਤੇ ਸੈਂਟਰਲ ਹਲਕਿਆਂ ਵਿੱਚ ਤਿੰਨ ਮਹੱਤਵਪੂਰਨ ਮੀਟਿੰਗਾਂ ਦਾ ਸੰਬੋਧਨ ਕੀਤਾ।

ਵਾਰਡ 40 ਅਤੇ 41 ਵਿੱਚ ਹੋਈ ਮਹਿਲਾ ਮੀਟਿੰਗ ਵਿੱਚ ਵਿਧਾਇਕ ਕੁਲਵੰਤ ਸਿੱਧੂ ਅਤੇ ਜ਼ਿਲ੍ਹਾ ਮਹਿਲਾ ਇੰਚਾਰਜ ਮਨੀਸ਼ਾ ਕਪੂਰ ਤੇ ਸੁਖਪ੍ਰੀਤ ਕੌਰ ਵੀ ਮੌਜੂਦ ਰਹੇ।

ਅਜਿੰਦਰ ਪਾਲ ਕੌਰ ਨੇ ਕਿਹਾ ਕਿ ਸੂਬਾ ਪ੍ਰਧਾਨ ਡਾ. ਅਮਨਦੀਪ ਅਰੋੜਾ ਦੀ ਦ੍ਰਿਸ਼ਟੀ ਅਨੁਸਾਰ, ਮਹਿਲਾਵਾਂ ਨੂੰ ਹਲਕਾ, ਬਲਾਕ ਅਤੇ ਵਾਰਡ ਪੱਧਰ @ਤੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ ਅਤੇ ਹੁਣ ਬੂਥ ਪੱਧਰ ਤੱਕ ਮਹਿਲਾ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਕਿਸੇ ਵੀ ਪਾਰਟੀ ਦਾ ਮਹਿਲਾ ਵਿੰਗ AAP ਨਾਲ ਮੁਕਾਬਲਾ ਨਹੀਂ ਕਰ ਸਕਦਾ।

ਵਿਧਾਇਕ ਕੁਲਵੰਤ ਸਿੱਧੂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਅਤੇ ਤਰਨਤਾਰਨ ਉਪ ਚੋਣ ਵਿੱਚ ਮਹਿਲਾ ਵਿੰਗ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਕੇਂਦਰੀ ਹਲਕੇ ਦੇ ਵਾਰਡ 80 ਵਿੱਚ ਹੋਈ ਮੀਟਿੰਗ ਵਿੱਚ ਅਜਿੰਦਰ ਕੌਰ ਨੇ ਘੋਸ਼ਣਾ ਕੀਤੀ ਕਿ ਮਿਹਨਤੀ ਮਹਿਲਾ ਆਗੂਆਂ ਨੂੰ ਵੱਖ-ਵੱਖ ਸਰਕਾਰੀ ਕਮੇਟੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ, ਤਾਂ ਜੋ ਉਹ ਲੋਕੀ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰ ਸਕਣ।

ਜ਼ਿਲ੍ਹਾ ਮਹਿਲਾ ਵਿੰਗ ਇੰਚਾਰਜ ਮਨੀਸ਼ਾ ਕਪੂਰ ਨੇ ਕਿਹਾ ਕਿ ਲੁਧਿਆਣਾ ਸ਼ਹਿਰ ਦੀਆਂ ਕਾਬਲ ਮਹਿਲਾਵਾਂ ਨੂੰ ਇੱਕਜੁੱਟ ਕਰਕੇ ਵਿੰਗ ਆਪਣਾ ਦਾਇਰਾ ਤੇਜ਼ੀ ਨਾਲ ਵਧਾ ਰਿਹਾ ਹੈ ਅਤੇ ਲੋੜਵੰਦ ਮਹਿਲਾਵਾਂ ਦੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ।

ਮੀਟਿੰਗਾਂ ਵਿੱਚ ਸੁਮਨਜੀਤ ਕੌਰ, ਪਰਮਜੀਤ ਕੌਰ, ਮੀਰਾ ਸ਼ਰਮਾ, ਅਰਵਿੰਦ ਚੱਢਾ, ਮਲਿਕਾ ਅਤੇ ਹੋਰ ਮਹਿਲਾ ਆਗੂਆਂ ਵੱਲੋਂ ਵੀ ਵਿਸ਼ੇਸ਼ ਸ਼ਮੂਲੀਅਤ ਕੀਤੀ ਗਈ।

## ਹਾੜ੍ਹੀ ਦੀਆਂ ਫਸਲਾਂ ਲਈ ਯੂਰੀਆ ਖਾਦ ਦੀ ਸਪਲਾਈ ਨਿਰੰਤਰ ਜਾਰੀ: ਮੁੱਖ ਖੇਤੀਬਾੜੀ ਅਫਸਰ

**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਟਿਆਲਾ ਦੇ ਮੁੱਖ ਖੇਤੀਬਾੜੀ ਅਫਸਰ, ਡਾ: ਜਸਵਿੰਦਰ ਸਿੰਘ ਨੇ ਦਸਿਆ ਕਿ ਜਿਲ੍ਹਾ ਪਟਿਆਲਾ ਵਿਚ 2,30,000 ਹੈਕ: ਰਕਬੇ ਵਿਚ ਕਣਕ ਅਤੇ 2000 ਹੈਕ: ਰਕਬੇ ਵਿੱਚ ਤੇਲ ਬੀਜ ਫਸਲਾਂ ਦੀ ਬਿਜਾਈ ਮੁਕੰਮਲ ਹੋ ਚੁੱਕੀ ਹੈ ਅਤੇ ਹਾੜ੍ਹੀ ਦੀਆਂ ਫਸਲਾਂ ਸਬੰਧੀ ਲੋੜੀਂਦੀ ਯੂਰੀਆ ਖਾਦ ਦੀ ਸਪਲਾਈ ਨਿਰੰਤਰ ਜਾਰੀ ਹੈ। ਉਨ੍ਹਾਂ ਦਸਿਆ ਕਿ ਜਿਲ੍ਹੇ ਵਿਚ 102833 ਐਮ.ਟੀ ਯੂਰੀਆ ਖਾਦ ਦੀ ਜ਼ਰੂਰਤ ਸੀ, ਜਿਸ ਵਿਚੋਂ ਹੁਣ ਤੱਕ ਯੂਰੀਆ ਲੱਗਭਗ 60300 ਐਮ.ਟੀ ਖਾਦ ਸਪਲਾਈ ਹੋ ਚੁੱਕੀ ਹੈ। ਉਨ੍ਹਾਂ ਕਿਸਾਨਾਂ ਨੂੰ ਦਸਿਆ ਕਿ ਯੂਰੀਆ ਖਾਦ ਦੀ ਸਪਲਾਈ ਵਿਚ ਜੇਕਰ ਕੋਈ ਦਿੱਕਤ ਆਉਂਦੀ ਹੋਵੇ ਤਾਂ ਉਹ ਖੇਤੀਬਾੜੀ ਵਿਭਾਗ ਦੇ ਮੁੱਖ ਦਫਤਰ ਅਤੇ ਵੱਖ — ਵੱਖ ਬਲਾਕ ਖੇਤੀਬਾੜੀ ਦਫਤਰਾਂ ਵਿਚ ਸੰਪਰਕ ਕਰਨ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਖਾਦ ਦੀ ਪੂਰਤੀ ਕੀਤੀ ਜਾ ਸਕੇ।

# ਸਮਾਜ ਸੇਵੀ ਸੰਸਥਾਵਾਂ ਵੱਲੋਂ ਪਟਿਆਲਾ ਪੁਲਿਸ ਨੂੰ ਨਸ਼ਿਆਂ ਵਿਰੁੱਧ ਦਿੱਤਾਂ ਜਾ ਰਿਹਾ ਸਹਿਯੋਗ ਸ਼ਲਾਘਾਯੋਗ: ਐਸ ਐਸ ਪੀ ਵਰੁਣ ਸ਼ਰਮਾ

**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਨੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ/ ਡੀ ਗੁਰਬੰਸ ਸਿੰਘ ਬੈਂਸ, ਐਸ ਪੀ ਸਿਟੀ ਓਲੰਪੀਅਨ ਪਲਵਿੰਦਰ ਸਿੰਘ ਚੀਮਾ, ਡੀ ਐਸ ਪੀ ਸਿਟੀ 1 ਸਤਨਾਮ ਸਿੰਘ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਦੇਣ ਲਈ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ , ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬ 450 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਕਰ ਚੁੱਕੀਆਂ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 3500 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ। ਇਸ ਮੌਕੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ।

ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਮੱਗਰਮੱਛਾਂ ਨੂੰ ਨਕੇਲ ਪਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਅਤੇ ਅੱਗੇ ਤੋਂ ਵੀ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਰਹਿਣਗੀਆਂ। ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਪਬਲਿਕ ਨੂੰ ਬਗੈਰ ਕਿਸੇ ਡਰ ਭੈ ਦੇ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਪਟਿਆਲਾ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਲਈ ਦਿੱਤਾ ਜਾ ਰਿਹਾ ਸਹਿਯੋਗ ਸ਼ਲਾਘਾਯੋਗ ਹੈ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਨੌਜਵਾਨਾ ਨੂੰ ਜਾਗਰੂਕ ਕਰਨ ਲਈ ਛੇੜੀ ਹੋਈ ਮੁਹਿੰਮ ਵਿੱਚ ਜ਼ਿਲ੍ਹਾ ਪਟਿਆਲਾ ਪੁਲਿਸ ਹਰ ਸੰਭਵ ਮਦਦ ਦੇਣ ਲਈ ਤਿਆਰ ਹੈ ਅਤੇ ਸਕੂਲਾਂ, ਕਾਲਜਾਂ, ਪਿੰਡਾ , ਸ਼ਹਿਰਾਂ, ਕਸਬਿਆਂ ਵਿੱਚ ਜਾ ਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਨਾਲ ਮਿਲਕੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਗਈਆ ਅਤੇ ਨੌਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਮੁਫ਼ਤ ਕਿਤਾਬਾਂ ਵੀ ਵੰਡੀਆਂ ਜਾਣਗੀਆਂ। ਇਸ ਮੌਕੇ ਉਪਕਾਰ ਸਿੰਘ ,ਐਸ ਪੀ ਪਰਾਸ਼ਰ ,ਯੂਥ ਆਗੂ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਲੀਨ ਕੌਰ ਢੀਂਡਸਾ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਵੀ ਹਾਜ਼ਰ ਸਨ ।

## ਪੰਜਾਬ ਪਬਲਿਕ ਸਕੂਲ ਨਾਭਾ ਨੇ ਆਲ ਇੰਡੀਆ ਆਈਪੀਐਸਸੀ ਹਾਕੀ ਗਰਲਜ਼ (ਅੰਡਰ-19) ਚੈਂਪੀਅਨਸ਼ਿਪ ਦੀ ਕੀਤੀ ਮੇਜ਼ਬਾਨੀ



**ਨਾਭਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪਬਲਿਕ ਸਕੂਲ (ਪੀਪੀਐਸ), ਨਾਭਾ ਵਿਖੇ ਆਲ ਇੰਡੀਆ ਆਈਪੀਐਸਸੀ ਹਾਕੀ ਗਰਲਜ਼ (ਅੰਡਰ-19) ਚੈਂਪੀਅਨਸ਼ਿਪ ਦੀ ਸ਼ੁਰੂਆਤ ਇੱਕ ਉਤਸ਼ਾਹੀ ਮਾਹੌਲ ਨਾਲ ਹੋਈ। ਇਸ ਵੱਕਾਰੀ ਚੈਂਪੀਅਨਸ਼ਿਪ ਵਿੱਚ ਦੇਸ਼ ਦੇ ਚੋਟੀ ਦੇ ਚਾਰ ਪ੍ਰਮੁੱਖ ਸਕੂਲਾਂ ਦੀਆਂ ਟੀਮਾਂ – ਮੋਤੀਲਾਲ ਨਹਿਰੂ ਸਕੂਲ ਆਫ਼ ਸਪੋਰਟਸ (ਐਮਐਨਐਸਐਸ) ਰਾਏ; ਮਹਾਰਾਣੀ ਗਾਇਤਰੀ ਦੇਵੀ ਗਰਲਜ਼ ਸਕੂਲ (ਐਮਜੀਡੀ) ਜੈਪੁਰ; ਵੇਲਹੈਮ ਗਰਲਜ਼ ਸਕੂਲ (ਡਬਲਯੂਜੀਐਸ) ਦੇਹਰਾਦੂਨ; ਅਤੇ ਮੇਜ਼ਬਾਨ ਪੀਪੀਐਸ ਭਾਗ ਲੈ ਰਹੀਆਂ ਹਨ। ਹੈਡਮਾਸਟਰ ਡਾ. ਡੀਸੀ ਸ਼ਰਮਾ ਨੇ ਸ਼ੁਰੂਆਤੀ ਦਿਨ ਦੀ ਕਾਰਵਾਈ ਦੀ ਪ੍ਰਧਾਨਗੀ ਕੀਤੀ। ਲੀਗ ਪੜਾਅ ਦੀ ਸ਼ੁਰੂਆਤ ਵਿੱਚ ਐਮਐਨਐਸਐਸ, ਰਾਏ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਐਮਜੀਡੀ, ਜੈਪੁਰ ਨੂੰ 5-0 ਨਾਲ ਹਰਾਇਆ। ਬੇਮਿਸਾਲ ਤਾਲਮੇਲ, ਗਤੀ ਅਤੇ ਸਕੋਰਿੰਗ ਸ਼ੁੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ, ਐਮਐਨਐਸਐਸ ਨੇ ਚੈਂਪੀਅਨਸ਼ਿਪ ਲਈ ਆਪਣੇ ਆਪ ਨੂੰ ਮਜ਼ਬੂਤ ਦਾਅਵੇਦਾਰਾਂ ਵਜੋਂ ਸ਼ੁਰੂ ਵਿੱਚ ਸਥਾਪਿਤ ਕੀਤਾ। ਦੂਜੇ ਮੈਚ ਵਿੱਚ ਪੀਪੀਐਸ ਨਾਭਾ ਨੇ ਵੇਲਹੈਮ ਗਰਲਜ਼ ਸਕੂਲ ਦੇਹਰਾਦੂਨ ਨਾਲ ਸਖ਼ਤ ਮੁਕਾਬਲਾ ਕੀਤਾ। ਪੀਪੀਐਸ ਨੇ ਲਗਾਤਾਰ ਦਬਾਅ ਬਣਾਈ ਰੱਖਿਆ ਅਤੇ ਕਈ ਗੋਲ ਕਰਨ ਦੇ ਮੌਕੇ ਬਣਾਏ, ਪਰ ਵੇਲਹੈਮ ਗਰਲਜ਼ ਸਕੂਲ ਨੇ ਲਚਕੀਲਾ ਬਚਾਅ ਕੀਤਾ। ਖੇਡ 1-1 ਨਾਲ ਡਰਾਅ 'ਤੇ ਸਮਾਪਤ ਹੋਈ, ਦੋਵਾਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਆਪਣੇ ਦੂਜੇ ਮੈਚ ਵਿੱਚ, ਪੀਪੀਐਸ ਨੇ ਇੱਕ ਵਾਰ ਫਿਰ ਇਕਸਾਰਤਾ ਦਾ ਪ੍ਰਦਰਸ਼ਨ ਕੀਤਾ, ਐਮਜੀਡੀ, ਜੈਪੁਰ ਦੇ ਖਿਲਾਫ 1-1 ਨਾਲ ਡਰਾਅ ਖੇਡਿਆ। ਜਦੋਂ ਕਿ ਪੀਪੀਐਸ ਨੇ ਵੱਡੇ ਪੱਧਰ 'ਤੇ ਦਬਾਅ ਬਣਾਈ ਰੱਖਿਆ। ਐਮਜੀਡੀ ਨੇ ਜਵਾਬੀ ਹਮਲਿਆਂ ਦਾ ਫਾਇਦਾ ਉਠਾਇਆ, ਜਿਸਦੇ ਨਤੀਜੇ ਵਜੋਂ ਇੱਕ ਬਰਾਬਰ ਮੈਚ ਹੋਇਆ ਜਿੱਥੇ ਕੋਈ ਵੀ ਟੀਮ ਫੈਸਲਾਕੁੰਨ ਲੀਡ ਪ੍ਰਾਪਤ ਨਹੀਂ ਕਰ ਸਕੀ। ਪਹਿਲੇ ਦਿਨ ਦੇ ਆਖਰੀ ਮੈਚ ਵਿੱਚ ਐਮਐਨਐਸਐਸ, ਰਾਏ ਨੇ ਵੇਲਹੈਮ ਗਰਲਜ਼ ਸਕੂਲ, ਦੇਹਰਾਦੂਨ 'ਤੇ 6-0 ਦੀ ਜ਼ਬਰਦਸਤ ਜਿੱਤ ਨਾਲ ਆਪਣੀ ਜਿੱਤ ਦੀ ਲੜੀ ਨੂੰ ਵਧਾਇਆ। ਲਗਾਤਾਰ ਦੋ ਪ੍ਰਭਾਵਸ਼ਾਲੀ ਜਿੱਤਾਂ ਅਤੇ ਇੱਕ ਸ਼ਾਨਦਾਰ ਗੋਲ ਅੰਤਰ ਦੇ ਨਾਲ, ਐਮਐਨਐਸਐਸ ਦਿਨ ਦੀ ਸਭ ਤੋਂ ਸ਼ਕਤੀਸ਼ਾਲੀ ਟੀਮ ਵਜੋਂ ਉਭਰਿਆ। ਪਹਿਲੇ ਦਿਨ ਦੇ ਅੰਤ ਵਿੱਚ, ਐਮਐਨਐਸਐਸ ਦੋ ਵਿਆਪਕ ਜਿੱਤਾਂ ਨਾਲ ਚੈਂਪੀਅਨਸ਼ਿਪ ਵਿੱਚ ਮੋਹਰੀ ਹੈ, ਜਦੋਂ ਕਿ ਪੀਪੀਐਸ ਦੋ ਡਰਾਅ ਨਾਲ ਦੂਜੇ ਸਥਾਨ 'ਤੇ ਹੈ, ਜੋ ਅਨੁਸ਼ਾਸਿਤ ਅਤੇ ਪ੍ਰਤੀਯੋਗੀ ਖੇਡ ਨੂੰ ਦਰਸਾਉਂਦਾ ਹੈ। ਐਮਜੀਡੀ, ਜੈਪੁਰ ਅਤੇ ਵੇਲਹੈਮ ਗਰਲਜ਼ ਸਕੂਲ, ਦੇਹਰਾਦੂਨ ਆਪਣੀਆਂ ਉਮੀਦਾਂ ਨੂੰ ਜ਼ਿੰਦਾ ਰੱਖਣ ਲਈ ਆਉਣ ਵਾਲੇ ਮੈਚਾਂ ਵਿੱਚ ਵਾਪਸੀ ਕਰਨ ਦੀ ਕੋਸ਼ਿਸ਼ ਕਰਨਗੇ। ਇਹ ਚੈਂਪੀਅਨਸ਼ਿਪ ਅਗਲੇ ਦੋ ਦਿਨਾਂ ਤੱਕ ਜਾਰੀ ਰਹੇਗੀ ਜਿਸ ਵਿੱਚ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲਣਗੇ।

ਕੌਮੀ ਪੱਤ੍ਰਿਕਾ

## ਸੰਪਾਦਕੀ

### ਡਿਜੀਟਲ ਗ੍ਰਿਫ਼ਤਾਰੀ ਭਾਰਤ ਵਿੱਚ ਸਾਈਬਰ ਅਪਰਾਧ ਦਾ ਸਭ ਤੋਂ ਖ਼ਤਰਨਾਕ ਰੂਪ

ਡਿਜੀਟਲ ਗ੍ਰਿਫ਼ਤਾਰੀ ਭਾਰਤ ਵਿੱਚ ਸਾਈਬਰ ਅਪਰਾਧ ਦਾ ਸਭ ਤੋਂ ਖ਼ਤਰਨਾਕ ਰੂਪ ਬਣ ਕੇ ਉੱਭਰੀ ਹੈ। ਇਹ ਨਾ ਸਿਰਫ਼ ਦੇਸ਼ ਦੀ ਵਿੱਤੀ ਸੁਰੱਖਿਆ ਅਤੇ ਸਥਿਰਤਾ ਲਈ, ਸਗੋਂ ਕਾਨੂੰਨ ਲਾਗੂ ਕਰਨ ਵਾਲੇ ਤੰਤਰ ਵਿੱਚ ਲੋਕਾਂ ਦੇ ਭਰੋਸੇ ਲਈ ਵੀ ਖ਼ਤਰਾ ਬਣ ਰਹੀ ਹੈ। ਸੁਪਰੀਮ ਕੋਰਟ ਵੱਲੋਂ ਡਿਜੀਟਲ ਗ੍ਰਿਫ਼ਤਾਰੀ ਘੁਟਾਲਿਆਂ ਦੀ ਦੇਸ਼-ਵਿਆਪੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਫ਼ੈਸਲਾ ਸਮੇਂ ਸਿਰ ਦਿੱਤਾ ਗਿਆ ਢੁੱਕਵਾਂ ਦਖ਼ਲ ਹੈ। ਸਾਰੇ ਰਾਜਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਅਧਿਕਾਰ ਖੇਤਰਾਂ ਦੇ ਅੰਦਰ ਸਾਈਬਰ ਅਪਰਾਧਾਂ ਦੀ ਜਾਂਚ ਲਈ ਸੀ ਬੀ ਆਈ ਨੂੰ ਸਹਿਮਤੀ ਦੇਣ। ਇਸ ਤਰ੍ਹਾਂ, ਅਦਾਲਤ ਨੇ ਇਸ ਠੋਸ ਹਕੀਕਤ ਨੂੰ ਸਵੀਕਾਰ ਲਿਆ ਹੈ ਕਿ ਸਾਈਬਰ ਅਪਰਾਧੀ ਮੁਲਕਾਂ ਦੀਆਂ ਹੱਦਾਂ ਦੀ ਪਰਵਾਹ ਨਹੀਂ ਕਰਦੇ, ਜਦਕਿ ਵੰਡੀ ਹੋਈ ਜਾਂਚ ਸਰਹੱਦ ਪਾਰ ਦੇ ਇਨ੍ਹਾਂ ਗੁੰਝਲਦਾਰ ਗਰੋਹਾਂ ਨੂੰ ਹੋਰ ਹੱਲਾਸ਼ੇਰੀ ਦਿੰਦੀ ਹੈ।

ਬਜ਼ੁਰਗ ਅਕਸਰ ਡਿਜੀਟਲ ਗ੍ਰਿਫ਼ਤਾਰੀ ਦੇ ਮੁੱਖ ਸ਼ਿਕਾਰ ਬਣਦੇ ਰਹਿੰਦੇ ਹਨ, ਜਿਸ ਵਿੱਚ ਧੋਖਾਧੜੀ ਕਰਨ ਵਾਲੇ ਪੁਲੀਸ ਅਤੇ ਹੋਰ ਅਧਿਕਾਰੀਆਂ ਜਾਂ ਜੱਜਾਂ ਦਾ ਭੇਸ ਧਾਰ ਕੇ ਲੋਕਾਂ ਨੂੰ ਡਰਾਉਂਦੇ ਹਨ ਅਤੇ ਵੱਡੀ ਰਕਮ ਅਦਾ ਕਰਨ ਲਈ ਮਜਬੂਰ ਕਰਦੇ ਹਨ। ਹਰਿਆਣਾ ਦੇ ਇੱਕ ਬਜ਼ੁਰਗ ਜੋੜੇ ਨਾਲ ਇੱਕ ਕਰੋੜ ਰੁਪਏ ਦੀ ਧੋਖਾਧੜੀ ਹੋਣ ਤੋਂ ਬਾਅਦ, ਅਦਾਲਤ ਨੇ ਇਸ ਵਿਆਪਕ ਖ਼ਤਰੇ ਦਾ ਆਪ ਹੀ ਨੋਟਿਸ ਲਿਆ ਹੈ। ਉਨ੍ਹਾਂ ਨੂੰ ਧਮਕਾਉਣ ਲਈ ਸੁਪਰੀਮ ਕੋਰਟ ਦੇ ਜਾਅਲੀ ਆਦੇਸ਼ਾਂ ਦੀ ਵਰਤੋਂ ਕੀਤੀ ਗਈ। ਇਹ ਚਿੰਤਾਜਨਕ ਰੂਪ ਵਿਚ ਚੇਤੇ ਕਰਾਉਂਦਾ ਹੈ ਕਿ ਇਹ ਅਪਰਾਧ ਜਨਤਕ ਸੰਸਥਾਵਾਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ। ਇਸ 'ਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅਦਾਲਤ ਵੀ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਹੁਣ ਬਹੁਤ ਹੋ ਗਿਆ ਹੈ।

?ਸੀ ਬੀ ਆਈ ਨੂੰ ਡਿਜੀਟਲ ਗ੍ਰਿਫ਼ਤਾਰੀ ਦੇ ਮਾਮਲਿਆਂ ਵਿੱਚ ਐੱਫ ਆਈ ਆਰ ਦਰਜ ਕਰਨ ਅਤੇ ਧੋਖਾਧੜੀ ਨਾਲ ਜੁੜੇ ਬੈਂਕ ਖਾਤਿਆਂ ਨੂੰ ਫ਼ਰੀਜ਼ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਪ੍ਰਮੁੱਖ ਜਾਂਚ ਏਜੰਸੀ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਬੈਂਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਦੀ ਜਾਂਚ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਦੂਰ-ਸੰਚਾਰ ਵਿਭਾਗ ਨੂੰ ਸਿਮ ਕਾਰਡਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਕਿਹਾ ਗਿਆ ਹੈ, ਜਦੋਂ ਕਿ ਵਿਦੇਸ਼ੀ ਅਪਰਾਧੀਆਂ ਨੂੰ ਫੜਨ ਲਈ ਇੰਟਰਪੋਲ ਦੀ ਮਦਦ ਲਈ ਜਾ ਸਕਦੀ ਹੈ। ਇਹ ਉਪਾਅ, ਸਮੂਹਿਕ ਤੌਰ 'ਤੇ, ਇੱਕ ਵਿਆਪਕ ਰਾਸ਼ਟਰੀ ਕਾਰਵਾਈ ਨੂੰ ਦਰਸਾਉਂਦੇ ਹਨ। ਸੀ ਬੀ ਆਈ, ਜਿਸ ਨੂੰ ਇੱਕ ਵਾਰ ਸੁਪਰੀਮ ਕੋਰਟ ਵੱਲੋਂ 'ਪਿੰਜਰੇ ਵਿੱਚ ਬੰਦ ਤੋਤਾ' ਕਿਹਾ ਗਿਆ ਸੀ, 'ਤੇ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਭੈਅ ਜਾਂ ਪੱਖਪਾਤ ਤੋਂ ਬਿਨਾਂ ਜ਼ਿੰਮੇਵਾਰੀ ਨਾਲ ਕੰਮ ਕਰੇ। ਸੂਬੇ ਇਹ ਯਕੀਨੀ ਬਣਾ ਕੇ ਆਪਣਾ ਯੋਗਦਾਨ ਪਾ ਸਕਦੇ ਹਨ ਕਿ ਏਜੰਸੀ ਦੇ ਅਧਿਕਾਰੀਆਂ ਨੂੰ ਲਾਲ ਫੀਤਾਸ਼ਾਹੀ ਜਾਂ ਸਿਆਸੀ ਅੜਿੱਕਿਆਂ ਦਾ ਸਾਹਮਣਾ ਨਾ ਕਰਨਾ ਪਵੇ। ਨਾਗਰਿਕਾਂ ਨੂੰ ਵੀ ਆਪਣੇ ਵੱਲੋਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਾਗਰੂਕਤਾ ਅਤੇ ਚੌਕਸੀ ਹੀ ਧੋਖੇਬਾਜ਼ਾਂ ਤੋਂ ਬਚਾਏਗੀ।

### ਦੇਸ਼ ਵਿਚ ਪ੍ਰਦੂਸ਼ਣ ਲਈ ਜ਼ਿੰਮੇਵਾਰ ਕੌਣ ?

ਪ੍ਰਦੂਸ਼ਣ ਦੀ ਰੋਕਥਾਮ , ਜਦੋਂ ਦੇਸ਼ ਆਪਣੇ ਡੂੰਘੇ ਹੁੰਦੇ ਜਾ ਰਹੇ ਹਵਾ ਗੁਣਵੱਤਾ ਦੇ ਸੰਕਟ 'ਤੇ ਵਿਚਾਰ ਕਰ ਰਿਹਾ ਹੈ, ਤਾਂ ਉਨ੍ਹਾਂ ਲੋਕਾਂ ਦੇ ਅਨੁਭਵਾਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ 'ਤੇ ਸਭ ਤੋਂ ਵੱਧ ਦੋਸ਼ ਮੜ੍ਹਿਆ ਜਾਂਦਾ ਹੈ: ਮਤਲਬ ਕਿਸਾਨ। ਸੁਪਰੀਮ ਕੋਰਟ ਦੀ ਸੋਮਵਾਰ ਦੀ ਸੁਣਵਾਈ ਨੇ ਇਸ ਅਸੰਤੁਲਨ ਨੂੰ ਹੋਰ ਉਜਾਗਰ ਕੀਤਾ ਹੈ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਧਾਰਨਾ ਨੂੰ ਖਾਰਜ ਕਰ ਦਿੱਤਾ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਮੁੱਖ ਤੌਰ 'ਤੇ ਕਿਸਾਨ ਜ਼ਿੰਮੇਵਾਰ ਹਨ ਅਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਪਰਾਲੀ ਸਾੜਨ ਨੂੰ ਸਿਆਸੀ ਹਉਮੈ ਦੀ ਲੜਾਈ ਨਾ ਬਣਾਇਆ ਜਾਵੇ। ਚੀਫ ਜਸਟਿਸ ਦਾ ਸਵਾਲ, ਕਿ ਪਰਾਲੀ ਸਾੜਨ ਦੇ ਬਾਵਜੂਦ ਕੋਵਿਡ ਲੌਕਡਾਊਨ ਦੌਰਾਨ ਦਿੱਲੀ ਦਾ ਆਸਮਾਨ ਨੀਲਾ ਕਿਉਂ ਸੀ, ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਪ੍ਰਦੂਸ਼ਣ ਦੇ ਅਸਲ ਕਾਰਨ ਕੁਝ ਹੋਰ ਹਨ। ਜਦੋਂ ਆਵਾਜਾਈ ਤੇ ਉਸਾਰੀ ਰੁਕ ਗਈ ਅਤੇ ਉਦਯੋਗਿਕ ਗਤੀਵਿਧੀ ਵੀ ਸੁਸਤ ਹੋ ਗਈ ਤਾਂ ਆਸਮਾਨ ਸਾਫ਼ ਹੋ ਗਿਆ। ਕਿਸਾਨ ਨੇ ਆਪਣੇ ਢੰਗ-ਤਰੀਕੇ ਨਹੀਂ ਬਦਲੇ; ਬਾਕੀ ਦੇ ਸਮਾਜ ਨੇ ਬਦਲੇ।

ਅਦਾਲਤ ਨੇ ਇਸ ਤਲਖ਼ ਹਕੀਕਤ 'ਤੇ ਵੀ ਜ਼ੋਰ ਦਿੱਤਾ ਕਿ ਕਿਸਾਨ ਮਜਬੂਰੀਵੱਸ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਦੇ ਹਨ, ਨਾ ਕਿ ਆਪਣੀ ਮਰਜ਼ੀ ਨਾਲ। ਇਹ ਧਾਰਨਾ ਪ੍ਰਦੂਸ਼ਣ ਸਬੰਧੀ ਮੁਕੱਦਮੇਬਾਜ਼ੀ ਦੇ ਕੇਂਦਰ 'ਚ ਮੌਜੂਦ ਢਾਂਚਾਗਤ ਪੱਖਪਾਤ ਨੂੰ ਉਭਾਰਦੀ ਹੈ। ਜਿੱਥੇ ਸਾਧਨਾਂ ਨਾਲ ਭਰਪੂਰ ਉਦਯੋਗ, ਉਸਾਰੀ ਲਾਬੀਆਂ ਅਤੇ ਸ਼ਹਿਰੀ ਕਾਰਪੋਰੇਸ਼ਨਾਂ ਚੋਟੀ ਦੀਆਂ ਕਾਨੂੰਨੀ ਟੀਮਾਂ ਦਾ ਖਰਚਾ ਚੁੱਕ ਸਕਦੇ ਹਨ, ਉੱਥੇ ਗਰੀਬ ਕਿਸਾਨ ਇਕੱਲਾ ਖੜ੍ਹਾ ਹੈ, ਜਿਸ ਕੋਲ ਨਾ ਤਾਂ ਢੁੱਕਵੀਂ ਪ੍ਰਤੀਨਿਧਤਾ ਹੈ ਅਤੇ ਨਾ ਹੀ ਆਪਣਾ ਪੱਖ ਪੇਸ਼ ਕਰਨ ਦਾ ਸਾਧਨ। ਉਹ ਸਭ ਤੋਂ ਸੌਖਾ ਨਿਸ਼ਾਨਾ ਬਣ ਜਾਂਦਾ ਹੈ। ਸੁਪਰੀਮ ਕੋਰਟ ਵੱਲੋਂ ਇਹ ਯਾਦ ਦਿਵਾਉਣਾ ਕਿ ਕਿਸਾਨਾਂ ਨੂੰ ਬਦਨਾਮ ਨਹੀਂ ਕੀਤਾ ਜਾਣਾ ਚਾਹੀਦਾ , ਇਸ ਪੱਖਪਾਤੀ ਪ੍ਰਣਾਲੀ ਦਾ ਇੱਕ ਨੈਤਿਕ ਦੋਸ਼ ਹੈ।

ਪ੍ਰਦੂਸ਼ਣ 'ਤੇ ਕਾਬੂ ਪਾਉਣ ਦੀ ਇੱਕ ਨਿਆਂਪੂਰਨ ਰਣਨੀਤੀ ਦੀ ਸ਼ੁਰੂਆਤ ਜ਼ਮੀਨੀ ਹਕੀਕਤਾਂ ਨੂੰ ਸਵੀਕਾਰਨ ਨਾਲ ਹੋਣੀ ਚਾਹੀਦੀ ਹੈ। ਕਿਸਾਨ ਆਰਥਿਕ ਅਤੇ ਸਮੇਂ ਨਾਲ ਜੁੜੇ ਵੱਡੇ ਦਬਾਅ ਹੇਠ ਕੰਮ ਕਰਦੇ ਹਨ। ਉਨ੍ਹਾਂ ਕੋਲ ਵਾਢੀ ਅਤੇ ਫਿਰ ਅਗਲੀ ਫਸਲ ਦੀ ਬਿਜਾਈ ਲਈ ਬਹੁਤ ਸੀਮਤ ਸਮਾਂ ਹੁੰਦਾ ਹੈ। ਐਮਐੱਸਪੀ ਵਾਲੀਆਂ ਫਸਲਾਂ ਉਗਾਉਣ ਦੀ ਮਜਬੂਰੀ ਦੇ ਨਾਲ ਹੀ ਉਸ ਨੂੰ ਘਟਦੇ ਜ਼ਮੀਨੀ ਪਾਣੀ ਅਤੇ ਮਹਿੰਗੀ ਮਸ਼ੀਨਰੀ, ਜਿਸ ਦਾ ਉਹ ਖਰਚਾ ਨਹੀਂ ਚੁੱਕ ਸਕਦੇ, ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਵਿਹਾਰਕ ਬਦਲ ਦੀ ਪੇਸ਼ਕਸ਼ ਕੀਤੇ ਬਿਨਾਂ ਉਨ੍ਹਾਂ ਨੂੰ ਸਜ਼ਾ ਦੇਣਾ ਪੇਂਡੂ ਦੁਵਿਧਾ ਨੂੰ ਹੋਰ ਵਧਾਉਂਦਾ ਹੈ। ਅਗਲਾ ਰਾਹ ਅਰਥਪੂਰਨ ਫ਼ਸਲੀ ਵੰਨ-ਸਵੰਨਤਾ, ਬਦਲਵੀਆਂ ਫਸਲਾਂ ਦੀ ਯਕੀਨੀ ਖਰੀਦ, ਰਹਿੰਦ-ਖੂੰਹਦ ਦੀ ਕਿਫਾਇਤੀ ਸਾਂਭ-ਸੰਭਾਲ ਅਤੇ ਪਰਾਲੀ ਨੂੰ ਲਾਹੇਵੰਦ ਮੌਕੇ ਵਿੱਚ ਬਦਲਣ ਵਾਲੇ ਉਦਯੋਗਾਂ ਵਿਚੋਂ ਨਿਕਲੇਗਾ। ਸਾਫ਼ ਹਵਾ ਇਕੱਲੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਨਾਲ ਨਹੀਂ ਮਿਲੇਗੀ, ਸਗੋਂ ਸਾਰੇ ਪ੍ਰਦੂਸ਼ਕਾਂ, ਜਿਨ੍ਹਾਂ ਵਿੱਚ ਤਾਕਤਵਰ ਵਰਗ ਵੀ ਸ਼ਾਮਲ ਹੈ, ਨੂੰ ਬਰਾਬਰ ਜਵਾਬਦੇਹ ਠਹਿਰਾਉਣਾ ਪਵੇਗਾ।

## ਸੂਬਾ ਸਰਕਾਰ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਵਚਨਵੱਧ ਤੇ ਯਤਨਸ਼ੀਲ : ਡਾ. ਰਵਜੋਤ ਸਿੰਘ

**ਬਠਿੰਡਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਵਚਨਵੱਧ ਅਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਡਾ. ਰਵਜੋਤ ਸਿੰਘ ਨੇ ਸਥਾਨਕ ਨਗਰ ਸੁਧਾਰ ਟਰੱਸਟ ਵਲੋਂ ਤਿਆਰ ਕੀਤੀ ਜਾ ਰਹੀ ਨਵੀਂ ਵਿਕਾਸ ਸਕੀਮ ਸ਼ਹੀਦ ਭਗਤ ਸਿੰਘ ਇਨਕਲੇਵ ਦੇ ਡਰਾਅ ਆਫ ਲਾਟਸ ਲਈ ਆਮ ਲੋਕਾਂ ਪਾਸੋਂ ਦਰਖਾਸਤਾਂ ਲੈਣ ਦੇ ਸ਼ੁਭ ਆਰੰਭ ਮੌਕੇ ਬਠਿੰਡਾ-ਗੋਨਿਆਣਾ ਰੋਡ ਉਪਰ 32.50 ਏਕੜ ਵਿੱਚ ਰਿਹਾਇਸ਼ੀ-ਕਮ-ਵਪਾਰਕ ਕਲੋਨੀ ਸ਼ਹੀਦ ਭਗਤ ਸਿੰਘ ਇਨਕਲੇਵ ਦੀ ਰਜਿਸਟ੍ਰੇਸ਼ਨ ਸ਼ੁਰੂ ਕਰਵਾਉਣ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਮੇਅਰ ਸ਼੍ਰੀ ਪਦਮਜੀਤ ਮਹਿਤਾ, ਡਿਪਟੀ ਮੇਅਰ ਸ਼੍ਰੀ ਸ਼ਾਮ ਲਾਲ, ਚੇਅਰਮੈਨ ਸ ਜਤਿੰਦਰ ਸਿੰਘ ਭੱਲਾ, ਹਲਕਾ ਇੰਚਾਰਜ, ਬਠਿੰਡਾ (ਦਿਹਾਤੀ) ਸ਼੍ਰੀ ਜਸਵਿੰਦਰ ਸਿੰਘ ਛਿੰਦਾ ਨੰਦਗੜ੍ਹ, ਚੇਅਰਮੈਨ ਸ਼੍ਰੀ ਰਾਕੇਸ਼ ਪੁਰੀ, ਚੇਅਰਮੈਨ ਸ਼੍ਰੀ ਬੱਲੀ ਬਲਜੀਤ, ਚੇਅਰਮੈਨ ਸ਼੍ਰੀ ਬਲਕਾਰ ਭੋਖੜਾ, ਸਾਬਕਾ ਚੇਅਰਮੈਨ ਸ੍ਰੀ ਅੰਮ੍ਰਿਤ ਲਾਲ ਅਗਰਵਾਲ ਤੇ ਆਪ ਦੇ ਜ਼ਿਲ੍ਹਾ ਮੀਡੀਆ ਸਕੱਤਰ ਸ੍ਰੀ ਰਿਪਨਦੀਪ ਸਿੰਘ ਸਿੱਧੂ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਇਨਕਲੇਵ ਨੂੰ ਪੰਜਾਬ ਦੀ ਪਲੇਠੀ ਸਕੀਮ ਦੱਸਦਿਆਂ ਕਿਹਾ ਕਿ 25 ਸਾਲਾਂ ਤੋਂ ਬੇਆਬਾਦ ਤੇ ਅਣਵਿਕਸਤ ਪਈ 32.50 ਏਕੜ ਰਕਬੇ ਵਿੱਚ ਬਠਿੰਡਾ ਸ਼੍ਰੀ ਅੰਮ੍ਰਿਤਸਰ ਸਾਹਿਬ ਕੌਮੀ ਸ਼ਾਹ ਮਾਰਗ ਉਪਰ ਸਥਿਤ ਹੈ। ਇਸ ਸਕੀਮ ਨੂੰ ਟਰੱਸਟ ਦੁਆਰਾ ਆਪਣੇ ਮਨੋਰਥ ÷ਬੇ-ਘਰਾਂ ਲਈ ਘਰ ਬਨਾਉਣ ਦੇ ਯਤਨ÷ ਤਹਿਤ ਆਮ ਪਬਲਿਕ ਦੀਆਂ ਜਰੂਰਤਾਂ ਅਤੇ ਸ਼ਹਿਰ ਅੰਦਰ ਘੱਟ ਕੀਮਤ 'ਤੇ ਘਰ ਬਨਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਮੰਤਵ ਨਾਲ ਲੋਕ ਹਿੱਤ ਵਿੱਚ ਤਿਆਰ ਕੀਤਾ ਗਿਆ ਹੈ, ਜੋ ਕਿ ਕਾਰਗਰ ਸਾਬਤ ਹੋਵੇਗਾ।

ਇਸ ਤੋਂ ਪਹਿਲਾ ਚੇਅਰਮੈਨ ਸ ਜਤਿੰਦਰ ਸਿੰਘ ਭੱਲਾ ਨੇ ਸ਼ਹੀਦ ਭਗਤ ਸਿੰਘ ਇਨਕਲੇਵ ਨੂੰ ਨਿਵੇਕਲੀ ਪਹਿਲਕਦਮੀ ਦੱਸਦਿਆਂ ਨਗਰ ਸੁਧਾਰ ਟਰੱਸਟ ਵਲੋਂ ਵੱਖ-ਵੱਖ ਤਰ੍ਹਾਂ ਦੇ ਕੀਤੇ ਜਾ ਰਹੇ ਕ੍ਰਾਂਤੀਕਾਰੀ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਇਨਕਲੇਵ ਅੰਦਰ 236 ਰਿਹਾਇਸ਼ੀ ਪਲਾਟ (108 ਵ: ਗਜ਼ ਰਕਬੇ ਤੋਂ ਲੈ ਕੇ 418 ਵ: ਗਜ਼ ਰਕਬੇ ਤੱਕ ਦੇ) ਅਤੇ 75 ਵਪਾਰਕ ਯੂਨਿਟਸ/ਇਕਾਈਆਂ ਤਜਵੀਜ ਕੀਤੀਆਂ ਗਈਆ ਹਨ, ਜਿਸ ਦੇ ਪਹਿਲੇ ਪੜਾਅ ਦੌਰਾਨ ਸਰਕਾਰ ਦੇ ਨਿਯਮਾਂ ਮੁਤਾਬਿਕ 50 ਫੀਸਦੀ ਰਿਹਾਇਸ਼ੀ ਪਲਾਟਾਂ ਨੂੰ ਡਰਾਅ ਆਫ ਲਾਟੱਸ ਰਾਹੀਂ ਵੇਚਿਆ ਜਾਣਾ ਹੈ, ਜਿਸ ਦੇ ਮੱਦੇਨਜ਼ਰ ਆਮ ਪਬਲਿਕ ਨੂੰ ਵਾਜਿਬ ਰੇਟਾਂ ਉੱਪਰ ਪਲਾਟ ਖਰੀਦ ਕੇ ਆਪਣਾ ਘਰ ਬਣਾਏ ਜਾਣ ਦਾ ਸੁਪਨਾ ਸਾਕਾਰ ਹੋ ਸਕੇਗਾ। ਇਸ ਤੋਂ ਇਲਾਵਾ ਬਾਕੀ ਰਿਹਾਇਸ਼ੀ ਅਤੇ ਵਪਾਰਕ ਇਕਾਈਆਂ ਨੂੰ ਖੁੱਲੀ ਬੋਲੀ ਰਾਹੀਂ ਈ-ਆਕਸ਼ਨ ਵਿਧੀ ਅਨੁਸਾਰ ਵੇਚਿਆ ਜਾਵੇਗਾ। ਇਸ ਸੜਕਾਂ ਦੀ ਚੌੜਾਈ 20 ਮੀਟਰ (66 ਫੁੱਟ) ਅਤੇ 12 ਮੀਟਰ (40 ਫੁੱਟ) ਫੁੱਟ ਹੋਵੇਗੀ।

ਚੇਅਰਮੈਨ ਸ ਜਤਿੰਦਰ ਸਿੰਘ ਭੱਲਾ ਨੇ ਇਹ ਵੀ ਕਿਹਾ ਕਿ ਇਸ ਕਲੋਨੀ ਅੰਦਰ ਰਹਿਣ ਵਾਲੇ ਬਾਸ਼ਿੰਦਿਆ ਲਈ ਸਕੀਮ ਅੰਦਰ ਅਤਿ ਸੁੰਦਰ 4 ਪਾਰਕ ਤਿਆਰ ਕੀਤੇ ਜਾਣਗੇ, ਜਿੰਨਾ ਵਿੱਚੋਂ ਲਗਭਗ। ਏਕੜ ਵਿੱਚ ਬਹੁਤ ਵੱਡਾ ਪਾਰਕ ਤਿਆਰ ਹੋਵੇਗਾ, ਜਿਸ ਵਿੱਚ ਬੱਚਿਆ ਲਈ ਆਧੁਨਿਕ ਕਿਸਮ ਦੇ ਝੂਲੇ ਅਤੇ ਕਸਰਤ ਲਈ ਓਪਨ ਜਿੰਮ ਆਦਿ ਵੀ ਤਿਆਰ ਕੀਤੇ ਜਾਣਗੇ । ਉਨ੍ਹਾਂ ਦੱਸਿਆ ਕਿ ਰਿਹਾਇਸ਼ੀ ਪਲਾਟਾਂ ਤੋਂ ਇਲਾਵਾ ਕਮਰਸ਼ੀਅਲ ਸਾਈਟ, ਐਸ.ਸੀ.ਓ. ਸਾਈਟਾਂ, ਬੂਥ ਸਾਈਟਾਂ ਵੀ ਤਜਵੀਜ ਕੀਤੀਆਂ ਗਈਆਂ ਹਨ। ਟਰੱਸਟ ਦੁਆਰਾ ਪਬਲਿਕ ਹਿੱਤ 'ਚ ਤਿਆਰ ਕੀਤੀ ਜਾ ਰਹੀ ਇਸ ਸਕੀਮ ਅੰਦਰ ਸਰਕਾਰ ਦੇ ਨਿਯਮਾਂ ਤਹਿਤ ਕੁੱਲ ਪਲਾਟਾਂ ਵਿੱਚੋਂ (50%) 116 ਪਲਾਟਾਂ ਦੀ ਅਲਾਟਮੈਂਟ ÷ਡਰਾਅ ਆਫ ਲਾਟਸ÷ ਵਿਧੀ ਰਾਹੀਂ ਕੀਤੀ ਜਾਣੀ ਹੈ।

ਇਸ ਮੌਕੇ ਚੇਅਰਮੈਨ ਸ. ਜਤਿੰਦਰ ਸਿੰਘ ਭੱਲਾ ਨੇ ਬਠਿੰਡਾ ਖੇਤਰ ਦੇ ਆਸ-ਪਾਸ ਇਲਾਕਾ ਵਾਸੀਆਂ ਨੂੰ ਇਸ ਕਲੌਨੀ ਅੰਦਰ ਪਲਾਟ ਖਰੀਦ ਕਰਨ ਲਈ ਸਰਕਾਰ ਵਲੋਂ ਪ੍ਰਦਾਨ ਕੀਤੇ ਗਏ ਇਸ ਸੁਨਿਹਰੀ ਮੌਕੇ ਦਾ ਭਰਪੂਰ ਲਾਭ ਉਠਾਉਣ ਲਈ ਅਪੀਲ ਕੀਤੀ।

ਇਸ ਤੋਂ ਪਹਿਲਾ ਚੇਅਰਮੈਨ ਸ਼੍ਰੀ ਨੀਲ ਗਰਗ ਅਤੇ ਡਾਇਰੈਕਟਰ ਜਲ ਸਰੋਤ ਪ੍ਰਬੰਧਨ ਸ ਅਮਰਦੀਪ ਰਾਜਨ ਵਲੋਂ ਨਗਰ ਸੁਧਾਰ ਟਰੱਸਟ ਵਲੋਂ ਕੀਤੇ ਜਾ ਰਹੇ ਸ਼ਲਾਘਾਯੋਗ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਨਗਰ ਸੁਧਾਰ ਟਰਸਟ ਦੇ ਅਧਿਕਾਰੀ ਅਤੇ ਕਰਮਚਾਰੀਆਂ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

## ਜਲੰਧਰ: ਔਰਤ ਅਤੇ ਧੀ ਦੇ ਸਮੂਹਿਕ ਜਬਰ-ਜਨਾਹ ਦੇ ਦੋਸ਼ ਹੇਠ 3 ਗ੍ਰਿਫ਼ਤਾਰ: ਇੱਕ ਦੋਸ਼ੀ ਫਰਾਰ

**ਜਲੰਧਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦਿਹਾਤੀ ਪੁਲੀਸ ਨੇ 23 ਨਵੰਬਰ ਦੀ ਰਾਤ ਨੂੰ ਮਾਂ-ਧੀ ਨਾਲ ਹੋਏ ਸਮੂਹਿਕ ਜਬਰ-ਜਨਾਹ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਹਾਂ ਨਾਲ ਲੋਹੀਆਂ ਦੇ ਖੇਤਾਂ ਵਿੱਚ ਸਮੂਹਿਕ ਜਬਰ-ਜਨਾਹ ਕੀਤਾ ਗਿਆ, ਜਦੋਂਕਿ ਉਨ੍ਹਾਂ ਦੇ ਪਰਿਵਾਰ ਦੇ ਮਰਦਾਂ ਅਤੇ ਬੱਚਿਆਂ ਨੂੰ ਬੰਧਕ ਬਣਾ ਲਿਆ ਗਿਆ ਸੀ।

ਬਲਾਤਕਾਰ ਕਰਨ ਵਾਲਿਆਂ ਵਿੱਚੋਂ ਦੋ ਜ਼ਮਾਨਤ 'ਤੇ ਬਾਹਰ ਸਨ ਅਤੇ ਉਨ੍ਹਾਂ ਖ਼ਿਲਾਫ਼ ਕਈ ਕੇਸ ਦਰਜ ਸਨ। ਕੇਸ ਵਿੱਚ ਚੌਥਾ ਸਾਥੀ ਫਰਾਰ ਹੈ। ਚਾਰ ਦੋਸ਼ੀਆਂ ਦੀ ਪਛਾਣ ਸਾਜਨ, ਰੌਕੀ, ਅਰਸ਼ਪ੍ਰੀਤ ਸਿੰਘ ਉਰਫ਼ ਅਰਸ਼ ਅਤੇ ਰਾਜਨ ਉਰਫ਼ ਰੋਹਿਤ ਵਜੋਂ ਹੋਈ ਹੈ, ਜੋ ਸਾਰੇ ਗੁਰੂ ਨਾਨਕ ਕਾਲੋਨੀ, ਲੋਹੀਆਂ ਦੇ ਵਸਨੀਕ ਹਨ। ਚਾਰਾਂ ਵਿੱਚੋਂ ਰਾਜਨ ਅਜੇ ਵੀ ਫਰਾਰ ਹੈ।

## ਨਵਜਾਤ ਬੱਚਿਆਂ ਦੀ ਤਸਕਰੀ ਕਰਨ ਵਾਲਾ ਗਿਰੋਹ ਕਾਬੂ

**ਜਲੰਧਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਕੋਦਰ ਥਾਣਾ ਸਦਰ ਦੀ ਪੁਲੀਸ ਨੇ ਨਵਜਾਤ ਬੱਚਿਆਂ ਦੀ ਖਰੀਦੋ-ਫਰੋਖ਼ਤ ਕਰ ਕੇ ਤਸਕਰੀ ਕਰਨ ਵਾਲੇ 8 ਮੈਂਬਰੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਮਾਂ-ਪੁੱਤਰ ਸਮੇਤ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਗਿਰੋਹ ਗਰੀਬ ਪਰਿਵਾਰਾਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਨਵਜਾਤ ਬੱਚੇ ਖਰੀਦਦਾ ਹੈ ਅਤ ਅਮੀਰ ਬੇਔਲਾਦ ਜੋੜਿਆਂ ਨੂੰ ਵੇਚਦਾ ਹੈ।

ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੂੰ ਮਿਲੀ ਇੱਕ ਗੁਪਤ ਸੂਚਨਾ 'ਤੇ ਏਐੱਸਆਈ ਅੰਗਰੇਜ਼ ਸਿੰਘ ਨੇ ਉੱਗੀ ਚੌਕੀ ਦੀ ਟੀਮ ਨਾਲ ਇਨੋਵਾ ਕਾਰ ਸਮੇਤ ਜਗਜੀਤ ਸਿੰਘ ਅਤੇ ਉਸ ਦੀ ਮਾਂ ਰਣਜੀਤ ਕੌਰ ਨੂੰ ਕਾਬੂ ਕਰ ਕੇ ਨਵਜਾਤ ਬੱਚਾ ਬਰਾਮਦ ਕੀਤਾ।

ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਇਹ ਕੰਮ ਅਮਰਜੀਤ ਕੌਰ, ਰੀਨਾ, ਕੁਲਵਿੰਦਰ ਕੌਰ ਉਰਫ ਮਨੀ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸ਼ਮਸ਼ੇਰ ਸਿੰਘ ਤੇ ਆਸ਼ਾ ਵਰਕਰ ਰਜਨੀ ਸਮੇਤ ਹੋਰ ਸਾਥੀਆਂ ਨਾਲ ਮਿਲ ਕੇ ਕੀਤਾ ਜਾਂਦਾ ਸੀ, ਜਿਨ੍ਹਾਂ ਨੇ ਮੋਗਾ ਦੇ ਬਲਜੀਤ ਸਿੰਘ ਤੋਂ 4,10,000 ਰੁਪਏ 'ਚ ਬੱਚਾ ਖਰੀਦਿਆ ਸੀ।

ਇਸ ਤੋਂ ਬਾਅਦ ਪੁਲੀਸ ਨੇ ਛਾਪੇਮਾਰੀ ਕਰ ਕੇ ਹੋਰ ਛੇ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂਕਿ ਦੋ ਮੁਲਜ਼ਮ ਹਾਲੇ ਫ਼ਰਾਰ ਹਨ। ਪੁਲੀਸ ਵੱਲੋਂ ਡੂੰਘਾਈ ਨਾਲ ਜਾਂਚ ਜਾਰੀ ਹੈ ਤੇ ਹੋਰ ਖੁਲਾਸਿਆਂ ਦੀ ਸੰਭਾਵਨਾ ਹੈ।

## 'ਆਪ' ਆਗੂ ਰਾਜੂ ਦੇ ਘਰ ਗੋਲੀਬਾਰੀ ਮਾਮਲਾ: ਹਮਲਾਵਰਾਂ ਦੀ ਮਦਦ ਕਰਨ ਵਾਲੇ ਤਿੰਨ ਕਾਬੂ



**ਫਗਵਾੜਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਗਵਾੜਾ ਪੁਲੀਸ ਨੇ 'ਆਪ' ਆਗੂ ਅਤੇ 'ਯੁੱਧ ਨਸ਼ਿਆਂ ਵਿਰੁੱਧ' ਕੋਆਰਡੀਨੇਟਰ ਦਲਜੀਤ ਰਾਜੂ ਦੇ ਘਰ ਦੇਰ ਰਾਤ ਹੋਈ ਗੋਲੀਬਾਰੀ ਵਿੱਚ ਸ਼ਾਮਲ ਮੁੱਖ ਹਮਲਾਵਰਾਂ ਨੂੰ ਕਥਿਤ ਤੌਰ 'ਤੇ ਪਨਾਹ ਦੇਣ ਅਤੇ ਵਿੱਤੀ ਮਦਦ ਦੇਣ ਦੇ ਦੋਸ਼ ਵਿੱਚ ਤਿੰਨ ਵਿਅਕਤੀਆਂ, ਘਣਸ਼ਿਆਮ ਤਿਵਾੜੀ, ਉਸ ਦੀ ਮਾਂ ਨੀਰਜ ਕੁਮਾਰੀ ਅਤੇ ਭਰਾ ਦੀਪਕ ਤਿਵਾੜੀ, ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਗ੍ਰਿਫ਼ਤਾਰੀਆਂ ਯਮੁਨਾਨਗਰ ਵਿੱਚ ਘਟਨਾ ਦੇ 24 ਘੰਟਿਆਂ ਦੇ ਅੰਦਰ ਕੀਤੀਆਂ ਗਈਆਂ, ਜੋ 27 ਨਵੰਬਰ ਨੂੰ ਸਵੇਰੇ 1.13 ਵਜੇ ਦੇ ਕਰੀਬ ਵਾਪਰੀ ਸੀ ਜਦੋਂ ਦੋ ਨਕਾਬਪੋਸ਼ ਵਿਅਕਤੀਆਂ ਨੇ ਦਰਵੇਸ਼ ਪਿੰਡ ਵਿੱਚ ਰਾਜੂ ਦੇ ਘਰ 'ਤੇ ਕਈ ਗੋਲੀਆਂ ਚਲਾਈਆਂ ਅਤੇ ਫਿਰ ਹਨੇਰੇ ਦਾ ਫਾਇਦਾ ਉਠਾ ਕੇ ਫ਼ਰਾਰ ਹੋ ਗਏ।

ਰਾਜੂ, ਉਸਦੀ ਪਤਨੀ ਅਤੇ ਉਨ੍ਹਾਂ ਦੀ ਛੋਟੀ ਧੀ ਪਹਿਲੀ ਮੰਜ਼ਿਲ 'ਤੇ ਸੁੱਤੇ ਹੋਏ ਸਨ, ਜਦੋਂ ਗੋਲੀਆਂ ਨੇ ਕੱਚ ਦੀਆਂ ਰੇਲਿੰਗਾਂ ਅਤੇ ਖਿੜਕੀਆਂ ਤੋੜ ਦਿੱਤੀਆਂ, ਪਰ ਪਰਿਵਾਰ ਵਾਲ-ਵਾਲ ਬਚ ਗਿਆ।ਮੌਕੇ ਤੋਂ ਬਰਾਮਦ ਹੋਈ ਸੀਸੀਟੀਵੀ ਫੁਟੇਜ ਵਿੱਚ ਹਮਲਾਵਰਾਂ ਨੂੰ ਮੋਟਰਸਾਈਕਲ 'ਤੇ ਆਉਂਦੇ ਹੋਏ, ਪੈਦਲ ਘਰ ਵੱਲ ਵਧਦੇ ਹੋਏ ਅਤੇ ਕਾਲਾ ਰਾਣਾ ਗਰੁੱਪ - 5 ਕਰੋੜ ਲਿਖਿਆ ਇੱਕ ਚਾਰ ਪੰਨਿਆਂ ਦਾ ਨੋਟ ਸੁੱਟਦੇ ਹੋਏ ਦੇਖਿਆ ਗਿਆ, ਜੋ ਸੰਭਾਵਿਤ ਫਿਰੌਤੀ ਦੀ ਧਮਕੀ ਦਾ ਸੰਕੇਤ ਦਿੰਦਾ ਹੈ।ਪੁਲੀਸ ਨੇ ਘਣਸ਼ਿਆਮ ਤਿਵਾੜੀ ਦੇ ਪੁੱਤਰ ਸ਼ੁਭਮ ਪੰਡਿਤ ਨੂੰ ਵੀ ਨਾਮਜ਼ਦ ਕੀਤਾ, ਜੋ ਫਰਾਰ ਹੈ ਜਦੋਂ ਕਿ ਕਈ ਛਾਪੇਮਾਰੀ ਟੀਮਾਂ ਮੁੱਖ ਹਮਲਾਵਰਾਂ ਦੀ ਭਾਲ ਕਰ ਰਹੀਆਂ ਹਨ।

ਐੱਸਐੱਸਪੀ ਗੌਰਵ ਤੂਰਾ ਨੇ ਗ੍ਰਿਫ਼ਤਾਰੀਆਂ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਤਿੰਨਾਂ ਨੂੰ ਅੱਗੇ ਦੀ ਪੁੱਛਗਿੱਛ ਲਈ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

ਗੋਲੀਬਾਰੀ ਕਾਰਨ ਦਰਵੇਸ਼ ਪਿੰਡ ਦੇ ਵਸਨੀਕਾਂ ਵਿੱਚ ਦਹਿਸ਼ਤ ਫੈਲ ਗਈ ਅਤੇ ਪੁਲੀਸ ਗਸ਼ਤ ਤੇਜ਼ ਕਰ ਦਿੱਤੀ ਗਈ। ਐੱਸਐੱਸਪੀ ਗੌਰਵ ਤੂਰਾ ਨੇ ਗ੍ਰਿਫ਼ਤਾਰੀਆਂ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਤਿੰਨਾਂ ਨੂੰ ਅੱਗੇ ਦੀ ਪੁੱਛਗਿੱਛ ਲਈ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

ਸੀਨੀਅਰ ਪੁਲੀਸ ਅਧਿਕਾਰੀਆਂ ਦੇ ਨਾਲ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਇੰਚਾਰਜ ਹਰਨੂਰ ਸਿੰਘ ਮਾਨ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਜਦੋਂ ਕਿ ਫਿਰੌਤੀ, ਗੈਂਗਵਾਰ ਅਤੇ ਨਿਸ਼ਾਨਾ ਬਣਾ ਕੇ ਡਰਾਉਣ-ਧਮਕਾਉਣ ਦੇ ਸੰਭਾਵਿਤ ਪਹਿਲੂਆਂ ਦੀ ਜਾਂਚ ਜਾਰੀ ਹੈ।

## ਫਗਵਾੜਾ-ਜਲੰਧਰ ਜੀ.ਟੀ. ਰੋਡ ਫਲਾਈਓਵਰ 'ਤੇ ਕਾਰ ਨੂੰ ਲੱਗੀ ਅੱਗ; ਵਾਲ-ਵਾਲ ਬਚਿਆ ਪਰਿਵਾਰ

**ਫਗਵਾੜਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਫਗਵਾੜਾ-ਜਲੰਧਰ ਜੀ.ਟੀ. ਰੋਡ 'ਤੇ ਉਸ ਸਮੇਂ ਦਹਿਸ਼ਤ ਫੈਲ ਗਈ ਜਦੋਂ ਚੱਲਦੀ ਕਾਰ ਨੂੰ ਫਲਾਈਓਵਰ 'ਤੇ ਅਚਾਨਕ ਅੱਗ ਲੱਗ ਗਈ ਅਤੇ ਉਹ ਮਿੰਟਾਂ ਵਿੱਚ ਹੀ ਅੱਗ ਦੇ ਗੋਲੇ ਵਿੱਚ ਬਦਲ ਗਈ।ਫਾਇਰ ਬ੍ਰਿਗੇਡ ਦੇ ਪਹੁੰਚਣ ਅਤੇ ਅੱਗ 'ਤੇ ਕਾਬੂ ਪਾਉਣ ਤੋਂ ਪਹਿਲਾਂ ਹੀ ਗੱਡੀ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ।

ਫਾਇਰ ਅਫਸਰ ਨਿਤਿਨ ਸ਼ਿੰਗਾਰੀ ਨੇ ਦੱਸਿਆ ਕਿ ਵਿਭਾਗ ਨੂੰ ਫਗਵਾੜਾ ਫਲਾਈਓਵਰ 'ਤੇ ਕਾਰ ਨੂੰ ਅੱਗ ਲੱਗਣ ਬਾਰੇ ਇੱਕ ਅਲਰਟ ਮਿਲਿਆ ਸੀ, ਜਿਸ ਤੋਂ ਬਾਅਦ ਤੁਰੰਤ ਇੱਕ ਟੀਮ ਮੌਕੇ 'ਤੇ ਭੇਜੀ ਗਈ।

ਮੁੱਢਲੀ ਜਾਣਕਾਰੀ ਅਨੁਸਾਰ, ਖੰਨਾ ਤੋਂ ਜਲੰਧਰ ਜਾ ਰਿਹਾ ਇੱਕ ਪਰਿਵਾਰ ਜਦੋਂ ਫਲਾਈਓਵਰ ਪਾਰ ਕਰ ਰਿਹਾ ਸੀ ਤਾਂ ਉਨ੍ਹਾਂ ਨੇ ਗੱਡੀ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਕੁਝ ਹੀ ਪਲਾਂ ਬਾਅਦ, ਕਾਰ ਵਿੱਚ ਭਿਆਨਕ ਅੱਗ ਲੱਗ ਗਈ।

ਕਾਰ ਸਵਾਰ ਪਰਿਵਾਰਕ ਮੈਂਬਰ ਸਮੇਂ ਸਿਰ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ ਅਤੇ ਇਸ ਤਰ੍ਹਾਂ ਇੱਕ ਵੱਡੇ ਹਾਦਸੇ ਤੋਂ ਵਾਲ-ਵਾਲ ਬਚ ਗਏ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਪਰਿਵਾਰ ਦੇ ਸਾਰੇ ਮੈਂਬਰ ਸੁਰੱਖਿਅਤ ਹਨ।ਫਾਇਰ ਕਰਮਚਾਰੀਆਂ ਨੇ ਮੌਕੇ 'ਤੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਅੱਗ ਬੁਝਾ ਦਿੱਤੀ ਪਰ ਕਾਰ ਪਹਿਲਾਂ ਹੀ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੀ ਸੀ।ਉੱਧਰ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਅਜੇ ਜਾਰੀ ਹੈ।

## ਜਲੰਧਰ ਤੋਂ ਲਾਪਤਾ 2 ਨਾਬਾਲਗ ਲੜਕੀਆਂ ਜੰਮੂ ਕਸ਼ਮੀਰ ਤੋਂ ਬਰਾਮਦ

**ਜਲੰਧਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲੀਸ ਨੇ ਕੁਝ ਦਿਨ ਪਹਿਲਾਂ ਲਾਪਤਾ ਹੋਈਆਂ ਦੋ ਨਾਬਾਲਿਗ ਲੜਕੀਆਂ ਨੂੰ ਸਫਲਤਾਪੂਰਵਕ ਬਰਾਮਦ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਪੁਲੀਸ ਕਮਿਸ਼ਨਰ ਨੇ ਦੱਸਿਆ ਕਿ 22 ਨਵੰਬਰ ਨੂੰ ਥਾਣਾ ਡਿਵੀਜ਼ਨ ਨੰਬਰ 8, ਜਲੰਧਰ ਵਿੱਚ 14 ਅਤੇ 16 ਸਾਲਾ ਦੋ ਨਾਬਾਲਿਗ ਲੜਕੀਆਂ ਸਕੂਲ ਤੋਂ ਵਾਪਸ ਆਉਂਦੇ ਸਮੇਂ ਲਾਪਤਾ ਹੋਣ ਦੀ ਸੂਚਨਾ ਦਰਜ ਕਰਵਾਈ ਗਈ ਸੀ।ਇਸ ਸਬੰਧੀ ਸੂਚਨਾ ਮਿਲਦੇ ਹੀ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲੀਸ ਟੀਮ ਨੇ ਏਡੀਸੀਪੀ-9 ਅਤੇ ਏਸੀਪੀ ਨੋਰਥ ਦੀ ਅਗਵਾਈ ਹੇਠ ਤੁਰੰਤ ਜਾਂਚ ਸ਼ੁਰੂ ਕੀਤੀ ਅਤੇ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ। ਪੁਲੀਸ ਟੀਮ ਨੇ ਕਠੂਆ, ਜੰਮੂ ਤੇ ਕਸ਼ਮੀਰ ਵਿੱਚ ਸੰਯੁਕਤ ਕਾਰਵਾਈ ਦੌਰਾਨ ਪੁਲੀਸ ਨੇ ਦੋਵੇਂ ਨਾਬਾਲਗ ਲੜਕੀਆਂ ਨੂੰ ਸੁਰੱਖਿਅਤ ਬਰਾਮਦ ਕਰ ਲਿਆ ਅਤੇ ਘਟਨਾ ਵਿੱਚ ਸ਼ਾਮਲ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਮਾਮਲੇ ਦੀ ਅੱਗੇ ਜਾਂਚ ਜਾਰੀ ਹੈ।

## ਸਰਹੱਦ ਪਾਰੋਂ ਤਸਕਰੀ ਮਾਮਲਾ: ਸੱਤ ਪਿਸਤੌਲਾਂ ਸਣੇ ਦੋ ਕਾਬੂ

**ਅੰਮ੍ਰਿਤਸਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਹਥਿਆਰ ਤਸਕਰੀ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਸੱਤ ਆਧੁਨਿਕ ਪਿਸਤੌਲਾਂ ਸਮੇਤ ਕਾਬੂ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡੀਜੀਪੀ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਵਿੰਦਰ ਸਿੰਘ (32) ਵਾਸੀ ਪਿੰਡ ਭਿੰਡੀ ਨੈਣ, ਅੰਮ੍ਰਿਤਸਰ ਅਤੇ ਜੁਗਰਾਜ ਸਿੰਘ ਉਰਫ਼ ਜੱਗਾ (29) ਵਾਸੀ ਪਿੰਡ ਮੂੱਲਾ ਬਹਿਰਾਮ, ਅੰਮ੍ਰਿਤਸਰ ਵਜੋਂ ਹੋਈ ਹੈ। ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਮੁਲਜ਼ਮ ਪਾਕਿਸਤਾਨ ਆਧਾਰਿਤ ਹੈਂਡਲਰ ਜੋ ਉਨ੍ਹਾਂ ਨਾਲ ਵਟਸਐਪ ਰਾਹੀਂ ਗੱਲਬਾਤ ਕਰਦਾ ਸੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਲਈ ਸਥਾਨ ਅਤੇ ਡਿਲਿਵਰੀ ਰੂਟ ਨਿਰਧਾਰਤ ਕਰਦਾ ਸੀ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਪੁਲੀਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲੀਸ ਟੀਮ ਨੇ ਛਾਉਣੀ ਖੇਤਰ ਵਿੱਚ ਨਾਕਾਬੰਦੀ ਦੌਰਾਨ ਸ਼ੱਕੀ ਬਲਵਿੰਦਰ ਸਿੰਘ ਨੂੰ ਰੋਕਿਆ ਅਤੇ ਉਸਦੇ ਕਬਜ਼ੇ ਵਿੱਚੋਂ ਪੰਜ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ। ਬਲਵਿੰਦਰ ਦੇ ਖੁਲਾਸੇ ਦੇ ਆਧਾਰ 'ਤੇ ਪੁਲੀਸ ਨੇ ਛਾਪਾ ਮਾਰ ਕੇ ਉਸਦੇ ਸਾਥੀ ਜੁਗਰਾਜ ਸਿੰਘ ਉਰਫ਼ ਜੱਗਾ ਨੂੰ ਦੋ .30 ਬੋਰ ਦੇ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ।

## ਦੇਸ਼ ਭਰ ਵਿੱਚ ਕੁਝ ਉਡਾਣਾਂ ਨੂੰ ਗਲਤ ਸਿਗਨਲ ਮਿਲੇ: ਨਾਇਡੂ

**ਨਵੀਂ ਦਿੱਲੀ , 6 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**




ਸ਼ਹਿਰੀ ਹਵਾਬਾਜ਼ੀ ਮੰਤਰੀ ਕੇ ਰਾਮ ਮੋਹਨ ਨਾਇਡੂ ਨੇ ਅੱਜ ਸੰਸਦ ਵਿੱਚ ਦੱਸਿਆ ਕਿ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਨੇੜੇ ਆਉਣ ਵਾਲੀਆਂ ਉਡਾਣਾਂ ਵਿਚ ਜੀ ਪੀ ਐਸ ਸਪੂਫਿੰਗ (ਸਾਈਬਰ ਅਟੈਕ ਰਾਹੀਂ ਗਲਤ ਸਿਗਨਲ ਭੇਜ ਕੇ ਜਹਾਜ਼ਾਂ ਨੂੰ ਗੁੰਮਰਾਹ ਕਰਨਾ) ਬਾਰੇ ਜਾਣਕਾਰੀ ਮਿਲੀ। ਇਸ ਤੋਂ ਬਾਅਦ ਸੁਰੱਖਿਆ ਮਾਪਦੰਡ ਅਪਣਾਏ ਗਏ। ਉਨ੍ਹਾਂ ਰਾਜ ਸਭਾ ਵਿਚ ਲਿਖਤੀ ਜਵਾਬ ਵਿਚ ਕਿਹਾ ਕਿ ਕੁਝ ਉਡਾਣਾਂ ਦੇ ਰਨਵੇਅ 'ਤੇ ਪਹੁੰਚਣ ਸਬੰਧੀ ਗਲਤ ਸਿਗਨਲ ਦਿੱਤੇ ਗਏ। ਦੱਸਣਾ ਬਣਦਾ ਹੈ ਕਿ ਜੀ ਪੀ ਐਸ ਸਪੂਫਿੰਗ ਅਜਿਹੀ ਤਕਨੀਕ ਹੁੰਦੀ ਹੈ ਜਿਸ ਨਾਲ ਨਕਲੀ ਸੈਟੇਲਾਈਟ ਸਿਗਨਲ ਭੇਜ ਕੇ ਜਹਾਜ਼ਾਂ ਨੂੰ ਗਲਤ ਲੋਕੇਸ਼ਨ, ਦਿਸ਼ਾ ਤੇ ਸਮੇਂ ਬਾਰੇ ਗੁੰਮਰਾਹ ਕੀਤਾ ਜਾਂਦਾ ਹੈ ਤੇ ਜਦੋਂ ਪਾਇਲਟ ਇਨ੍ਹਾਂ ਨਕਲੀ ਸੰਦੇਸ਼ਾਂ ਜ਼ਰੀਏ ਲੈਂਡ ਕਰਨ ਲਗਦਾ ਹੈ ਤਾਂ ਪਤਾ ਲਗਦਾ ਹੈ ਕਿ ਇਹ ਹਵਾਈ ਅੱਡੇ ਦੀ ਥਾਂ ਹੋਰ ਕੋਈ ਥਾਂ ਹੈ। ਇਸ ਨਾਲ ਯਾਤਰੀਆਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾਇਆ ਜਾਂਦਾ ਹੈ।

ਸ੍ਰੀ ਨਾਇਡੂ ਨੇ ਪੁਸ਼ਟੀ ਕੀਤੀ ਕਿ ਕੋਲਕਾਤਾ, ਅੰਮ੍ਰਿਤਸਰ, ਮੁੰਬਈ, ਹੈਦਰਾਬਾਦ, ਬੰਗਲੁਰੂ ਅਤੇ ਚੇਨਈ ਸਮੇਤ ਦੇਸ਼ ਭਰ ਦੇ ਕਈ ਹਵਾਈ ਅੱਡਿਆਂ ਵਿੱਚ ਅਜਿਹੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਸਦਨ ਨੂੰ ਅਜਿਹੀਆਂ ਘਟਨਾਵਾਂ ਬਾਰੇ ਅਤੇ ਸੁਰੱਖਿਅਤ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਹਵਾਬਾਜ਼ੀ ਅਧਿਕਾਰੀਆਂ ਵਲੋਂ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ।

## ਅਕਾਲੀ ਦਲ ਨੇ ਔਲਖ ਨੂੰ ਉਮੀਦਵਾਰ ਐਲਾਨਿਆ

**ਸ੍ਰੀ ਗੋਇੰਦਵਾਲ ਸਾਹਿਬ, 6 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਦੀਆਂ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਹਲਕਾ ਖਡੂਰ ਸਾਹਿਬ ਵਿੱਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਜਿਸ ਨੂੰ ਲੈ ਕੇ ਅਕਾਲੀ ਦਲ ਨੇ ਜ਼ੋਨ ਗੋਇੰਦਵਾਲ ਸਾਹਿਬ ਤੋਂ ਜ਼ਿਲ੍ਹਾ ਪਰਿਸ਼ਦ ਚੋਣ ਲੜਨ ਲਈ ਅਕਾਲੀ ਦਲ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਔਲਖ ਦੇ ਨਾਮ 'ਤੇ ਮੋਹਰ ਲਾਈ ਹੈ। ਉੱਥੇ ਹੀ ਬਲਾਕ ਸਮਿਤੀ ਲਈ ਵੀ ਜ਼ੋਨ ਗੋਇੰਦਵਾਲ ਸਾਹਿਬ ਤੋਂ ਮੋਹਨ ਸਿੰਘ ਦੇ ਨਾਮ ਦਾ ਐਲਾਨ ਕੀਤਾ ਗਿਆ ਹੈ।

## ਸਾਹਨੀ ਨੇ ਅੰਮ੍ਰਿਤਸਰ ਤੇ ਮੁਹਾਲੀ ਤੋਂ ਕੌਮਾਂਤਰੀ ਉਡਾਣਾਂ ਦਾ ਮੁੱਦਾ ਰਾਜ ਸਭਾ ਵਿਚ ਚੁੱਕਿਆ

**ਨਵੀਂ ਦਿੱਲੀ , 6 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਤੋਂ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੰਮ੍ਰਿਤਸਰ ਅਤੇ ਮੁਹਾਲੀ ਹਵਾਈ ਅੱਡਿਆਂ ਤੋਂ ਆਉਣ-ਜਾਣ ਵਾਲੀਆਂ ਅੰਤਰਰਾਸ਼ਟਰੀ ਯਾਤਰੀ ਅਤੇ ਕਾਰਗੋ ਉਡਾਣਾਂ ਦੀ ਘਾਟ ਦਾ ਮੁੱਦਾ ਰਾਜ ਸਭਾ ਵਿਚ ਚੁੱਕਿਆ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਸਮੇਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਬਰਮਿੰਘਮ, ਬੈਂਕਾਕ, ਦੋਹਾ, ਦੁਬਈ, ਕੁਆਲਾਲੰਪੁਰ, ਲੰਡਨ (ਗੈਟਵਿਕ), ਮਿਲਾਨ, ਸ਼ਾਰਜਾਹ ਅਤੇ ਸਿੰਗਾਪੁਰ ਤੋਂ ਅੰਤਰਰਾਸ਼ਟਰੀ ਉਡਾਣਾਂ ਹਨ ਜਦੋਂ ਕਿ ਚੰਡੀਗੜ੍ਹ ਤੋਂ ਦੁਬਈ ਅਤੇ ਅਬੂਧਾਬੀ ਲਈ ਜਾਣ ਵਾਲੀਆਂ ਅੰਤਰਰਾਸ਼ਟਰੀ ਸੇਵਾਵਾਂ ਹਨ। ਡਾ. ਸਾਹਨੀ ਨੇ ਦੁਹਰਾਇਆ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦਿੱਲੀ 'ਤੇ 40 ਫੀਸਦ ਤੋਂ ਵੱਧ ਟ੍ਰੈਫਿਕ ਪੰਜਾਬ ਤੋਂ ਹੈ ਅਤੇ ਇਸ ਲਈ ਅੰਮ੍ਰਿਤਸਰ ਅਤੇ ਮੁਹਾਲੀ ਲਈ ਨਾਮਵਰ ਵਿਦੇਸ਼ੀ ਏਅਰਲਾਈਨਾਂ ਨੂੰ ਇਜਾਜ਼ਤ ਦੇਣ ਦੀ ਤੁਰੰਤ ਲੋੜ ਹੈ। ਡਾ. ਸਾਹਨੀ ਨੇ ਮੰਤਰੀ ਦੇ ਜਵਾਬ 'ਤੇ ਚਿੰਤਾ ਜ਼ਾਹਰ ਕੀਤੀ ਜਿਨ੍ਹਾਂ ਕਿਹਾ ਕਿ ਪੰਜਾਬ ਤੋਂ ਕਾਰਗੋ ਉਡਾਣਾਂ ਸ਼ੁਰੂ ਕਰਨ ਦੀ ਕੋਈ ਯੋਜਨਾ ਨਹੀਂ ਹੈ ਜਦਕਿ ਪੰਜਾਬ ਅਤੇ ਨਾਲ ਲੱਗਦੇ ਇਲਾਕਿਆਂ 'ਚੋਂ ਕਾਫ਼ੀ ਨਿਰਯਾਤ, ਖਾਸ ਕਰ ਕੇ ਬਾਗਬਾਨੀ ਉਤਪਾਦਾਂ ਦੇ ਨਿਰਯਾਤ ਦੀ ਵੱਡੀ ਸੰਭਾਵਨਾ ਹੈ।

# ਸੜਕਾਂ ਦੇ ਨਿਰਮਾਣ ਨਾਲ ਪੰਜਾਬ ਦੀ ਤਰੱਕੀ ਹੋਵੇਗੀ ਹੋਰ ਤੇਜ਼ : ਹਰਚੰਦ ਸਿੰਘ ਬਰਸਟ

**➢ ਆਮ ਆਦਮੀ ਪਾਰਟੀ ਦੀ ਸਰਕਾਰ ਦਾ 44,920 ਕਿਲੋਮੀਟਰ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਇਤਿਹਾਸਕ ਪ੍ਰੋਜੈਕਟ ➢ ਮੁੱਖ ਮੰਤਰੀ ਦੀ ਅਗਵਾਈ ਵਿੱਚ ਸੂਬੇ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਹਨ ਕਾਰਜ**

**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਵੱਡੇ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਮਿਸਾਲੀ ਕੰਮ ਕੀਤੇ ਹਨ, ਜਿਸ ਤੋਂ ਲੋਕ ਬਹੁਤ ਖੁਸ਼ ਹਨ ਅਤੇ ਆਪ ਸਰਕਾਰ ਤੇ ਭਰੋਸਾ ਹੋਰ ਮਜ਼ਬੂਤ ਹੋਇਆ ਹੈ। ਇਹਨਾਂ ਵਿਚਾਰਾ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ। ਸ. ਬਰਸਟ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿੱਚ ਕੋਈ ਕਮੀ ਨਹੀਂ ਛੱਡੀ ਜਾ ਰਹੀ। ਇਸੇ ਤਹਿਤ 16,209 ਕਰੋੜ ਰੁਪਏ ਦੀ ਲਾਗਤ ਨਾਲ 44,920 ਕਿਲੋਮੀਟਰ ਸੜਕਾਂ ਦੇ ਨਿਰਮਾਣ ਪ੍ਰੋਜੈਕਟ ਤੇ ਕਾਰਜ ਸ਼ੁਰੂ ਕੀਤਾ ਹੈ, ਜਿਸ ਵਿੱਚੋਂ 19,373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਸ਼ੁਰੂ ਹੋ ਚੁੱਕਾ ਹੈ, ਜਦੋਂ ਕਿ ਬਾਕੀ ਕਾਰਜ ਵੀ ਜਲਦ ਸ਼ੁਰੂ ਹੋ ਜਾਵੇਗਾ, ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਇਹ ਇਤਿਹਾਸਕ ਪ੍ਰੋਜੈਕਟ ਸੂਬੇ ਦੀ ਆਰਥਿਕ ਤਸਵੀਰ ਬਦਲ ਦੇਵੇਗਾ। ਸੂਬੇ ਦੀਆਂ ਸੜਕਾਂ ਦੇ ਨਿਰਮਾਣ ਨਾਲ ਲੋਕਾਂ ਦੀ ਰੋਜਾਨਾ ਦੀ ਯਾਤਰਾ ਹੋਰ ਤੇਜ਼, ਸੁਰੱਖਿਅਤ ਅਤੇ ਆਸਾਨ ਹੋ ਜਾਵੇਗੀ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇਣ ਲਈ ਵਿਸ਼ੇਸ਼ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਜਿੱਥੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆ ਜਾ ਰਹੀਆਂ ਹਨ, ਉੱਥੇ ਹੀ ਨੌਜਵਾਨਾਂ ਨੂੰ ਰੁਜਗਾਰ ਦੇ ਮੌਕੇ ਵੀ ਉਪਲਬਧ ਕਰਵਾਏ ਜਾ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 58000 ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਿਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁਕੀਆਂ ਹਨ। ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਨਾਉਣ ਲਈ ਜਿੱਥੇ ਇੱਕ ਪਾਸੇ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਉੱਥੇ ਹੀ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਰਾਜ ਭਰ ਵਿੱਚ ਖੇਲ ਮੈਦਾਨ ਬਣਾਏ ਜਾ ਰਹੇ ਹਨ। ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਦੇ ਉਦੇਸ਼ ਨਾਲ ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ, ਤਾਂ ਜੋ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਚੰਗੀਆਂ ਸਿਹਤ ਸਹੂਲਤਾਂ ਮਿਲ ਸਕਣ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦਿੱਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦਾ ਮੁੱਖ ਉਦੇਸ਼ ਸਿਰਫ਼ ਤੇ ਸਿਰਫ਼ ਵਿਕਾਸ ਹੈ ਅਤੇ ਇਸਦੇ ਤਹਿਤ ਹੀ ਸੂਬੇ ਵਿੱਚ ਜੰਗੀ ਪੱਧਰ ਤੇ ਵਿਕਾਸ ਕਾਰਜਾਂ ਨੂੰ ਅਮਲੀ-ਜਾਮ੍ਹਾਂ ਪਹਿਨਾਇਆ ਜਾ ਰਿਹਾ ਹੈ। ਸਰਕਾਰ ਦੀਆਂ ਇਨ੍ਹਾਂ ਲੋਕ ਪੱਖੀ ਨੀਤੀਆਂ ਕਰਕੇ ਲੋਕ ਦਿਨੋਂ-ਦਿਨ ਆਮ ਆਦਮੀ ਪਾਰਟੀ ਦੇ ਨਾਲ ਜੁੜਦੇ ਜਾ ਰਹੇ ਹਨ।

# ਜਪਾਨ ਦੇ ਕਾਰੋਬਾਰੀਆਂ ਨੂੰ ਪੰਜਾਬ 'ਚ ਨਿਵੇਸ਼ ਦਾ ਸੱਦਾ; ਭਗਵੰਤ ਮਾਨ ਵੱਲੋਂ ਵੱਡੀਆਂ ਕੰਪਨੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ



**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਪਾਨ ਦੌਰੇ ਦੀ ਸ਼ੁਰੂਆਤ ਅੱਜ ਟੋਕੀਓ ਦੇ ਏਡੋਗਾਵਾ ਗਾਂਧੀ ਪਾਰਕ 'ਚ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਕੀਤੀ। ਉਨ੍ਹਾਂ ਜਪਾਨ ਦੇ ਕਾਰੋਬਾਰੀਆਂ ਅੱਗੇ ਪੰਜਾਬ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਿਆਂ ਸੂਬੇ ਵਿੱਚ ਨਿਵੇਸ਼ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਜੇ ਬੀ ਆਈ ਸੀ, ਆਈਸਨ ਇੰਡਸਟਰੀ, ਯਾਮਾਹਾ, ਹੌਂਡਾ ਮੋਟਰਜ਼, ਜੇ ਆਈ ਸੀ ਏ ਦੱਖਣੀ ਏਸ਼ੀਆ ਵਿਭਾਗ ਦੇ ਡਾਇਰੈਕਟਰ ਜਨਰਲ, ਟੋਰੇ ਇੰਡਸਟਰੀਜ਼, ਫੁਜਿਤਸੂ ਲਿਮਟਿਡ ਅਤੇ ਹੋਰਾਂ ਕੰਪਨੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਐਡਵਾਂਸਡ ਮੈਨੂਫੈਕਚਰਿੰਗ, ਇਲੈਕਟ੍ਰਾਨਿਕਸ, ਫੂਡ ਪ੍ਰੋਸੈਸਿੰਗ, ਨਵਿਆਉਣਯੋਗ ਊਰਜਾ ਅਤੇ ਗਲੋਬਲ ਸਰਵਿਸਿਜ਼ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਜਪਾਨ ਨਾਲ ਰਣਨੀਤਕ ਸਮਝੌਤੇ ਦੀ ਇੱਛਾ ਪ੍ਰਗਟਾਈ। ਉਨ੍ਹਾਂ ਜਪਾਨੀ ਕੰਪਨੀਆਂ ਨੂੰ ਪੰਜਾਬ ਵਿੱਚ ਉੱਭਰ ਰਹੀਆਂ ਨਵੀਆਂ ਸੰਭਾਵਨਾਵਾਂ ਦੀ ਪੜਚੋਲ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬੇ ਦਾ ਭਵਿੱਖ ਇਨ੍ਹਾਂ ਖੇਤਰਾਂ ਦੀਆਂ ਜ਼ਰੂਰਤਾਂ ਅਨੁਸਾਰ ਨਵਾਂ ਰੂਪ ਲੈ ਰਿਹਾ ਹੈ। ਉਨ੍ਹਾਂ ਨਿਵੇਸ਼ਕਾਂ ਨੂੰ ਅਗਲੇ ਸਾਲ 13 ਤੋਂ 15 ਮਾਰਚ ਤੱਕ ਆਈ ਐੱਸ ਬੀ ਮੁਹਾਲੀ ਕੈਂਪਸ 'ਚ ਹੋਣ ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਦੁਹਰਾਇਆ ਕਿ ਪੰਜਾਬ ਤੇ ਜਪਾਨ ਵਿਸ਼ਵਾਸ, ਗੁਣਵੱਤਾ ਅਤੇ ਲੰਮੇ ਸਮੇਂ ਦੀ ਵਚਨਬੱਧਤਾ ਨਾਲ ਡੂੰਘੇ ਵਪਾਰਕ ਸਬੰਧਾਂ ਦੀ ਸਮਰੱਥਾ ਰੱਖਦੇ ਹਨ ਤੇ ਸੂਬਾ ਸਰਕਾਰ ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਉਨ੍ਹਾਂ ਸੂਬਾ ਸਰਕਾਰ ਵੱਲੋਂ ਜਪਾਨੀ ਨਿਵੇਸ਼ਕਾਂ ਨੂੰ ਹਰ ਪੱਖੋਂ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਦੌਰਾਨ ਜਪਾਨੀ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਪ੍ਰਤੀ ਡੂੰਘੀ ਦਿਲਚਸਪੀ ਦਿਖਾਈ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦੀ ਮਹੱਤਤਾ 'ਤੇ ਜ਼ੋਰ

**ਕੈਪੀਟਲ ਸਮਾਲ ਫਾਈਨੈਂਸ ਬੈਂਕ ਵੱਲੋਂ 'ਮੁੱਖ ਮੰਤਰੀ ਰੰਗਲਾ ਪੰਜਾਬ ਫੰਡ' ਵਿੱਚ 31 ਲੱਖ ਰੁਪਏ ਦਾ ਯੋਗਦਾਨ**

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ) ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਹਰੇਕ ਕਾਰਪੋਰੇਟ ਇਕਾਈ ਨੂੰ ਸਮਾਜ 'ਤੇ ਆਪਣੇ ਪ੍ਰਭਾਵ ਲਈ ਪੂਰੀ ਤਰ੍ਹਾਂ ਜਵਾਬਦੇਹ ਹੋਣ ਵਾਸਤੇ ਸੀ.ਐਸ.ਆਰ. ਗਤੀਵਿਧੀਆਂ ਕਰਨੀਆਂ ਚਾਹੀਦੀਆਂ ਹਨ। ਵਿੱਤ ਮੰਤਰੀ ਨੇ ਇਹ ਟਿੱਪਣੀ ਕੈਪੀਟਲ ਸਮਾਲ ਫਾਈਨਾਂਸ ਬੈਂਕ ਤੋਂ 'ਮੁੱਖ ਮੰਤਰੀ ਰੰਗਲਾ ਪੰਜਾਬ ਫੰਡ' ਲਈ ਰਸਮੀ ਤੌਰ 'ਤੇ ਯੋਗਦਾਨ ਪ੍ਰਾਪਤ ਕਰਨ ਸਮੇਂ ਕੀਤੀ।




ਫੰਡ ਵਿੱਚ ਯੋਗਦਾਨ ਵਜੋਂ ਕੈਪੀਟਲ ਸਮਾਲ ਫਾਈਨਾਂਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ.ਈ.ਓ. ਸਰਵਜੀਤ ਸਿੰਘ ਸਮਰਾ ਵੱਲੋਂ 31 ਲੱਖ ਰੁਪਏ ਦਾ ਚੈੱਕ ਵਿੱਤ ਮੰਤਰੀ ਨੂੰ ਸੌਂਪਿਆ ਗਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੈਂਕ ਵੱਲੋਂ ਖੁੱਲ੍ਹੇ ਦਿਲ ਨਾਲ ਫੰਡ ਵਿੱਚ ਯੋਗਦਾਨ ਦੇਣ ਦੇ ਉਪਰਾਲੇ ਅਤੇ ਸਮਾਜਿਕ ਜਵਾਬਦੇਹੀ ਪ੍ਰਤੀ ਅਦਾਰੇ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

ਇਸ ਫੰਡ ਦੇ ਮਹੱਤਵਪੂਰਨ ਉਦੇਸ਼ 'ਤੇ ਚਾਨਣਾ ਪਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ 'ਮੁੱਖ ਮੰਤਰੀ ਰੰਗਲਾ ਪੰਜਾਬ ਫੰਡ' ਵਿੱਚ ਪਾਏ ਜਾਣ ਵਾਲੇ ਯੋਗਦਾਨ ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਸੂਬੇ ਭਰ ਦੇ ਉਨ੍ਹਾਂ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਇਸ ਸਾਲ ਭਿਆਨਕ ਹੜ੍ਹਾਂ ਦੀ ਮਾਰ ਝੱਲੀ ਹੈ।

ਉਨ੍ਹਾਂ ਕਿਹਾ ਕਿ ਕੈਪੀਟਲ ਸਮਾਲ ਫਾਈਨਾਂਸ ਬੈਂਕ ਦਾ ਇਹ ਮਹੱਤਵਪੂਰਨ ਯੋਗਦਾਨ ਇਨ੍ਹਾਂ ਪਰਿਵਾਰਾਂ ਲਈ ਚੱਲ ਰਹੇ ਰਾਹਤ ਅਤੇ ਮੁੜ ਵਸੇਬਾ ਯਤਨਾਂ ਵਿੱਚ ਸਿੱਧੇ ਤੌਰ 'ਤੇ ਮਦਦਗਾਰ ਸਾਬਤ ਹੋਵੇਗਾ।

# ਸਭ ਤੋਂ ਮਹਿੰਗਾ 1.17 ਕਰੋੜ ਰੁਪਏ ਦਾ ਵਾਹਨ ਦਾ ਨੰਬਰ ਲੈਣ ਵਾਲਾ ਮੁੱਕਰਿਆ

**ਹਿਸਾਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਚਰਖੀ ਦਾਦਰੀ ਨਾਲ ਸਬੰਧਤ ਸਭ ਤੋਂ ਮਹਿੰਗਾ ਨੰਬਰ 1.17 ਕਰੋੜ ਰੁਪਏ ਵਿਚ ਹਾਸਲ ਕਰਨ ਵਾਲੇ ਨੇ ਅੱਜ ਪੂਰੀ ਰਕਮ ਦਾ ਭੁਗਤਾਨ ਨਾ ਕੀਤਾ ਜਿਸ ਕਾਰਨ ਟਰਾਂਸਪੋਰਟ ਅਧਿਕਾਰੀਆਂ ਵਲੋਂ ਸਭ ਤੋਂ ਮਹਿੰਗੇ ਵਾਹਨ ਰਜਿਸਟ੍ਰੇਸ਼ਨ ਨੰਬਰ ਨੂੰ ਮੁੜ ਨਿਲਾਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਨੰਬਰ ਲਈ ਪੂਰੀ ਰਕਮ ਅੱਜ ਦੁਪਹਿਰ ਤਕ ਜਮ੍ਹਾਂ ਕਰਵਾਉਣੀ ਸੀ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਫੈਂਸੀ ਨੰਬਰ 8♣8828888 ਲਈ ਬੋਲੀ ਦਾ ਜੇਤੂ ਚਰਖੀ ਦਾਦਰੀ ਜ਼ਿਲ੍ਹੇ ਦੇ ਬਾਧਰਾ ਸਬ-ਡਿਵੀਜ਼ਨ ਨਾਲ ਸਬੰਧਤ ਹੈ ਜਿਸ ਨੇ ਪਿਛਲੇ ਬੁੱਧਵਾਰ ਨੂੰ ਬੰਦ ਹੋਈ ਨਿਲਾਮੀ ਵਿੱਚ 1.17 ਕਰੋੜ ਰੁਪਏ ਦੀ ਸਭ ਤੋਂ ਵੱਧ ਬੋਲੀ ਹਾਸਲ ਕੀਤੀ ਸੀ। ਉਸ ਨੇ ਬੋਲੀ ਦੀ ਰਕਮ ਦਾ ਭੁਗਤਾਨ ਨਹੀਂ ਕੀਤਾ। ਇਸ ਲਈ ਉਸ ਦੀ 10,000 ਰੁਪਏ ਦੀ ਸੁਰੱਖਿਆ ਜਮ੍ਹਾਂ ਰਾਸ਼ੀ ਜ਼ਬਤ ਕਰ ਲਈ ਗਈ ਹੈ। ਅਧਿਕਾਰੀ ਨੇ ਕਿਹਾ ਕਿ ਹੁਣ ਇਸ ਨੰਬਰ ਨੂੰ ਕੱਲ੍ਹ ਤੋਂ ਸ਼ੁਰੂ ਹੋਣ ਵਾਲੀ ਨਿਲਾਮੀ ਪ੍ਰਕਿਰਿਆ ਵਿੱਚ ਮੁੜ ਨਿਲਾਮ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਹਿਸਾਰ ਦੇ ਰਹਿਣ ਵਾਲੇ ਸੁਧੀਰ ਕੁਮਾਰ ਨੇ ਇਸ ਸਬੰਧੀ ਬੋਲੀ ਜਿੱਤੀ ਸੀ।

ਜ਼ਿਕਰਯੋਗ ਹੈ ਕਿ ਨੰਬਰ ਪਲੇਟ HRHH28888 ਨੇ ਦੇਸ਼ ਭਰ ਵਿੱਚ ਉਸ ਵੇਲੇ ਹੰਗਾਮਾ ਮਚਾ ਦਿੱਤਾ ਸੀ ਜਦੋਂ ਇਸ ਸਬੰਧੀ ਆਨਲਾਈਨ ਬੋਲੀ 1.17 ਕਰੋੜ ਤੱਕ ਪਹੁੰਚ ਗਈ ਸੀ। ਇਸ ਮੌਕੇ 45 ਜਣਿਆਂ ਨੇ ਬੋਲੀ ਦਿੱਤੀ ਸੀ। ਇਸ ਬੋਲੀ ਲਈ ਮੂਲ ਕੀਮਤ 50,000 ਰੁਪਏ ਨਿਰਧਾਰਤ ਕੀਤੀ ਗਈ ਸੀ ਜੋ ਕਿ ਅਗਲੀ ਨਿਲਾਮੀ ਦੌਰਾਨ ਵੀ ਨਹੀਂ ਬਦਲੀ ਜਾਵੇਗੀ। ਫੈਂਸੀ ਨੰਬਰਾਂ ਲਈ ਬੋਲੀ ਵਿੱਚ ਹਿੱਸਾ ਲੈਣ ਲਈ ਸੁਰੱਖਿਆ ਮਨੀ ਵਜੋਂ 10,000 ਰੁਪਏ ਅਤੇ ਰਜਿਸਟ੍ਰੇਸ਼ਨ ਫੀਸ ਵਜੋਂ 1,000 ਰੁਪਏ ਜਮ੍ਹਾਂ ਕਰਵਾਉਣ ਦੀ ਲੋੜ ਹੁੰਦੀ ਹੈ। VIP/ਫੈਂਸੀ ਨੰਬਰਾਂ ਲਈ ਨਿਲਾਮੀ ਹਰ ਹਫ਼ਤੇ ਹੁੰਦੀ ਹੈ ਅਤੇ ਹਰੇਕ ਬੋਲੀ ਬੁੱਧਵਾਰ ਨੂੰ ਸ਼ਾਮ 5 ਵਜੇ ਬੰਦ ਹੁੰਦੀ ਹੈ।

# ਵਿਜੀਲੈਂਸ ਬਿਊਰੋ ਵੱਲੋਂ 3 ਲੱਖ ਰੁਪਏ ਰਿਸ਼ਵਤ ਲੈਂਦਾ ਰੈਂਟ ਕੁਲੈਕਟਰ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਪੰਜਾਬ ਵਕਫ਼ ਬੋਰਡ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਰੈਂਟ ਕੁਲੈਕਟਰ ਮੁਹੰਮਦ ਇਕਬਾਲ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 3,00,000/- ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਦੁਆਰਾ ਸਿੰਘ ਸਭਾ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਵਸਨੀਕ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਰੈਂਟ ਕੁਲੈਕਟਰ ਉਸਨੂੰ ਵਕਫ਼ ਬੋਰਡ ਜ਼ੀਰਾ ਵੱਲੋਂ ਅਲਾਟ ਕੀਤੀ ਗਈ ਜ਼ਮੀਨ ਦਾ ਕਬਜ਼ਾ ਦੇਣ ਬਦਲੇ ਸੀਨੀਅਰ ਅਧਿਕਾਰੀ ਦੇ ਨਾਮ 'ਤੇ ਉਸਤੋਂ 5,40,000/- ਰੁਪਏ ਰਿਸ਼ਵਤ ਮੰਗ ਰਿਹਾ ਹੈ। ਇਸ ਸਬੰਧ ਵਿੱਚ ਉਕਤ ਮੁਲਜ਼ਮ ਪਹਿਲਾਂ ਹੀ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਦੀ ਟੋਕਨ ਮਨੀ ਵਜੋਂ 70,000/- ਰੁਪਏ ਦੀ ਰਿਸ਼ਵਤ ਲੈ ਚੁੱਕਾ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵਕਫ਼ ਬੋਰਡ ਜ਼ੀਰਾ ਦੇ ਨਾਮ 'ਤੇ ਚੈੱਕਾਂ ਰਾਹੀਂ 2.98 ਲੱਖ ਰੁਪਏ ਦੀ ਸਰਕਾਰੀ ਫੀਸ ਪਹਿਲਾਂ ਹੀ ਅਦਾ ਕਰ ਚੁੱਕਾ ਸੀ, ਜਿਸ ਵਿੱਚ ਵਕਫ਼ ਬੋਰਡ ਜ਼ੀਰਾ ਤੋਂ ਲੀਜ਼ 'ਤੇ ਲਈ ਜਾਣ ਵਾਲੀ ਸੰਪਤੀ ਦੇ ਕਿਰਾਏ ਦੀ ਰਕਮ ਵੀ ਸ਼ਾਮਲ ਸੀ ਅਤੇ ਇਹੀ ਚੈੱਕ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਮੁਲਜ਼ਮ ਰੈਂਟ ਕੁਲੈਕਟਰ ਮੁਹੰਮਦ ਇਕਬਾਲ ਦੇ ਦਫ਼ਤਰ ਤੋਂ ਛਾਪੇਮਾਰੀ ਦੌਰਾਨ ਬਰਾਮਦ ਕੀਤੇ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਆਰਥਿਕ ਅਪਰਾਧ ਸ਼ਾਖਾ (ਈਓਡਬਲਿਊ) ਦੀ ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ ਦੂਜੀ ਕਿਸ਼ਤ ਵਜੋਂ 3,00,000/- ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ।

ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਈਓਡਬਲਿਊ, ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਲਜ਼ਮ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪਿੰਡ ਲੰਗ ਵਿੱਚ ਅੱਖਾਂ ਦਾ ਮੁਫਤ ਨਿਰੀਖਣ ਕੈਂਪ ਲਗਾਇਆ



**ਪਟਿਆਲਾ, 6 ਦਸੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਸਾਬਕਾ ਜਿਲਾ ਪ੍ਰਧਾਨ ਤੇ ਸਮਾਜ ਸੇਵਿਕਾ ਸ਼ਵੇਤਾ ਜਿੰਦਲ ਦੁਆਰਾ ਡੈਡੀਕੇਟਡ ਬ੍ਰਦਰਸ ਗਰੁਪ ਅਤੇ ਕਾਂਸਲ ਫਾਊਂਡੇਸ਼ਨ ਅਤੇ ਜਗਜੀਤ ਆਈ ਹਸਪਤਾਲ ਦੇ ਸਹਿਯੋਗ ਨਾਲ ਪਟਿਆਲਾ ਦਿਹਾਤੀ ਦੇ ਪਿੰਡ ਲੰਗ ਵਿਖੇ ਅੱਖਾਂ ਦਾ ਮੁਫਤ ਚੈਕਅਪ ਕੈਂਪ ਲਗਾਇਆ ਗਿਆ। ਜਿਸ ਦੌਰਾਨ ਮਰੀਜ਼ਾਂ ਦਾ ਮੁਫ਼ਤ 'ਚ ਅੱਖਾਂ ਦਾ ਨਿਰੀਖਣ ਕੀਤਾ ਗਿਆ, ਮੁਫ਼ਤ ਦਵਾਈਆਂ ਵੰਡੀਆਂ ਗਈਆਂ ਨਾਲ ਹੀ ਚਿੱਟੇ ਤੇ ਕਾਲੇ ਮੋਤੀਏ ਦਾ ਮੁਫ਼ਤ ਆਪਰੇਸ਼ਨ ਵੀ ਕੀਤਾ ਗਿਆ। ਇਸ ਕੈਂਪ ਦੌਰਾਨ ਲਗਭਗ 100 ਦੇ ਕਰੀਬ ਪਿੰਡ ਵਾਸੀਆਂ ਨੇ ਕੈਂਪ ਦਾ ਲਾਭ ਪ੍ਰਾਪਤ ਕੀਤਾ। ਇਸ ਮੌਕੇ ਡੈਡੀਕੇਟ ਬ੍ਰਦਰਸ ਗਰੁਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ ਜੀ ਅਤੇ ਕਾਂਸਲ ਫਾਊਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਜੀ ਵਿਸ਼ੇਸ਼ ਰੂਪ ਵਿੱਚ ਕੈਂਪ ਵਿੱਚ ਹਾਜ਼ਰ ਰਹੇ ।

ਕੈਂਪ ਵਿੱਚ ਮੁਹੰਮਦ ਰਮਜਾਨ ਢਿੱਲੋ, ਅਮਰਿੰਦਰ ਸੈਣੀ ,ਐਸ ਕੇ ਪਾਠੀ, ਸੁਨੀਤਾ ਕੁਮਾਰੀ ਪਰਮਜੀਤ ਕੌਰ ਅਤੇ ਲੰਗ ਤੋਂ ਪਿੰਡ ਦੇ ਸਰਪੰਚ ਸਾਹਿਬ, ਮੇਵਾ ਸਿੰਘ, ਬਲਵਿੰਦਰ ਸਿੰਘ, ਸੁਨੀਤਾ ਸ਼ਰਮਾ ਖਾਸ ਤੌਰ ਤੇ ਮੌਜੂਦ ਰਹੇ।

# ਐੱਨ ਓ ਸੀ ਨਾ ਮਿਲਣ 'ਤੇ ਅਕਾਲੀ ਆਗੂਆਂ ਤੇ ਬੀ ਡੀ ਪੀ ਓ ਵਿਚਾਲੇ ਬਹਿਸ

**ਪਟਿਆਲਾ, 6 ਦਸੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪੰਚਾਇਤ ਵਿਭਾਗ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਬੀ ਡੀ ਪੀ ਓ ਵਿਚਾਲੇ ਉਮੀਦਵਾਰਾਂ ਨੂੰ ਐੱਨ ਓ ਸੀ ਜਾਰੀ ਕਰਾਉਣ ਲਈ ਬਹਿਸ ਹੋਈ। ਇਸ ਮੌਕੇ ਨਾਭਾ ਕੋਤਵਾਲੀ ਤੋਂ ਐੱਸ ਐੱਚ ਓ ਸਰਬਜੀਤ ਸਿੰਘ ਚੀਮਾ ਨੇ ਮੌਕੇ 'ਤੇ ਜਾ ਕੇ ਗੱਲਬਾਤ ਸੰਭਾਲੀ ਪਰ ਅਕਾਲੀ ਆਗੂ ਸ਼ਾਮ ਤੱਕ ਦਫਤਰ 'ਚ ਡਟੇ ਰਹੇ। ਉਨ੍ਹਾਂ ਵੱਲੋਂ ਬੀ ਡੀ ਪੀ ਓ ਖ਼ਿਲਾਫ਼ ਚੋਣ ਕਮਿਸ਼ਨ ਨੂੰ ਸ਼ਿਕਾਇਤ ਵੀ ਭੇਜੀ ਗਈ।



ਨਾਭਾ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਵਿੱਚ ਪਾਰਟੀ ਦੇ ਆਗੂਆਂ ਨੇ ਵਿਰੋਧ ਜਤਾਇਆ ਕਿ ਪੰਚਾਇਤ ਵਿਭਾਗ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਖ਼ਿਲਾਫ਼ ਹੋਰਾਂ ਨੂੰ ਚੋਣਾਂ ਲੜਨ ਤੋਂ ਰੋਕਣਾ ਚਾਹੁੰਦਾ ਹੈ। ਜਿਵੇ ਪੰਚਾਇਤੀ ਚੋਣਾਂ ਦੌਰਾਨ ਕਈਆਂ ਦੇ ਨਾਮਜ਼ਦਗੀ ਪੱਤਰ ਹੀ ਖੋਹ ਕੇ ਪਾੜੇ ਜਾ ਰਹੇ ਸਨ, ਹੁਣ ਐੱਨ ਓ ਸੀ ਦੇਣ ਤੋਂ ਇਨਕਾਰੀ ਹੋ ਕੇ ਇਹ ਉਮੀਦਵਾਰਾਂ ਦੇ ਕਾਗਜ਼ ਰੱਦ ਕਰਾਉਣਾ ਚਾਹੁੰਦੇ ਹਨ। ਇਸ ਮੌਕੇ ਅਕਾਲੀ ਆਗੂਆਂ ਨੇ ਰੋਸ ਜਤਾਇਆ ਕਿ ਨਾਮਜ਼ਦਗੀਆਂ ਲਈ ਸਿਰਫ ਦੋ ਦਿਨ ਬਾਕੀ ਹਨ ਅਤੇ ਉਨ੍ਹਾਂ ਦੇ ਉਮੀਦਵਾਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਇਸ ਮੌਕੇ ਮੱਖਣ ਸਿੰਘ ਲਾਲਕਾ ਅਤੇ ਬੀਡੀਪੀਓ ਬਲਜੀਤ ਕੌਰ ਵਿਚਾਲੇ ਖ਼ਾਸੀ ਤੂੰ ਤੂੰ ਮੈਂ ਮੈਂ ਵੀ ਹੋਈ।

# ਯਵਰਾਜ ਸ਼ਰਮਾ ਕਾਂਗਰਸ ਨੂੰ ਛੱਡ ਕੇ ਸਾਥੀਆਂ ਸਮੇਤ ਭਾਜਪਾ 'ਚ ਹੋਏ ਸ਼ਾਮਿਲ

**ਭਾਜਪਾ ਆਗੂਆਂ ਨੇ ਸ਼ਰਮਾ ਨੂੰ ਕੀਤਾ ਸਨਮਾਨਿਤ ਅਤੇ ਜ਼ਿਲ੍ਹਾ ਚੋਣਾਂ ਵਿੱਚ ਉਮੀਦਵਾਰ ਵਜੋਂ ਉਤਾਰਨ ਦਾ ਲਿਆ ਫੈਸਲਾ**



ਭਾਜਪਾ ਵਿੱਚ ਸ਼ਾਮਿਲ ਹੋਣ ਸਮੇਂ ਯੁਵਰਾਜ ਸ਼ਰਮਾ ਜਸੋਵਾਲ ਨੂੰ ਸਨਮਾਨਿਤ ਕਰਨ ਸਮੇਂ ਬੀਬਾ ਜੈਇੰਦਰ ਕੌਰ ਵਿਜੇ ਕੂਕਾ ਐਡਵੋਕੇਟ ਸਤਬੀਰ ਸਿੰਘ ਖੱਟੜਾ ਆਦਿ ਹੋਰ ਪਤਵੰਤੇ

**ਪਟਿਆਲਾ, 6 ਦਸੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਹਲਕੇ ਅੰਦਰ ਜਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਭਾਜਪਾ ਵੱਲੋਂ ਉਮੀਦਵਾਰ ਉਦਾਹਰਨ ਦਾ ਫੈਸਲਾ ਲਿਆ ਗਿਆ ਹੈ ਜਿੱਥੇ ਇਹ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਵਿੱਚ ਵੱਖ ਵੱਖ ਅਹੁਦਿਆਂ ਤੇ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਜੱਸੋਵਾਲ ਦੇ ਸਾਬਕਾ ਸਰਪੰਚ ਯੁਵਰਾਜ ਸ਼ਰਮਾ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਮਹਿਲਾ ਆਗੂ ਬੀਬਾ ਜੈ ਇੰਦਰ ਕੌਰ, ਜਿਲਾ ਪ੍ਰਧਾਨ ਬੀ ਜੇ ਪੀ ਵਿਜੇ ਕੂਕਾ ਅਤੇ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਹੈ ਜਿੱਥੇ ਯੁਵਰਾਜ ਸ਼ਰਮਾ ਦਾ ਭਾਜਪਾ ਵਿੱਚ ਸ਼ਾਮਿਲ ਹੋਣ ਤੇ ਨਿੱਘਾ ਸਵਾਗਤ ਕੀਤਾ ਗਿਆ ਉਥੇ ਹੀ ਸਰਮਾ ਤੇ ਉਸ ਦੇ ਸਾਥੀਆਂ ਨੂੰ ਸੰਦੀਪ ਦੇ ਸਨਮਾਨਤ ਵੀ ਕੀਤਾ ਗਿਆ ਅਤੇ ਭਾਜਪਾ ਦੇ ਆਗੂਆਂ ਨੇ ਸ਼ਰਮਾ ਨੂੰ ਜਿਲਾ ਪਰਿਸ਼ਦ ਚੋਣਾਂ ਵਿੱਚ ਉਮੀਦਵਾਰ ਵਜੋਂ ਉਤਾਰਨ ਦਾ ਫੈਸਲਾ ਵੀ ਲਿਆ ਹੈ ਕਿਉਂਕਿ ਸ਼ਰਮਾ ਇੱਕ ਨਿਧੜਕ ਲੀਡਰ ਹਨ ਜੋ ਕਾਂਗਰਸ ਵਿੱਚ ਵੱਖ-ਵੱਖ ਅਹੁਦਿਆਂ ਤੇ ਰਹਿ ਕੇ ਕੰਮ ਕਰ ਚੁੱਕੇ ਹਨ ਜਿਨਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਖਟੜਾ ਦੀ ਅਗਵਾਈ ਹੇਠ ਇਸ ਨੂੰ ਭਾਜਪਾ ਵਿੱਚ ਸ਼ਾਮਿਲ ਕੀਤਾ ਗਿਆ ਹੈ ਇਸ ਮੌਕੇ ਬੀਬਾ ਜੈ ਇੰਦਰ ਕੌਰ ਵਿਜੇ ਕੂਕਾ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਕਿਹਾ ਕਿ ਅਜਿਹੇ ਹੋਣਹਾਰ ਨੌਜਵਾਨਾਂ ਦੀ ਪਾਰਟੀ ਨੂੰ ਲੋੜ ਹੈ ਕਿਉਂਕਿ ਭਵਿੱਖ ਵਿੱਚ ਭਾਜਪਾ ਨੌਜਵਾਨਾਂ ਵਰਗ ਨੂੰ ਹੀ ਨੁਮਾਇੰਦੀਆਂ ਦੇ ਕੇ ਨਵਾਜ਼ ਰਹੀ ਹੈ ਤਾਂ ਜੋ ਭਵਿੱਖ ਵਿੱਚ ਪੰਜਾਬ ਦੀ ਕਮਾਂਡ ਵੀ ਨੌਜਵਾਨਾਂ ਦੇ ਹੱਥ ਵਿੱਚ ਦਿੱਤੀ ਜਾ ਸਕੇ ਉਹਨਾਂ ਕਿਹਾ ਕਿ ਸੂਬੇ ਅੰਦਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਖਤਮ ਹੁੰਦੀ ਜਾ ਰਹੀ ਹੈ ਕਿਉਂਕਿ ਪੰਜਾਬ ਦੇ ਲੋਕਾਂ ਦਾ ਇਹਨਾਂ ਦੋਵੇਂ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਿਆ ਹੈ ਜਿਸ ਕਰਕੇ ਹੁਣ ਭਵਿੱਖ ਵਿੱਚ ਲੋਕ ਸੂਬੇ ਅੰਦਰ ਵੀ ਭਾਜਪਾ ਦੀ ਸਰਕਾਰ ਦੇਖਣ ਲਈ ਉਤਾਵਲੇ ਹਨ ਅਤੇ ਇਹਨਾਂ ਚੋਣਾਂ ਵਿੱਚ ਵੀ ਭਾਜਪਾ ਦੇ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਦਰਜ ਕਰਵਾਉਣਗੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਲਚਕਾਣੀ, ਗੁਰੀ ਸਿੱਧੂਵਾਲ ਆਦਿ ਵੀ ਹਾਜ਼ਰ ਸਨ।

# ਫਲੈਗ:ਪਟਿਆਲਵੀਆਂ ਨੂੰ ਕੂੜੇ ਦੀ ਬਦਬੂ ਤੋਂ ਮਿਲੇਗੀ ਰਾਹਤ; ਡੰਪਿੰਗ ਗਰਾਊਂਡ ਤੋਂ ਕੂੜਾ ਚੁੱਕ ਕੇ ਬਣਾਈ ਜਾਵੇਗੀ ਗਰੀਨ ਬੈਲਟ: ਮੇਅਰ ਕੁੰਦਨ ਗੋਗੀਆ

**➢ 1 ਲੱਖ 50 ਮੀਟ੍ਰਿਕ ਟਨ ਕੂੜੇ ਦੀ ਖਾਦ ਬਣਾ ਕੇ ਚੁੱਕ ਰਹੀ ਹੈ ਕੰਪਨੀ, 1 ਲੱਖ ਮੀਟ੍ਰਿਕ ਟਨ ਦਾ ਹੋਰ ਲਗਾਇਆ ਜਾ ਰਿਹਾ ਹੈ ਟੈਂਡਰ ➢ ਘਰ ਤੋਂ ਲੈ ਕੇ ਡੰਪਿੰਗ ਗਰਾਊਂਡ ਕੂੜੇ ਦੇ ਪ੍ਰਬੰਧ ਲਈ ਲਗਾਇਆ 52 ਕਰੋੜ ਰੁਪਏ ਮਨਜ਼ੂਰ**

**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਈ ਦਹਾਕਿਆਂ ਤੋਂ ਦਿੱਲੀ, ਸਨੌਰ, ਦੇਵੀਗੜ੍ਹ ਅਤੇ ਚੀਕਾ ਰੋਡ ਤੋਂ ਐਂਟਰੀ ਪੁਆਇੰਟ 'ਤੇ ਡੰਪਿੰਗ ਗਰਾਉਂਡ ਵਿਚ ਲੱਗੇ ਗੰਦਗੀ ਦੇ ਢੇਰਾਂ ਤੋਂ ਪਟਿਆਲਵੀਆਂ ਨੂੰ ਜਲਦ ਰਾਹਤ ਮਿਲਣ ਜਾ ਰਹੀ ਹੈ। ਕਿਉਂਕਿ ਨਗਰ ਨਿਗਮ ਨੇ ਇਥੇ ਕੰਪਨੀ ਨੂੰ ਠੇਕਾ ਦੇ ਕੇ ਕੂੜੇ ਦੀ ਖਾਦ ਬਣਾ ਕੇ ਉਸ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਇਸ ਕੰਮ ਦਾ ਜਾਇਜ਼ਾ ਲੈਣ ਲਈ ਅੱਜ ਮੇਅਰ ਕੁੰਦਨ ਗੋਗੀਆ ਨੇ ਪ੍ਰਾਜੈਕਟ ਦੇ ਇੰਚਾਰਜ ਨਾਰਾਇਣ ਦਾਸ, ਇੰਸ: ਹਰਵਿੰਦਰ ਸਿੰਘ ਨੂੰ ਨਾਲ ਲੈ ਕੇ ਡੰਪਿੰਗ ਗਰਾਊਂਡ ਨੂੰ ਕਲੀਨ ਕਰਨ ਲਈ ਮੌਕੇ ਦਾ ਜਾਇਜ਼ਾ ਲਿਆ ਅਤੇ ਕੰਪਨੀ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਕੰਮ ਨੂੰ ਨਿਰਧਾਰਤ ਸਮੇਂ ਵਿਚ ਖਤਮ ਕਰਨ ਦੇ ਨਿਰਦੇਸ਼ ਵੀ ਦਿੱਤੇ।



ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਕੂੜੇ ਨੂੰ ਖਾਦ ਬਣਾ ਕੇ ਡੰਪਿੰਗ ਗਰਾਊਂਡ ਨੂੰ ਕਲੀਨ ਕਰਨ ਦੇ ਪ੍ਰਜੈਕਟ ਦਾ ਜਾਇਜ਼ਾ ਲੈਂਦੇ ਹੋਏ ਅਤੇ ਮੌਕੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਪਟਿਆਲਾ ਸ਼ਹਿਰ ਦੇ ਮੱਥੇ 'ਤੇ ਲੱਗਿਆ ਇਹ ਕਲੰਕ ਕਾਂਗਰਸ ਅਤੇ ਅਕਾਲੀ ਸਰਕਾਰ ਦੀ ਦੇਣ ਹੈ। ਆਮ ਆਦਮੀ ਪਾਰਟੀ ਨੇ ਪਟਿਆਲਾ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਲੋਕਾਂ ਨੂੰ ਇਨ੍ਹਾਂ ਕੂੜੇ ਦੇ ਪਹਾੜਾ ਤੋਂ ਨਿਜਾਤ ਦਿਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਹਾਊਸ 10 ਮਹੀਨੇ ਪਹਿਲਾਂ ਹੀ ਬਣਿਆ ਹੈ ਅਤੇ ਨਗਰ ਨਿਗਮ ਨੇ ਇਸ ਕੂੜੇ ਤੋਂ ਸ਼ਹਿਰ ਨਿਵਾਸੀਆਂ ਨੂੰ ਨਿਜਾਤ ਦਿਵਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਕੂੜੇ ਤੋਂ ਖਾਦ ਬਣਾ ਕੇ ਡੰਪਿੰਗ ਗਰਾਉਂਡ ਕਲੀਨ ਕਰਨ ਲਈ 1 ਲੱਖ 50 ਮੀਟ੍ਰਿਕ ਕੂੜੇ ਦਾ ਟੈਂਡਰ ਦੇ ਕੇ ਕੰਪਨੀ ਵੱਲੋਂ ਕੰਮ ਕੀਤਾ ਜਾ ਰਿਹਾ ਹੈ ਅਤੇ ਕੁਝ ਹੀ ਦਿਨਾਂ ਵਿਚ 1 ਲੱਖ ਮੀਟ੍ਰਿਕ ਟਨ ਦਾ ਹੋਰ ਟੈਂਡਰ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਡੰਪਿੰਗ ਗਰਾਊਂਡ ਨੂੰ ਕਲੀਨ ਕਰਕੇ ਇਥੇ 4 ਕਰੋੜ ਰੁਪਏ ਲਗਾ ਕੇ ਗਰੀਨ ਬੈਲਟ ਨੂੰ ਵਿਕਸਤ ਕੀਤਾ ਜਾਵੇਗਾ। ਗਰੀਨ ਬੈਲਟ ਬਣਨ ਨਾਲ ਇਲਾਕਾ ਨਿਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਡੰਪਿੰਗ ਗਰਾਉਂਡ ਨਾਲ ਜੈਨ ਧਰਮ ਦਾ ਧਾਰਮਿਕ ਸਥਾਨ ਹੈ, ਜੈਨ ਸਮਾਜ ਦੀ ਮੰਗ ਨੂੰ ਵੀ ਨਗਰ ਨਿਗਮ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ 50 ਤੋਂ ਜਿਆਦਾ ਕਲੋਨੀਆਂ ਦੇ ਲੱਖਾਂ ਨਿਵਾਸੀਆਂ ਨੂੰ ਨਗਰ ਨਿਗਮ ਵੱਲੋਂ ਰਾਹਤ ਦਿਵਾਈ ਜਾਵੇਗੀ। ਇਸ ਇਲਾਕੇ ਦੇ ਲੋਕ ਪਿਛਲੇ ਕਈ ਦਹਾਕਿਆਂ ਤੋਂ ਕਾਂਗਰਸ ਅਤੇ ਅਕਾਲੀ ਦਲ ਦੀ ਸਰਕਾਰ ਤੋਂ ਲਗਾਤਾਰ ਮੰਗ ਕਰਦੇ ਆ ਰਹੇ ਹਨ, ਕਿ ਲੋਕਾਂ ਨੂੰ ਇਸ ਗੰਦਗੀ ਤੋਂ ਨਿਜਾਤ ਦਿਵਾਈ, ਪਰ ਕਿਸੇ ਨੇ ਕੁਝ ਨਹੀਂ ਕੀਤਾ, ਇਸ ਦੇ ਕਾਰਨ ਦੇ ਢੇਰ ਹੁਣ ਪਹਾੜ ਬਣ ਗਏ ਹਨ। ਆਮ ਆਦਮੀ ਪਾਰਟੀ ਨੂੰ ਪਟਿਆਲਾ ਦੇ ਲੋਕਾਂ ਨੇ ਨਗਰ ਨਿਗਮ ਚੋਣਾਂ ਵਿਚ ਜਿਤਾਇਆ,ਜਿਸ ਤੋਂ ਬਾਅਦ ਨਗਰ ਨਿਗਮ ਵੱਲੋਂ ਕੂੜੇ ਦਾ ਢੇਰ ਖਤਮ ਕਰਨ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਕੰਮ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਤਿੰਨ ਮਹੀਨਿਆ ਵਿਚ ਪਟਿਆਲਾ ਨੂੰ ਵੱਡੀ ਰਾਹਤ ਮਿਲੇਗੀ ਅਤੇ ਇਹ ਕੂੜੇ ਪਹਾੜ ਖਤਮ ਕਰ ਦਿੱਤੇ ਜਾਣਗੇ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਇਸ ਦੇ ਨਾਲ ਹੀ ਘਰ ਤੋਂ ਲੈ ਕੇ ਡੰਪਿੰਗ ਗਰਾਉਂਡ ਕੂੜੇ ਦੇ ਪ੍ਰਬੰਧ ਕਰਨ ਲਈ 52 ਕਰੋੜ ਰੁਪਏ ਮਨਜ਼ੂਰ ਹੋ ਗਏ ਹਨ ਅਤੇ ਇਸ ਦਾ ਜਲਦੀ ਹੀ ਟੈਂਡਰ ਲਗਾਇਆ ਜਾ ਰਿਹਾ ਹੈ। ਮੇਅਰ ਗੋਗੀਆ ਇਸ ਪ੍ਰਾਜੈਕਟ ਦੀ ਲਗਾਤਾਰ ਰਿਪੋਰਟ ਦੇਣ ਲਈ ਕਿਹਾ ਅਤੇ ਉਨ੍ਹਾ ਐਲਾਨ ਕੀਤਾ ਕਿ ਉਹ ਇਸ ਪ੍ਰਾਜੈਕਟ ਦੀ ਖੁਦ ਨਜਰਸਾਨੀ ਕਰਨਗੇ।

# ਮੇਅਰ ਪਟਿਆਲਾ ਵੱਲੋਂ ਰੇਹੜੀ ਵਾਲਿਆਂ ਨਾਲ ਮੀਟਿੰਗ; -ਡੋਰ-ਟੂ-ਡੋਰ ਕੂੜਾ ਕਲੈਕਸ਼ਨ ਬਣੇਗੀ ਹੋਰ ਪ੍ਰਭਾਵਸ਼ਾਲੀ: ਮੇਅਰ ਕੁੰਦਨ ਗੋਗੀਆ



**ਪਟਿਆਲਾ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਵਿਖੇ ਅੱਜ ਮੇਅਰ ਪਟਿਆਲਾ ਵੱਲੋਂ ਰੇਹੜੀ ਵਾਲਿਆਂ ਅਤੇ ਕੂੜਾ ਚੁਕਣ ਵਾਲੀਆਂ ਟੀਮਾਂ ਨਾਲ ਮਹੱਤਵਪੂਰਨ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼ਹਿਰ ਦੇ ਕੂੜਾ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਲਈ ਕਈ ਅਹਿਮ ਫ਼ੈਸਲੇ ਲਏ ਗਏ। ਮੀਟਿੰਗ ਦੌਰਾਨ ਮੇਅਰ ਨੇ ਕਿਹਾ ਕਿ ਸਫ਼ਾਈ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਡੋਰ-ਟੂ-ਡੋਰ ਕੂੜਾ ਕਲੈਕਸ਼ਨ ਇੱਕ ਮਹੱਤਵਪੂਰਨ ਕੜੀ ਹੈ, ਇਸ ਲਈ ਹਰ ਰੇਹੜੀ ਚਾਲਕ ਲਈ ਇਹ ਲਾਜ਼ਮੀ ਹੈ ਕਿ ਉਹ ਘਰਾਂ ਤੋਂ ਇਕੱਠਾ ਕੀਤਾ ਕੂੜਾ ਸਿੱਧਾ ਨਿਰਧਾਰਿਤ ਡੰਪ ਪੁਆਇੰਟ ਤੱਕ ਲੈ ਕੇ ਜਾਵੇ।

ਮੇਅਰ ਨੇ ਕਿਹਾ ਕਿ ਕੁਝ ਰੇਹੜੀ ਵਾਲੇ ਕੂੜਾ ਡੰਪ ਤੱਕ ਸੁੱਟਣ ਦੀ ਬਜਾਏ ਸੜਕਾਂ ਦੇ ਕਿਨਾਰਿਆਂ, ਖਾਲੀ ਪਲਾਟਾਂ ਜਾਂ ਮੁਹੱਲਿਆਂ ਦੇ ਸੁੰਨਸਾਨ ਹਿੱਸਿਆਂ ਵਿੱਚ ਸੁੱਟ ਦਿੰਦੇ ਹਨ, ਜਿਸ ਨਾਲ ਨਾ ਸਿਰਫ਼ ਸ਼ਹਿਰ ਗੰਦਾ ਹੁੰਦਾ ਹੈ, ਬਲਕਿ ਬਿਮਾਰੀਆਂ ਦੇ ਫੈਲਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸ ਲਈ ਨਗਰ ਨਿਗਮ ਵੱਲੋਂ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਜਿਹੜਾ ਵੀ ਰੇਹੜੀ ਚਾਲਕ ਕੂੜਾ ਗੈਰ-ਨਿਰਧਾਰਿਤ ਸਥਾਨ 'ਤੇ ਸੁੱਟੇਗਾ, ਉਸ ਦੇ ਖ਼ਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸੇ ਮੌਕੇ ਸ਼ਹਿਰ ਵਾਸੀਆਂ ਨੂੰ ਵੀ ਮੇਅਰ ਨੇ ਅਪੀਲ ਕੀਤੀ ਕਿ ਉਹ ਖਾਲੀ ਪਲਾਟਾਂ, ਨਿਕਾਸੀ ਵਾਲਿਆਂ ਨਾਲਿਆਂ ਜਾਂ ਸੜਕਾਂ 'ਤੇ ਕੂੜਾ ਨਾ ਸੁੱਟਣ। ਉਨ੍ਹਾਂ ਨੇ ਕਿਹਾ ਕਿ ਲੋਕ ਸਿਰਫ਼ ਰੇਹੜੀ ਵਾਲਿਆਂ ਨੂੰ ਕੂੜਾ ਸੌਂਪਣ ਅਤੇ ਸਵੱਛਤਾ ਅਭਿਆਨ ਵਿੱਚ ਭਾਗੀਦਾਰ ਬਣਨ।

ਮੀਟਿੰਗ ਦੌਰਾਨ ਸਫ਼ਾਈ ਇੰਸਪੈਕਟਰਾਂ ਅਤੇ ਨਿਗਮ ਕਰਮਚਾਰੀਆਂ ਨੂੰ ਵੀ ਨਿਰਦੇਸ਼ ਜਾਰੀ ਕੀਤੇ ਗਏ, ਤਾਂ ਜੋ ਪੂਰੇ ਸ਼ਹਿਰ ਵਿੱਚ ਸਫ਼ਾਈ ਪ੍ਰਣਾਲੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਰਹੇ ਅਤੇ ਪਟਿਆਲਾ ਨੂੰ ਹੋਰ ਵੀ ਸਾਫ਼-ਸੁਥਰਾ ਬਣਾਇਆ ਜਾ ਸਕੇ। ਇਸ ਮੌਕੇ ਹੈਲਥ ਅਫ਼ਸਰ ਨਵਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਕੇ ਤੇ ਮੌਜੂਦ ਰਹੇ ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਕਵਿਤਾ ਨੂੰ ਪਰਣਾਇਆ ਸ਼ਾਇਰ



ਮੰਗਲ ਕੰਦੋਲਾ
95012-72371

ਮੰਗਲ ਕੰਦੋਲਾ ਕਵਿਤਾ ਨੂੰ ਪਰਣਾਇਆ ਸ਼ਾਇਰ ਹੈ। ਉਸ ਦੇ ਬੋਲਾਂ ਵਿਚ ਰਵਾਨੀ ਹੈ। ਉਸ ਦੇ ਬੋਲਾਂ ਵਿਚ ਭਾਵੁਕਤਾ ਹੈ ਜਿਸ ਨੇ ਉਸ ਨੂੰ ਕਵੀ ਬਣਾਇਆ। ਕਵੀ ਦਾ ਅਚੇਤ ਮਨ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਜਜ਼ਬਾਤੀ ਹੋਣ ਦੀ ਚਿਣਗ ਗਰਭ ਕਾਲ ਤੋਂ ਹੀ ਵਿਗਸਣ ਲਗਦੀ ਹੈ।

ਮੰਗਲ ਦੇ ਚਿੰਤਕ ਮਨ ਅੰਦਰ ਖੌਰੂ ਪਾਉਂਦੇ ਵਲਵਲਿਆਂ ਅਤੇ ਜਜ਼ਬਾਤਾਂ ਦੇ ਭੰਡਾਰ ਨੂੰ ਮੈਂ ਤੱਕਿਆ ਹੈ ਪਰ ਉਹ ਭਾਵੁਕਤਾ ਨੂੰ ਆਪਣੀ ਕਵਿਤਾ 'ਤੇ ਭਾਰੂ ਨਹੀਂ ਹੋਣ ਦਿੰਦਾ। ਮੰਗਲ ਪੂੰਜੀਵਾਦ ਦੇ ਪਦਾਰਥਕ ਯੁੱਗ ਦੇ ਹਾਣ ਦਾ ਹੋਣ ਕਾਰਨ ਉਸ ਕੋਲ ਵਕਤ ਨੂੰ ਨੀਝ ਨਾਲ ਵੇਖਣ ਵਾਲੀ ਤੀਜੀ ਅੱਖ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਜ਼ਬਿਆਂ ਨਾਲ ਹੀ ਬੰਦਾ ਹੁੰਦਾ ਹੈ ਪਰ ਜੇਕਰ ਜਜ਼ਬਾਤ ਲੇਖਣੀ ਉੱਤੇ ਭਾਰੂ ਹੋ ਜਾਣ ਤਾਂ ਕਵੀ ਦਾ ਸਮਾਜ ਨੂੰ ਦਿੱਤਾ ਸੁਨੇਹਾ ਤਰਕਹੀਣ ਅਤੇ ਅਰਥਹੀਣ ਹੋ ਜਾਂਦਾ ਹੈ।

ਕਵਿਤਾ ਜਿੱਥੇ ਸੰਤ/ਫ਼ਕੀਰਾਂ ਦੇ ਸੰਵਾਦ ਦਾ ਸੁਭਾਗ ਬਣੀ ਹੈ, ਉਥੋਂ ਰਜਵਾੜਾ ਦੌਰ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਵੀ ਬਣਦੀ ਰਹੀ ਹੈ। ਸੰਵਾਦ ਦੇ ਸਬੱਬ ਵਿਚ ਕਵਿਤਾ ਜੀਵਨ ਲਈ ਉਤਰਦੀ ਹੈ ਅਤੇ ਮਹਿਫ਼ਲਾਂ ਦੇ ਦੌਰ ਵਿਚ ਕਵਿਤਾ ਕਲਾ ਲਈ ਸ਼ਿੰਗਾਰ ਬਣਦੀ ਹੈ। ਕਾਵਿ ਸਿਰਜਣਾ ਜਦੋਂ ਜੀਵਨ ਲਈ ਹੋਣ ਦੀ ਬਿਜਾਇ ਕਲਾ ਦੀ ਤਰਫ਼ਦਾਰੀ ਕਰਨ ਲੱਗ ਪਵੇ ਤਾਂ ਉਦੋਂ ਕਵਿਤਾ ਵਿੱਚੋਂ ਇਨਸਾਨੀਅਤ ਮਨਫ਼ੀ ਹੋ ਜਾਣ ਦਾ ਤੌਖਲਾ ਹੁੰਦਾ ਹੈ।

ਮੰਗਲ ਕੋਲ ਕਵਿਤਾ ਦੇ ਸੰਵਾਦ ਨੂੰ ਤਕਨੀਕੀ ਸ਼ਬਦਾਂ ਰਾਹੀਂ ਕਹਿਣ ਦੀ ਜੁਗਤ ਹੈ। ਜੀਵਨ ਦੇ ਸੁਹਜ ਦਾ ਬਦਲਦਾ ਸਰੂਪ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਾਵਿ ਸਿਰਜਣਾ ਦਾ ਢੰਗ ਵੀ ਬਦਲ ਰਿਹਾ ਹੈ।

ਅਤਿ ਆਧੁਨਿਕ ਅਤੇ ਸੰਚਾਰ ਸਾਧਨਾਂ ਦੇ ਅਜੋਕੇ ਪਦਾਰਥਕ ਯੁੱਗ ਅੰਦਰ ਜੀਅ ਰਹੇ ਮਨੁੱਖ ਦੀ ਸੋਚਣ ਪ੍ਰਕਿਰਿਆ ਵੀ ਬਦਲ ਰਹੀ ਹੈ। ਇਨ੍ਹਾਂ ਬਦਲਦੀਆਂ ਪ੍ਰਸਥਿਤੀਆਂ ਅੰਦਰ ਕਵਿਤਾ ਦਾ ਭਾਸ਼ਾਈ ਮੁਹਾਵਰਾ ਵੀ ਬਦਲ ਰਿਹਾ ਹੈ। ਇਹੀ ਕਾਰਨ ਹੈ ਕਿ ਕਵੀ ਨੇ ਬਦਲਦੇ ਹਾਲਾਤ ਸੰਗ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਉਹ ਤਕਨੀਕੀ ਯੁੱਗ ਦੀ ਪੈਦਾਵਾਰ ਹਨ। ਇਸ ਪੁੰਗਰਦੇ ਸ਼ਾਇਰ ਨੇ ਜੀਵਨ ਦੇ ਸੁਹਜ ਨੂੰ ਮਨ ਦੇ 'ਮੰਗਲ' ਰਾਹੀਂ ਤਕਨੀਕੀ ਅਤੇ ਨਿਵੇਕਲੀ ਸ਼ੈਲੀ ਰਾਹੀਂ ਬਿਆਨ ਕੇ ਮੇਰੀ ਉਮੀਦ ਨੂੰ ਬੂਰ ਪਾਇਆ ਹੈ। ਆਓ ਮਾਣਦੇ ਹਾਂ ਉਸ ਦੀ ਕਵਿਤਾ ਦੇ ਰੰਗ।

• **ਡਾ. ਬਲਵਿੰਦਰ ਸਿੰਘ ਥਿੰਦ**
**ਮੋਬਾਈਲ** 9417606572

## ਕਵਿਤਾ

### ਮੁਜਰਾ



ਮੁਜਰੇ ਦਾ ਅਨੰਦ ਲੈ ਰਹੇ ਨਵਾਬ ਦੀ ਠਾਠ ਵਾਂਗ
ਸਟੱਡੀ-ਟੇਬਲ 'ਤੇ ਬਿਰਾਜਮਾਨ ਹੈ ਮੇਰਾ ਲੈਪਟਾਪ ਸਾਹਮਣੇ!
ਕੀ-ਬੋਰਡ 'ਤੇ ਨੱਚ ਰਹੀਆਂ ਨੇ ਉਂਗਲਾਂ ਅੱਜ-ਕੱਲ੍ਹ
ਸੁੰਦਰ ਤੇ ਸਮਰਪਿਤ ਸਾਖੀ ਬਣ 'ਚਾਰਜਰ' ਲਗਾਤਾਰ
ਵਰਤਾਅ ਰਿਹਾ ਹੈ ਸੋਮਰਸ ਰੂਪੀ ਬਿਜਲੀ ਦੇ ਘੁੱਟਾਂ ਨੂੰ
ਮਹਿਫ਼ਲ ਨੂੰ ਗਹਿਮਾ ਰਹੇ ਨੇ ਪਤਵੰਤੇ ਸ਼ਾਹੀ ਸੱਜਣ
ਟੇਬਲ ਕਲਾਕ, ਟੇਬਲ ਲੈਂਪ, ਪ੍ਰਿੰਟਰ ਅਤੇ
ਮੁੱਖ ਮਹਿਮਾਨ ਵਜੋਂ ਇੰਟਰਨੈੱਟ ਵਾਲੇ 'ਮੈਡਮ' ਜੀ।
ਮੈਂ ਵੀ ਸ਼ਾਮਿਲ ਹਾਂ ਇਨ੍ਹਾਂ ਮਹਿਮਾਨਾਂ ਦੀ ਭੀੜ ਵਿਚ
ਸਜੀ ਹੈ ਮਹਿਫ਼ਲ ਮੇਰੇ ਪੜ੍ਹਾਈ-ਕਕਸ਼ ਵਿਚ
ਮੇਰੀ ਰਿਆਸਤ ਅੰਦਰ
ਜਿਸ ਨੂੰ ਖ਼ੁਦ ਕਾਇਮ ਕੀਤਾ ਹੈ।
ਕੱਚੀਆਂ ਪੈਨਸਿਲਾਂ, ਕਾਪੀਆਂ, ਫੱਟੀਆਂ
ਅਤੇ ਦਵਾਤਾਂ ਦੀ ਕੁਰਬਾਨੀ ਦੇ ਕੇ!

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਕੰਮ ਦੀਆਂ ਗੱਲਾਂ

- ਸੋਚ ਬਦਲੇਗੀ ਤਾਂ ਕਰਮ ਬਦਲੇਗਾ, ਕਰਮ ਬਦਲੇਗਾ ਤਾਂ ਜ਼ਿੰਦਗੀ ਬਦਲੇਗੀ ਤੇ ਸੋਚ ਉਦੋਂ ਬਦਲੇਗੀ ਜਦੋਂ ਇਨਸਾਨ ਵਿਚ 'ਮੈਂ' ਜਾਣੀ ਕਿ ਅਹੰਕਾਰ ਖ਼ਤਮ ਹੋ ਕੇ ਕੁਝ ਨਵਾਂ ਸਿਖਣ ਦੀ ਚਾਹਤ ਹੋਵੇਗੀ।
- ਕਿਸੇ ਨੂੰ ਪਿੱਛੇ ਖਿਚਣ ਦਾ ਨਹੀਂ ਖ਼ੁਦ ਨੂੰ ਅੱਗੇ ਲਿਜਾਣ ਦਾ ਜਜ਼ਬਾ ਰੱਖੋ ।
- ਜਦੋਂ ਸੁੱਖ-ਦੁੱਖ, ਹਾਨੀ-ਲਾਭ, ਚੰਗਾ-ਬੁਰਾ, ਇੱਕੋ ਜਿਹਾ ਲਗਦਾ ਹੈ ਤਾਂ ਸੱਚ ਮੁੱਚ ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ।
- ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਫਲ਼ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਹੋਵੇਗਾ।
- ਅੱਜ ਇਨਸਾਨ ਜੋ ਵੀ ਹੈ ਉਹ ਆਪਣੀ ਹੀ ਇੱਛਾ ਅਤੇ ਕਰਮ ਦਾ ਨਤੀਜਾ ਹੈ ।
- ਕੁਦਰਤ ਕੋਲ ਹਰ ਬਿਮਾਰੀ ਦਾ ਇਲਾਜ ਤੇ ਸਮੱਸਿਆ ਦਾ ਹੱਲ ।
- ਜਿਵੇਂ ਸਾਗਰ ਲਹਿਰਾਂ ਤੋਂ ਬਿਨਾਂ ਨਹੀਂ ਹੁੰਦਾ ਜ਼ਿੰਦਗੀ ਵੀ ਸੁੱਖ-ਦੁੱਖ ਤਕਲੀਫ਼ਾਂ ਆਦਿ ਤੋਂ ਬਿਨਾਂ ਨਹੀਂ ਹੁੰਦੀ।

• **ਕਿਰਨਪ੍ਰੀਤ ਕੌਰ**

**ਘੋੜੀਆਂ ਹਰ ਖ਼ਿੱਤੇ ਦੀ ਆਪਣੀ ਬੋਲੀ ਤੇ ਬਣਤਰ ਪੱਖੋਂ ਸਰਲ ਹੁੰਦੀਆਂ ਹਨ। ਇਹ ਲੋਕ ਗੀਤ ਵਿਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇ ਦੀਆਂ ਔਰਤਾਂ ਵੱਲੋਂ ਮੁੰਡੇ ਦੇ ਖ਼ਾਨਦਾਨ ਦੀ ਵਡਿਆਈ ਤੇ ਵਿਆਹ ਦੀ ਸ਼ਾਨ ਦਾ ਵਰਣਨ ਹੁੰਦਾ ਹੈ...**



# ਜਾਮਾ ਤੇਰਾ ਵੇ ਮੱਲਾ ਸੋਹਣਾ

**ਅਜੋਕੀ ਨੌਜਵਾਨ ਪੀੜ੍ਹੀ ਆਪਣੇ ਲੋਕ ਗੀਤਾਂ ਨੂੰ ਵਿਸਾਰਦੀ ਜਾ ਰਹੀ ਹੈ। ਘੋੜੀਆਂ, ਸੁਹਾਗ, ਟੱਪੇ, ਮਾਹੀਏ. ਸਿੱਠਣੀਆਂ ਆਦਿ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣ ਕੇ ਰਹਿ ਗਏ ਹਨ। ਹੁਣ ਇਨ੍ਹਾਂ ਦੀ ਜਗ੍ਹਾ ਅਸ਼ਲੀਲ ਗੀਤਾਂ ਨੇ ਲੈ ਲਈ ਹੈ...**

ਅਰਵਿੰਦ ਕੁਮਾਰ

ਲੋਕ ਗੀਤ ਪੰਜਾਬੀ ਸੱਭਿਆਚਾਰ ਨੂੰ ਨਿਵੇਕਲੀ ਪਛਾਣ ਦਿਵਾਉਂਦੇ ਹਨ। ਸੁਹਾਗ, ਸਿੱਠਣੀਆਂ, ਛੰਦ, ਬੋਲੀਆਂ, ਟੱਪੇ ਆਦਿ ਲੋਕ ਗੀਤਾਂ ਦੇ ਵੱਖੋ-ਵੱਖਰੇ ਰੂਪ ਸੱਭਿਆਚਾਰ ਦੀ ਜਿੰਦ-ਜਾਨ ਹਨ। ਇਨ੍ਹਾਂ ਲੋਕ ਗੀਤਾਂ ਦਾ ਹੀ ਇਕ ਰੂਪ ਹੈ 'ਘੋੜੀਆਂ'।

ਵਿਆਹ ਦੇ ਦਿਨਾਂ ਵਿਚ ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲੇ ਲੋਕ ਗੀਤ 'ਘੋੜੀਆਂ' ਅਖਵਾਉਂਦੇ ਹਨ। ਘੋੜੀਆਂ ਇਸਤਰੀਆਂ ਰਲ਼ ਦੇ ਗਾਉਂਦੀਆਂ ਹਨ। ਇਹ ਹਰ ਖ਼ਿੱਤੇ ਦੀ ਆਪਣੀ ਬੋਲੀ ਵਿਚ ਹੁੰਦੀਆਂ ਹਨ ਤੇ ਬਣਤਰ ਪੱਖੋਂ ਸਰਲ ਹੁੰਦੀਆਂ ਹਨ। ਘੋੜੀ ਲੋਕ ਗੀਤ ਵਿਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇ ਦੀਆਂ ਔਰਤਾਂ ਵੱਲੋਂ ਮੁੰਡੇ ਦੇ ਖਾਨਦਾਨ ਦੀ ਵਡਿਆਈ ਤੇ ਵਿਆਹ ਦੇ ਰੂਪ ਵਿਚ ਇਸ ਖਾਨਦਾਨ ਦੇ ਜਲੌ ਦਾ ਵਰਨਣ ਹੁੰਦਾ ਹੈ। ਉਸ ਦੇ ਨਾਲ ਹੀ ਘੋੜੀਆਂ ਰਾਹੀਂ ਮੁੰਡੇ ਦੇ ਨਾਲ ਉਸ ਦੇ ਮਾਪਿਆਂ ਤੇ ਸਾਕ-ਸੰਬੰਧੀਆਂ ਦੇ ਲੰਮੇ ਮੋਹ ਦਾ ਰਿਸ਼ਤਾ ਅਤੇ ਲਾਡ-ਪਿਆਰ ਦੱਸਿਆ ਹੁੰਦਾ ਹੈ। ਨਾਲ ਹੀ ਉਸ ਦੇ ਭਵਿੱਖ ਬਾਰੇ ਸ਼ੁੱਭ ਕਾਮਨਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ।

ਜੇ ਤੂੰ ਚੜ੍ਹਿਆ ਵੀਰਾ ਘੋੜੀ ਵੇ
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ।

ਘੋੜੀਆਂ ਰਾਹੀਂ ਵਿਆਹੇ ਜਾਣ ਵਾਲੇ ਮੁੰਡੇ ਨੂੰ ਜਨਮ ਤੋਂ ਹੀ ਭਾਗਾਂ ਵਾਲਾ ਦੱਸਿਆ ਜਾਂਦਾ ਹੈ। ਉਸ ਦੇ ਜਨਮ 'ਤੇ ਸਾਰਿਆਂ ਨੂੰ ਕਿਵੇਂ ਤੋਹਫ਼ੇ ਵੰਡੇ ਗਏ ਆਦਿ ਦਾ ਵਰਨਣ ਘੋੜੀਆਂ ਵਿਚ ਆਮ ਹੀ ਮਿਲਦਾ ਹੈ :

ਹਰਿਆ ਨੀ ਮਾਏਂ ਹਰਿਆ ਨੀ ਭੈਣੇ
ਹਰਿਆ ਤੇ ਭਾਗੀ ਭਰਿਆ
ਜਿਸ ਦਿਹਾੜੇ ਮੇਰਾ
ਹਰਿਆ ਨੀ ਜੰਮਿਆ
ਸੋਈਓ ਦਿਹਾੜਾ ਭਾਗੀ ਭਰਿਆ...।

ਇਨ੍ਹਾਂ ਘੋੜੀਆਂ ਵਿਚ ਮੁੰਡੇ ਦੇ ਪਰਵਾਰ ਦੀ ਆਰਥਿਕ ਖੁਸ਼ਹਾਲੀ ਤੇ ਉੱਚ ਸਮਾਜਿਕ ਰੁਤਬੇ ਦੀ ਵਡਿਆਈ ਵੀ ਕੀਤੀ ਜਾਂਦੀ ਹੈ :

ਉਤਰ ਭਾਬੋ ਡੋਲੀਓਂ
ਵੇਖ ਸਹੁਰੇ ਦਾ ਬਾਰ
ਕੰਧਾਂ ਚਿੱਤਮ ਚਿਤੀਆਂ
ਹਾਥੀ ਝੂਲਦੇ ਬਾਰ।

ਇਨ੍ਹਾਂ ਘੋੜੀਆਂ ਵਿਚ ਘੋੜੀ ਚੜ੍ਹਨ ਵੇਲੇ ਦੀ ਸ਼ਾਨ ਨੂੰ ਭਿੰਨ-ਭਿੰਨ ਤਰੀਕਿਆਂ ਨਾਲ ਬਿਆਨਿਆ ਹੁੰਦਾ ਹੈ। ਮੁੰਡੇ ਦੇ ਬਸਤਰ, ਉਸ ਦਾ ਸਿਹਰਾ, ਇੱਥੋਂ ਤਕ ਕਿ ਲਾੜੇ ਦੀ ਜੁੱਤੀ ਦੀ ਮਹਿਮਾ ਵੀ ਰੱਜ ਕੇ ਕੀਤੀ ਜਾਂਦੀ ਹੈ :

-ਬੜੀ ਮੜ੍ਹਕ ਨਾਲ ਤੁਰਦਾ ਨੀ
ਲੜਕਾ ਬਾਦਸ਼ਾਹਾਂ ਦਾ।
-ਜਾਮਾ ਤੇਰਾ ਵੇ ਮੱਲਾ ਸੋਹਣਾ
ਬਣਦਾ ਤਣੀਆਂ ਦੇ ਨਾਲ
ਤਣੀ ਡੇਢ ਤੇ ਹਜ਼ਾਰ
ਮੈਂ ਬਲਿਹਾਰੀ ਵੇ
ਮਾਂ ਦਿਆਂ ਸਰਜਣਾ...।

ਇਨ੍ਹਾਂ ਘੋੜੀਆਂ ਰਾਹੀਂ ਲੜਕੇ ਦੇ ਸਹੁਰੇ ਘਰ ਨੂੰ ਵੀ ਉੱਚਾ ਦੱਸਿਆ ਜਾਂਦਾ ਹੈ। ਉਨ੍ਹਾਂ ਦੇ ਸਮਾਜ ਵਿਚਲੇ ਉੱਚੇ ਰੁਤਬੇ ਦਾ ਵਰਨਣ ਕੀਤਾ ਜਾਂਦਾ ਹੈ, ਜਿਸ ਕਾਰਨ ਮੁੰਡਾ ਤੇ ਉਸ ਦੇ ਪਰਿਵਾਰ ਵਾਲੇ ਉਚੇਰੇ ਜਾਪਦੇ ਹਨ :

ਛੈਲ ਨਵਾਬਾਂ ਦੇ ਘਰ ਢੁਕਣਾ
ਉਮਰਾਵਾਂ ਦੀ ਤੇਰੀ ਚਾਲ
ਵਿੱਚ ਸਰਦਾਰਾਂ ਦੇ ਤੇਰਾ ਬੈਠਣਾ
ਮੈਂ ਬਲਿਹਾਰੀ ਵੇ
ਮਾਂ ਦਿਆਂ ਸੁਰਜਣਾ...।

ਘੋੜੀਆਂ ਰਾਹੀਂ ਲੜਕੇ ਦੀਆਂ ਸਾਲੀਆਂ ਤੇ ਵਿਆਹ ਕੇ ਲਿਆਂਦੀ ਜਾਣ ਵਾਲੀ ਕੁੜੀ ਦੀ ਸੁੰਦਰਤਾ ਤੇ ਉਸ ਦੇ ਗੁਣਾਂ ਦੀ ਤਾਰੀਫ਼ ਵੀ ਖ਼ੂਬ ਕਰਦੀਆਂ ਹਨ :



ਭੈਣੇ ਸਾਲੀਆਂ ਚੰਬੇ ਦੀਆਂ ਡਾਲੀਆਂ
ਮੇਰੀ ਨਾਰ ਏ ਤਿੱਲੇ ਦੀ ਤਾਰ
ਨੀ ਚੁਗ ਲਿਆਇਓ ਸੂ
ਚੰਬਾ ਤੇ ਗੁਲਾਬ...।

ਘੋੜੀਆਂ ਵਿਚ ਹੋਰ ਨਿੱਕੇ-ਨਿੱਕੇ ਵੇਰਵੇ, ਘੋੜੀ ਚੜ੍ਹਨ ਵੇਲੇ ਦੀਆਂ ਰਸਮਾਂ, ਘੋੜੀ ਦੇ ਸ਼ਿੰਗਾਰ, ਵਿਆਹ ਦੀਆਂ ਹੋਰ ਰਸਮਾਂ ਆਦਿ ਦਾ ਵਰਨਣ ਵੀ ਕੀਤਾ ਗਿਆ ਹੈ।

ਅਜੋਕੀ ਨੌਜਵਾਨ ਪੀੜ੍ਹੀ ਆਪਣੇ ਲੋਕ ਗੀਤਾਂ ਨੂੰ ਵਿਸਾਰਦੀ ਜਾ ਰਹੀ ਹੈ। ਘੋੜੀਆਂ, ਸੁਹਾਗ, ਟੱਪੇ, ਮਾਹੀਏ. ਸਿੱਠਣੀਆਂ ਆਦਿ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣ ਕੇ ਰਹਿ ਗਏ ਹਨ। ਹੁਣ ਇਨ੍ਹਾਂ ਦੀ ਜਗ੍ਹਾ ਅਸ਼ਲੀਲ ਗੀਤਾਂ ਨੇ ਲੈ ਲਈ ਹੈ, ਜਿਨ੍ਹਾਂ ਨੂੰ ਪਰਿਵਾਰ ਵਿਚ ਇਕੱਠੇ ਬੈਠ ਕੇ ਸੁਣਿਆ ਵੀ ਨਹੀਂ ਜਾ ਸਕਦਾ। ਇੱਥੇ ਇਹ ਗੱਲ ਵੀ ਸੱਚ ਹੈ ਕਿ ਜੇਕਰ ਅਜੋਕੀ ਪੀੜ੍ਹੀ ਲੋਕ ਗੀਤਾਂ ਨੂੰ ਭੁੱਲ ਰਹੀ ਹੈ ਤਾਂ ਇਸ ਲਈ ਅਸੀਂ ਆਪ ਹੀ ਜ਼ਿੰਮੇਵਾਰ ਹਾਂ ਕਿਉਂਕਿ ਅਸੀ ਆਪਣੇ ਸੱਭਿਆਚਾਰ ਨੂੰ ਨੌਜਵਾਨ ਪੀੜ੍ਹੀ ਤਕ ਸਹੀ ਢੰਗ ਨਾਲ ਪਹੁੰਚਾਉਣ ਵਿਚ ਅਸਫਲ ਰਹੇ ਹਾਂ। ਆਓ ਮਿਲ ਕੇ ਯਤਨ ਕਰੀਏ ਕਿ ਇਹ ਲੋਕ ਗੀਤ ਪੀੜ੍ਹੀ ਦਰ ਪੀੜ੍ਹੀ ਸਾਡੇ ਨਾਲ ਚੱਲਣ ਤੇ ਸਾਡਾ ਮਾਰਗ ਦਰਸ਼ਨ ਕਰਦੇ ਰਹਿਣ। •

## ਪੱਤਰ ਹਰੇ ਕਚੂਰ

# ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਜੁੜਿਆ ਸ਼ਾਇਰ



ਭੁਪਿੰਦਰ ਸੰਧੂ
96461-08157

ਭੁਪਿੰਦਰ ਸੰਧੂ ਉਸਤਾਦ ਗ਼ਜ਼ਲਗੋ ਜਨਾਬ ਦੀਪਕ ਜੈਤੋਈ ਸਾਹਿਬ ਦੇ ਲਾਡਲੇ ਸ਼ਗਿਰਦਾਂ ਵਿੱਚੋਂ ਇਕ ਹੈ । ਉਹ ਅਗਾਂਹ ਵਧੂ ਸੋਚ ਦਾ ਧਾਰਨੀ ਹੈ। ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਜੁੜਿਆ ਹੋਇਆ ਚੇਤਨ ਸ਼ਾਇਰ ਹੈ । ਭੁਪਿੰਦਰ ਨੇ ਕਦੇ ਵੀ ਲਿਖਣ ਨੂੰ ਆਪਣਾ ਸ਼ੌਕ ਨਹੀਂ ਮੰਨਿਆ ਉਹ ਕਹਿੰਦਾ ਹੈ ਕਿ ਉਸ ਦਾ ਲਿਖਣਾ ਮੁੱਢਲੀਆਂ ਜ਼ਰੂਰਤਾਂ ਵਿੱਚੋਂ ਇਕ ਹੈ। ਉਹ ਕਲਮ ਨੂੰ ਹਥਿਆਰ ਵਜੋਂ ਵਰਤਦਾ ਹੋਇਆ ਸਮਾਜ ਵਿਚ ਫੈਲੇ ਜ਼ਬਰ-ਜ਼ੁਲਮ, ਉਚ-ਨੀਚ, ਆਰਥਿਕ ਪਾੜਾ, ਕਾਣੀ ਵੰਡ ਆਦਿ ਦੇ ਹਮੇਸ਼ਾਂ ਵਿਰੋਧ ਵਿਚ ਖੜ੍ਹਾ ਹੈ । ਸੰਧੂ ਕਹਿੰਦਾ ਹੈ ਸਮਾਜਿਕ ਕੁਰੀਤੀਆਂ ਵਿਰੁੱਧ ਲੜਨਾ ਅੱਜ ਸਮੇਂ ਦੀ ਮੁੱਖ ਲੋੜ ਹੈ । ਸੰਧੂ ਦਾ ਜਨਮ ਅਜਿਹੇ ਘਰ ਦਾ ਹੈ ਜਿੱਥੇ ਹੱਥਾਂ ਦੀ ਕਿਰਤ ਨਾਲ ਹੀ ਚੁੱਲ੍ਹੇ ਮਘਦੇ ਹਨ । ਉਸ ਨੇ ਲੋੜਾਂ ਥੋੜਾਂ, ਤੰਗੀਆਂ ਤੁਰਸ਼ੀਆਂ ਦੀ ਜ਼ਿੰਦਗੀ ਨੂੰ ਜੀਵਿਆ ਹੈ । ਉਸ ਨੇ ਬੇਰੁਜ਼ਗਾਰੀ ਨੂੰ ਲੰਮਾ ਸਮਾਂ ਆਪਣੇ ਪਿੰਡੇ ਤੇ ਹੰਢਾਇਆ ਹੈ । ਭੁਪਿੰਦਰ ਸੰਧੂ ਦਾ ਇਕ ਕਾਵਿ ਸੰਗ੍ਰਹਿ 'ਆਪਣੇ ਹਿੱਸੇ ਦੇ ਬੋਲ' ਅਤੇ ਇਕ ਗ਼ਜ਼ਲ ਸੰਗ੍ਰਹਿ 'ਸੂਰਜਾਂ ਦੀ ਭਾਲ ਵਿਚ' ਆ ਚੁੱਕੇ ਹਨ। ਆਓ ਮਾਣਦੇ ਹਾਂ ਉਸ ਦੀ ਕਿਰਤ ਦਾ ਆਨੰਦ।

• **ਕੁਲਦੀਪ ਸਿੰਘ ਬੰਗੀ**
94174-07778

## ਕਵਿਤਾਵਾਂ



### ਸ਼ੁਰੂਆਤ

ਇਹ ਨਾ ਸਮਝਿਓ
ਕਿ ਮੈਂ ਚੁੱਪ ਕਰ ਜਾਵਾਂਗਾ
ਦੇ ਕੇ ਆਪਣੇ ਹਿੱਸੇ ਦੇ ਕੁਝ ਬੋਲ
ਇਹ ਤਾਂ ਸਗੋਂ
ਮੇਰੇ ਬੁੱਲ੍ਹਾਂ ਦੀ ਸ਼ੁਰੂਆਤ ਹੈ
ਇਸ ਨਾਲ ਨਾ ਸਿੱਖਿਆ ਹੈ ਅਜੇ
ਮੈਂ ਆਪਣਾ ਮੂੰਹ ਖੋਲ੍ਹਣਾ।

### ਗੁਆਚੀ ਕਿਤਾਬ

ਮੇਰੀ ਜ਼ਿੰਦਗੀ ਦੇ ਸਫ਼ਿਆਂ ਤੋਂ
ਕਿੰਝ ਪੜ੍ਹੋਗੇ ਮੇਰੀ ਵਾਰਤਾ
ਮੇਰੀ ਜ਼ਿੰਦਗੀ ਦੀ ਕਿਤਾਬ ਤਾਂ
ਗੁਆਚ ਗਈ ਹੈ
ਸਮੇਂ ਦੇ ਹਨੇਰਿਆਂ ਵਿਚ।

### ਇਸ਼ਕ ਅਤੇ ਆਸ਼ਿਕ

ਅਸੀਂ ਜ਼ਿੰਦਗੀਆਂ ਨੂੰ
ਇਸ਼ਕ ਕਰਨਾ ਜਾਣਦੇ ਹਾਂ
ਇਸ ਲਈ ਅਸੀਂ ਲੜਦੇ ਹਾਂ
ਜ਼ਿੰਦਗੀਆਂ ਦੀ ਆਜ਼ਾਦੀ ਖ਼ਾਤਿਰ
ਕਿਉਂਕਿ ਅਸੀਂ
ਜ਼ਿੰਦਗੀ ਦੇ ਨਾਲ-ਨਾਲ
ਆਜ਼ਾਦੀ ਦੇ ਵੀ ਸੱਚੇ ਆਸ਼ਿਕ ਹਾਂ।

# ਬੱਚਿਆਂ ਪ੍ਰਤੀ ਫ਼ਰਜ਼ਾਂ ਤੋਂ ਅਵੇਸਲੇ ਮਾਪੇ

ਪਰਮਜੀਤ ਕੌਰ ਸਿੱਧੂ

ਵੈਰਾਗੀ ਨੇ ਬੰਧਨ, ਵੈਰਾਗੀ ਨੇ ਬੰਧਨ, ਵੈਰਾਗੀ ਨੇ ਬੰਧਨ। ਇਸ ਧੁੰਨ ਦਾ ਸੰਗੀਤ ਜਿੰਨਾ ਸੁਣਨ ਵਿਚ ਮਨਮੋਹਕ ਲੱਗਦਾ ਸੀ ਓਨਾ ਹੀ ਅਣਜਾਣੇ ਜਿਹੇ ਡਰ ਦੇ ਨਾਲ ਮੇਰਾ ਸਰੀਰ ਕੰਬ ਉਠਦਾ ਸੀ। ਮੈਂ ਫਿਰ ਸੁਣਦੀ। ਫਿਰ ਬੰਦ ਕਰ ਦਿੰਦੀ। ਸੋਸ਼ਲ ਮੀਡੀਆ ਦਾ ਬੋਲਬਾਲਾ ਮਨੁੱਖੀ ਜ਼ਿੰਦਗੀ ਉੱਪਰ ਜਿੰਨਾ ਹਾਵੀ ਹੁੰਦਾ ਜਾ ਰਿਹਾ ਹੈ, ਮਨੁੱਖ ਵੀ ਆਪਣੇ ਆਪ ਤੋਂ ਉਨਾ ਹੀ ਦੂਰ ਹੋ ਰਿਹਾ ਹੈ। ਇਸ ਦੀ ਸੋਚਣ ਸ਼ਕਤੀ ਦਿਨੋ-ਦਿਨ ਓਨੀ ਹੀ ਕਮਜ਼ੋਰ ਹੁੰਦੀ ਜਾ ਰਹੀ ਹੈ। ਹੁਣ ਕੋਈ ਖ਼ਬਰ ਸੋਸ਼ਲ ਮੀਡੀਆ 'ਤੇ ਉਠਦੀ ਹੈ ਤੇ ਫਿਰ ਦੋ ਚਾਰ ਦਿਨ ਬਾਅਦ ਉਸੇ ਖ਼ਬਰ ਉਪਰ ਧੂੜ ਦੇ ਕਣ ਜਮ੍ਹਾਂ ਹੋ ਜਾਂਦੇ ਹਨ। ਪਰ ਇਸ ਤਰ੍ਹਾਂ ਹਰ ਖ਼ਬਰ ਦੇ ਨਾਲ ਨਹੀਂ ਹੁੰਦਾ। ਕੁਝ ਖ਼ਬਰਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਮਨੁੱਖੀ ਮਨ ਉੱਪਰ ਸਦੀਵੀਂ ਅਸਰ ਪੈਂਦਾ ਹੈ। ਉਹ ਮਨੁੱਖੀ ਮਨ ਉੱਪਰ ਇਸ ਤਰੀਕੇ ਨਾਲ ਕਾਬਜ਼ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੂੰ ਮਨੁੱਖੀ ਮਨ ਸਹਾਰ ਨਹੀਂ ਸਕਦਾ ਹੈ ਅਤੇ ਨਾ ਹੀ ਛੱਡ ਸਕਦਾ ਹੈ।



### ਸੰਨਿਆਸ ਕਿਉਂ?

ਇਕ ਦਿਨ ਮੈਂ ਬੜੇ ਅਰਾਮ ਨਾਲ ਬੈਠੀ ਹੋਈ ਆਪਣਾ ਮੋਬਾਈਲ ਦੇਖ ਰਹੀ ਸੀ ਕਿ ਅਚਾਨਕ ਵਟਸਐਪ 'ਤੇ ਇਕ ਮੈਸਿਜ ਆਇਆ ਕਿ 'ਨਿਸ਼ਾ ਕਾਪਸੀ' ਨਾਂ ਦੀ ਇਕ ਲੜਕੀ ਨੇ ਆਪਣਾ ਕਰੋੜਾਂ ਰੁਪਏ ਦਾ ਕਾਰੋਬਾਰ ਛੱਡ ਕੇ ਆਪਣੀ ਐਸ਼ੋਇਸ਼ਰਤ ਵਾਲੀ ਜ਼ਿੰਦਗੀ ਤੋਂ ਸੰਨਿਆਸ ਲੈ ਲਿਆ ਹੈ। ਮਨ ਵਿਚ ਵਾਰ-ਵਾਰ ਆ ਰਿਹਾ ਸੀ ਕਿ ਇਹ ਕਿਉਂ ਹੋਇਆ? ਫਿਰ ਸੋਚਦੀ ਜਾ ਰਹੀ ਸਾਂ ਕਿ ਛੱਡ ਧਰਮ ਦਾ ਮਾਮਲਾ ਹੈ ਕੋਈ ਮਸਲਾ ਹੋਵੇਗਾ। ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿਚ ਕੋਈ ਵੀ ਵਿਅਕਤੀ ਕਿਸੇ ਵੀ ਧਰਮ ਨੂੰ ਮੰਨ ਸਕਦਾ ਹੈ ਪਰ ਫਿਰ ਵੀ ਮਨ ਮੰਨਣ ਲਈ ਤਿਆਰ ਨਹੀਂ ਸੀ ਕਿ ਇਹ ਜੋ ਹੋਇਆ ਇਸ ਪਿੱਛੇ ਧਾਰਮਿਕ ਵਿਰਤੀ ਹੋ ਸਕਦੀ ਹੈ। ਇਕ 30 ਵਰ੍ਹਿਆਂ ਦੀ ਸੁੰਦਰ ਲੜਕੀ ਆਪਣੀ ਜ਼ਿੰਦਗੀ ਦਾ ਬਹੁਤ ਹੀ ਵਧੀਆ ਸਮਾਂ ਛੱਡ ਕੇ ਸੰਨਿਆਸ ਲੈ ਰਹੀ ਹੈ। ਕਾਫ਼ੀ ਦਿਨਾਂ ਦੀ ਕਸ਼ਮਕਸ਼ ਤੋਂ ਬਾਅਦ ਮੈਂ ਫਿਰ ਥੋੜ੍ਹੀ ਉਸ ਬਾਰੇ ਹੋਰ ਜਾਣਕਾਰੀ ਹਾਸਲ ਕੀਤੀ ਤਾਂ ਪਤਾ ਲੱਗਿਆ ਕਿ ਸਾਢੇ 7 ਸਾਲ ਤੋਂ ਇਕੱਲੀ ਨਿਊਯਾਰਕ ਵਿਚ ਆਪਣੇ ਘਰ ਵਿਚ ਰਹਿ ਰਹੀ ਸੀ ਅਤੇ ਉਥੋਂ ਆਪਣਾ ਹੀਰਿਆਂ ਦਾ ਕਾਰੋਬਾਰ ਚਲਾ ਰਹੀ ਸੀ ਤੇ ਉਸ ਦੇ ਮਾਤਾ-ਪਿਤਾ ਭਾਰਤ ਵਿਚ ਆਪਣਾ ਕਾਰੋਬਾਰ ਕਰ ਰਹੇ ਸਨ। ਇਹ ਜਾਣਨ ਤੋਂ ਬਾਅਦ ਮਨ ਵਿਚ ਵਿਚਾਰ ਆਇਆ ਕਿ ਸ਼ਾਇਦ ਮਾਤਾ-ਪਿਤਾ ਵੀ ਕਿਤੇ ਨਾ ਕਿਤੇ ਜ਼ਿੰਮੇਵਾਰ ਹਨ ਜੋ ਬੱਚੇ ਇਸ ਤਰ੍ਹਾਂ ਦੀ ਭਰ ਜਵਾਨੀ ਵਿਚ ਆਪਣੇ ਪੈਰਾਂ 'ਤੇ ਪੂਰੀ ਤਰਾਂ ਕਾਬਜ਼ ਹੋ ਕੇ ਵੀ ਸੰਨਿਆਸ ਨੂੰ ਵਿਅਕਤੀਗਤ ਜ਼ਿੰਦਗੀ ਨਾਲੋਂ ਜ਼ਿਆਦਾ ਤਰਜੀਹ ਦੇ ਰਹੇ ਹਨ। ਕਾਸ਼ ਮਾਪੇ ਉਸ ਬੱਚੀ ਨੂੰ ਆਪਣੇ ਟਾਇਮ ਵਿੱਚੋਂ ਟਾਇਮ ਕੱਢ ਕੇ ਆਪਣੀ ਬੱਚੀ ਨੂੰ ਟਾਇਮ ਦਿੰਦੇ ਤਾਂ ਸ਼ਾਇਦ ਅੱਜ ਆਪਣੇ ਪਰਿਵਾਰ ਵਿਚ ਹੁੰਦੀ।

### ਖ਼ੂਬਸੂਰਤ ਲੜਕਾ

*ਇਸੇ ਤਰ੍ਹਾਂ ਹੀ ਇਕ ਖ਼ੂਬਸੂਰਤ ਲੜਕਾ ਜਿਸ ਦੀ ਉਮਰ ਮਸਾ 24 ਕੁ ਸਾਲ ਦੀ ਹੋਵੇਗੀ, ਸੰਨਿਆਸ ਲੈ ਰਿਹਾ ਸੀ। ਉਸ ਸਮੇਂ ਉਸ ਦੇ ਪੰਡਾਲ ਵਿਚ ਭਾਵੇਂ ਜੈ ਜੈਕਾਰ ਦੇ ਨਾਅਰੇ ਗੂੰਜ ਰਹੇ ਸਨ ਪਰ ਉਸ ਦੀ ਮਾਂ ਉੱਪਰ ਓਦੋਂ ਦੁੱਖਾਂ ਦਾ ਪਹਾੜ ਟੁੱਟ ਰਿਹਾ ਪ੍ਰਤੀਤ ਹੋ ਰਿਹਾ ਸੀ। ਮਾਂ ਦੀਆਂ ਅੱਖਾਂ ਵਿਚਲਾ ਜਵਾਰਭਾਟਾ ਉਸ ਨੂੰ ਬਾਹਰੀ ਦੁਨੀਆ ਨਾਲੋਂ ਤੋੜ ਕੇ ਅੰਦਰੂਨੀ ਦੁੱਖ ਉੱਪਰ ਕਾਬਜ਼ ਹੁੰਦਾ ਦਿਖਾਈ ਦੇ ਰਿਹਾ ਸੀ। ਉਸ ਨੂੰ ਦੇਖਣ 'ਤੇ ਪਤਾ ਲੱਗ ਰਿਹਾ ਸੀ ਕਿ ਉਸ ਉੱਪਰ ਕੀ ਬੀਤ ਰਹੀ ਸੀ? ਲੜਕੇ ਦੇ ਪਿਤਾ ਨੇ ਇਹ ਗੱਲ ਖ਼ੁਦ ਮੰਨੀ ਕਿ ਮੈਂ ਕਦੇ ਦੁਕਾਨ ਵਿਚ ਤੇ ਕਦੇ ਮਕਾਨ ਅਤੇ ਕਦੇ ਪੈਸੇ ਕਮਾਉਣ ਵਿਚ ਰੁੱਝਿਆ ਰਿਹਾ। ਮੈਂ ਸੋਚਦਾ ਸੀ ਕਿ ਆਪਣੇ ਲੜਕੇ ਨੂੰ ਮੈਂ ਸਮਝਾ ਲਵਾਂਗਾ। ਇਸ ਨੂੰ ਸਿੱਧੇ ਰਸਤੇ 'ਤੇ ਲੈ ਆਵਾਂਗਾ ਪਰ ਜਦੋਂ ਮੈਨੂੰ ਘਰ ਦੀ ਸੁਰਤ ਆਈ ਤਾਂ ਸਾਰਾ ਕੁਝ ਮੇਰੇ ਹੱਥਾਂ ਵਿੱਚੋਂ ਨਿਕਲ ਚੁੱਕਾ ਸੀ। ਇਹ ਜੋ ਸਾਧੂ ਬਣਨ ਜਾ ਰਿਹਾ ਮੇਰੇ ਇਨ੍ਹਾਂ ਪਾਪੀ ਹੱਥਾਂ ਨੇ ਇਸ ਮਾਸੂਮ ਨੂੰ ਵੀ ਨਹੀਂ ਬਖ਼ਸ਼ਿਆ। ਬਹੁਤ ਵਾਰ ਮੈਂ ਆਪਣੇ ਇਨਾਂ ਹੱਥਾਂ ਨਾਲ, ਲੜਕੇ ਨੂੰ ਮਾਰਿਆਂ ਵੀ ਸੀ।*

### ਰੇਤ ਦੇ ਕਣ

ਮੈਂ ਸੋਚਦਾ ਸੀ ਕਿ ਮੈਂ ਇਸ ਨੂੰ ਸਮਝਾ ਲਵਾਂਗਾ ਪਰ ਸਮਾਂ ਮੇਰੇ ਹੱਥਾਂ ਵਿੱਚੋਂ ਰੇਤ ਦੇ ਕਣਾਂ ਦੀ ਤਰ੍ਹਾਂ ਫਿਸਲ ਗਿਆ। ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹ ਵੱਡਾ ਹੋ ਗਿਆ ਅਤੇ ਉਸ ਨੇ ਆਪਣੀ ਜ਼ਿੰਦਗੀ ਦਾ ਫੈਸਲਾ ਖ਼ੁਦ ਕਰ ਲਿਆ। ਮੈਂ ਸਾਰੀ ਜ਼ਿੰਦਗੀ ਪੈਸਾ ਕਮਾਇਆ, ਪੈਸਾ ਕਮਾਉਣ ਕਰਕੇ ਮੈਂ ਆਪਣੇ ਲੜਕੇ ਨੂੰ ਪਿਆਰ ਦੇ ਉਹ ਪਲ ਨਾ ਦੇ ਸਕਿਆ, ਜੋ ਮੈਂ ਸੋਚਦਾ ਰਿਹਾ ਕਿ ਪੈਸੇ ਕਮਾ ਕੇ ਆਰਾਮ ਨਾਲ ਬੈਠਾਂਗਾ ਅਤੇ ਆਪਣੇ ਪਰਿਵਾਰ ਨਾਲ ਸਮਾਂ ਬਿਤਾਵਾਂਗਾ। ਲੜਕੇ ਨੂੰ ਦੁਨੀਆਂ ਦਾ ਹਰ ਸੁੱਖ ਦੇਵਾਂਗਾ ਪਰ ਅੱਜ ਮੈਂ ਇਸ ਦੇ ਦੀਕਸ਼ਾ ਸਮਾਰੋਹ ਵਿਚ ਆਇਆ। ਦੇਖੋ-ਦੇਖੋ ਅੱਜ ਲੜਕੇ ਦੇ ਸਭ ਤੋਂ ਨੇੜੇ ਕੌਣ ਹੈ? ਇਸ ਦੀ ਮਾਂ ਉਹ ਸਾਰੀ ਉਮਰ ਹੀ ਇਸ ਦਾ ਸੰਸਾਰਿਕ ਰਿਸ਼ਤਾ ਛੱਡ ਜਾਣ ਦਾ ਦੁੱਖ ਸੀਨੇ ਵਿਚ ਦਬਾ ਕੇ ਰੱਖੇਗੀ, ਉਹ ਪਹਿਲਾਂ ਵੀ ਬਹੁਤ ਦੁਖੀ ਸੀ ਤੇ ਹੁਣ ਉਸ ਦੇ ਸੰਨਿਆਸੀ ਜੀਵਨ ਵਿਚ ਆਉਣ ਵਾਲੀਆਂ ਕਠਨਾਈਆਂ ਬਾਰੇ ਸੋਚ-ਸੋਚ ਕੇ ਪੱਥਰ ਹੁੰਦੀ ਜਾ ਰਹੀ ਹੈ ਹੈ। ਲੜਕੇ ਦੇ ਬਾਪ ਨੇ ਆਪਣੇ ਲੜਕੇ ਨੂੰ ਕਿਹਾ ਕਿ ਜੋ ਕੁਝ ਮੈਂ ਮੇਰੇ ਸੰਸਾਰਿਕ ਪਿਤਾ ਹੋਣ ਦੇ ਨਾਤੇ ਤੈਨੂੰ ਨਾ ਦੇ ਸਕਿਆ ਉਹ ਤੂੰ ਆਪਣੇ ਇਨ੍ਹਾਂ ਧਾਰਮਿਕ ਗੁਰੂਆਂ (ਪਿਤਾ) ਤੋਂ ਪ੍ਰਾਪਤ ਕਰੀਂ ਅਤੇ ਮੇਰੇ ਤੋਂ ਚੰਗੀ ਸਿੱਖਿਆ ਇਨ੍ਹਾਂ ਦੀ ਹੋਵੇਗੀ। ਤੂੰ ਇਨ੍ਹਾਂ ਦੀ ਸੰਗਤ ਵਿਚ ਰਹੇਗਾਂ ਤਾਂ ਤੇਰਾ ਇਕੱਲਾਪਨ ਤੇਰੇ ਨਾਲ ਨਹੀਂ ਹੋਵੇਗਾ। ਤੂੰ ਇਸ ਸੰਸਾਰਿਕ ਜੀਵਨ ਦਾ ਮੋਹ ਤਿਆਗ ਹੀ ਦੇਵੀਂ ਅਤੇ ਕਦੇ ਵੀ ਵਾਪਸ ਆਉਣ ਦੀ ਕੋਸ਼ਿਸ਼ ਨਾ ਕਰੀਂ। •

98148-90905



ਸਤਨਾਮ ਕੌਰ ਚੌਹਾਨ
98886-15535



# ਰਿਜ਼ਕ ਨਾ ਪੱਲੇ ਬੰਨ੍ਹਦੇ ਪੰਛੀ ਤੇ ਦਰਵੇਸ਼

ਮਨੁੱਖ, ਪੰਛੀ, ਪਸ਼ੂ ਸਭ ਆਪਣੇ ਖਾਣ ਲਈ ਕੋਈ ਨਾ ਕੋਈ ਹੀਲਾ-ਵਸੀਲਾ ਵਰਤਦੇ ਨੇ। ਪੰਛੀ ਸਵੇਰ ਹੋਣ ਸਾਰ ਲੰਮੀਆਂ ਉਡਾਰੀਆਂ ਲਾ ਕੇ ਚੋਗ ਚੁਗਣ ਚਲ ਪੈਂਦੇ ਹਨ। ਮਨੁੱਖ ਵੀ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਕਿਤੇ ਨਾ ਕਿਤੇ ਜਾਂਦਾ ਹੈ। ਕੋਈ ਨੌਕਰੀ ਕਰਦਾ। ਕੋਈ ਦਿਹਾੜੀ ਤੇ ਖੇਤੀ ਜਾਂ ਹੋਰ ਧੰਦਾ ਪਰ ਸਭ ਦਾ ਮਕਸਦ ਇੱਕੋ ਹੀ ਹੁੰਦਾ, ਰਿਜ਼ਕ (ਰੋਟੀ) ਕਮਾਉਣਾ। ਅਮੀਰ ਹੋਵੇ ਜਾਂ ਗ਼ਰੀਬ ਹਰ ਕੋਈ ਖਾਂਦਾ ਤਾਂ ਰੋਟੀ ਹੀ ਹੈ।

ਆਮ ਘੁੰਮਦੇ-ਫਿਰਦੇ ਜਾਨਵਰ ਜਿਵੇਂ ਬਿੱਲੀਆਂ, ਕੁੱਤੇ ਤਾਂ ਫਿਰ-ਤੁਰ ਆਪਣਾ ਆਹਾਰ ਲੱਭ ਲੈਂਦੇ ਹਨ ਪਰ ਕਿੱਲੇ ਬੱਝੇ ਪਸ਼ੂਆਂ ਨੂੰ ਮਨੁੱਖਾਂ ਦੇ ਰਹਿਮੋ-ਕਰਮ ਤੇ ਰਹਿਣਾ ਪੈਂਦਾ ਹੈ। ਰੋਟੀ ਦੀ ਆਮਦ ਭੁੱਖ ਵਧਾਉਂਦੀ ਹੈ। ਭੁੱਖ ਫੇਰ ਹੋਰਾਂ ਤੋਂ ਖੋਹਣਾ ਸਿਖਾਉਂਦੀ ਹੈ। ਜਾਨਵਰਾਂ ਵਿਚ ਵੀ ਲਾਲਚ ਹੁੰਦਾ ਹੈ। ਉਹ ਆਪਣੀ ਖੁਰਲੀ ਛੱਡ ਦੂਸਰੇ ਦੀ ਖੁਰਲੀ ਵਿਚ ਮੂੰਹ ਮਾਰਦੇ।

ਰੋਟੀ ਕਮਾਉਣੀ ਬਹੁਤ ਔਖੀ ਹੈ। ਇਸ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਦਾ ਹੈ ਬੰਦਾ। ਖੇਤੀ ਕਰਨ ਵਾਲੇ ਹੱਡ ਭੰਨਵੀਂ ਮਿਹਨਤ ਕਰਦੇ ਹਨ। ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧ ਰੋਟੀ ਦੀ ਪ੍ਰਾਪਤੀ ਹੁੰਦੀ ਹੈ। ਕਿਸਾਨੀ ਕਰਜ਼ਿਆ ਹੇਠ ਦੱਬੀ ਪਈ ਹੈ। ਨਿੱਤ ਦਿਹਾੜੇ ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ। ਖ਼ਰਚੇ ਪੂਰੇ ਨਹੀਂ ਹੁੰਦੇ। ਕਰਜੇ ਮੋੜੇ ਨਹੀਂ ਜਾਂਦੇ। ਕਦੇ ਮੌਸਮਾਂ ਦੀ ਮਾਰ। ਕਿਸਾਨ ਦਾ ਖ਼ੁਦਕੁਸ਼ੀ ਦੇ ਰਾਹ ਤੁਰਨਾ। ਇਸ ਸਭ 'ਚ ਰੋਟੀ ਦਾ ਮਸਲਾ ਪਰਿਵਾਰ ਲਈ ਹੋਰ ਗੁੰਝਲਦਾਰ ਬਣ ਜਾਂਦਾ।

ਰੋਟੀ ਹੱਕ ਤੇ ਸੱਚ ਦੀ ਕਮਾਉਣੀ, ਸਾਡੇ ਗੁਰੂਆਂ-ਪੀਰਾਂ ਨੇ ਸਿਖਾਇਆ। ਹੱਕ-ਹਲਾਲ ਦਾ ਖਾਣਾ, ਬਰਕਤਾਂ ਵਾਲਾ ਹੁੰਦਾ। ਕਿਰਤ ਕਰਨੀ ਤੇ ਵੰਡ ਕੇ ਖਾਣਾ ਇਹ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾ ਕੇ ਸਿੱਧ ਕਰ ਵਿਖਾਇਆ ਸੀ। ਕਿਰਤ ਦੀ ਕਮਾਈ ਰੋਟੀ, ਦੁੱਧ ਵਰਗੀ ਮਿੱਠੀ ਹੁੰਦੀ ਹੈ। ਜਦੋਂ ਕਿ ਖੋਹ-ਖਿਚ ਕੇ ਖਾਣਾ ਲਹੂ ਬਰਾਬਰ ਹੁੰਦਾ।

ਰੋਟੀ ਕਮਾਉਣ ਦਾ ਮਸਲਾ ਅੱਜ ਕੱਲ੍ਹ ਬਹੁਤ ਮੁਸ਼ਕਿਲ ਹੈ। ਰੋਟੀ ਕਮਾਉਣ ਲਈ ਬੰਦਾ ਦੇਸ਼-ਵਿਦੇਸ਼ ਜਾਂਦਾ ਹੈ। ਰੋਟੀ ਖ਼ਾਤਿਰ ਕਈ ਮੁਸ਼ਕਿਲਾਂ ਝੱਲਣੀਆਂ ਪੈਂਦੀਆਂ। ਧੜਾ-ਧੜ ਲੋਕ ਬੱਚੇ ਬਾਹਰ ਭੇਜ ਰਹੇ ਹਨ ਤਾਂ ਜੋ ਰੋਟੀ ਕਮਾਈ ਜਾ ਸਕੇ। ਪਰਦੇਸ ਜਾ ਕੇ ਭਾਵੇਂ ਘਰ ਦਾ ਹੇਰਵਾ ਰਹਿੰਦਾ ਹੈ ਪਰ ਕੀ ਕੀਤਾ ਜਾਵੇ ਰੋਟੀ ਦਾ ਮਸਲਾ ਹੈ।

ਰੋਟੀ ਕਮਾਉਣ ਲਈ ਬੰਦਾ ਕਈ ਵਾਰ ਗ਼ਲਤ ਕੰਮ ਕਰਦਾ। ਹੇਰਾ-ਫੇਰੀ ਕਰਦਾ। ਚੋਰੀ-ਚਕਾਰੀ ਵੀ ਕਰਦਾ। ਇਸ ਤਰ੍ਹਾਂ ਕਰਨਾ ਕਈ ਵਾਰ ਮਜਬੂਰੀ ਹੁੰਦੀ ਹੈ ਪਰ ਇਸ ਤਰ੍ਹਾਂ ਕਮਾਈ ਰੋਟੀ ਫਲਦੀ ਨਹੀਂ। ਕਿਤੇ-ਕਿਤੇ ਵੱਡੇ ਢਿੱਡਾਂ ਵਲੇ ਹੇਰਾਂ- ਫੇਰੀਆਂ ਕਰਨ ਵਾਲੇ ਲੋਕਾਂ ਨੂੰ ਇਹ ਫਲ ਵੀ ਜਾਂਦੀ ਹੈ। ਪਰ ਇਸ ਦਾ ਕਦੀ ਨਾ ਕਦੀ ਨਤੀਜਾ ਵੀ ਭੁਗਤਣਾ ਪੈ ਜਾਂਦਾ।

ਰੋਟੀ ਦੀ ਹਮੇਸ਼ਾ ਕਦਰ ਕਰਨੀ ਚਾਹੀਦੀ। ਰੋਟੀ ਦੀ ਕੀਮਤ ਕਿਸੇ ਭੁੱਖੇ ਕੋਲੋਂ ਪੁੱਛ ਕੇ ਹੀ ਪਤਾ ਲੱਗਦੀ ਹੈ। ਰੋਟੀ ਤੋਂ ਬਿਨ੍ਹਾਂ ਕੁਝ ਵੀ ਚੰਗਾ ਨਹੀਂ ਲੱਗਦਾ। ਇਸੇ ਕਰਕੇ ਕਿਸੇ ਨੇ ਕਿਹਾ 'ਪੇਟ ਨਾ ਪਈਆਂ ਰੋਟੀਆਂ, ਸੱਭੇ ਗੱਲਾਂ ਖੋਟੀਆਂ।' ਰੋਟੀ ਸਾਡੀ ਸੋਚ ਸੁਆਰ ਸਕਦੀ ਹੈ ਤੇ ਇਹੋ ਰੋਟੀ ਸਾਡੀ ਸੋਚ ਨੂੰ ਵਿਗਾੜ ਵੀ ਸਕਦੀ ਹੈ। ਜੇਕਰ ਸਾਡੀ ਸੋਚ ਵਿਗੜ ਜਾਵੇ ਤਾਂ ਅਸੀਂ ਈਰਖਾ ਰੂਪੀ ਬਿਮਾਰੀ ਸਹੇੜ ਲੈਂਦੇ ਹਾਂ। ਜੇ ਕੋਈ ਰੱਜ ਕੇ ਰੋਟੀ ਖਾ ਰਿਹਾ ਹੈ ਤਾਂ ਵੇਖ-ਵੇਖ ਲੋਕ ਸੜਦੇ ਹਨ। ਕਹਿੰਦੇ ਹਨ, 'ਰੱਜ ਕੇ ਰੋਟੀ ਖਾਂਦਾ ਵੇਖ ਕੋਈ-ਕੋਈ ਕਿਸੇ ਨੂੰ ਜ਼ਰਦਾ।' ਸੋ ਇਸ ਤਰ੍ਹਾ ਰੋਟੀਆਂ ਸ਼ਰੀਕ ਤੇ ਦੁਸ਼ਮਣ ਬਣਾ ਦਿੰਦੀਆਂ ਹਨ।

ਰੋਟੀਆਂ ਨੂੰ ਫੁਲਕਾ, ਚਪਾਤੀ, ਪ੍ਰਸ਼ਾਦਾ ਤੇ ਤੋਸਾ ਵੀ ਕਿਹਾ ਜਾਂਦਾ ਹੈ। ਇਲਾਕੇ ਤੇ ਭਾਸ਼ਾ ਮੁਤਾਬਿਕ ਇਹ ਨਾਂ ਵੱਖਰੇ-ਵੱਖਰੇ ਵੀ ਹੋ ਸਕਦੇ ਹਨ। ਅੱਜ ਕੱਲ੍ਹ ਦੇ ਆਧੁਨਿਕ ਸਮੇਂ ਵਿਚ ਰੋਟੀ ਨੂੰ ਡਿਨਰ, ਲੰਚ ਜਾਂ ਡੱਬਾ ਵੀ ਕਿਹਾ ਜਾਂਦਾ। ਭਾਵੇਂ ਕੋਈ ਕਿੰਨਾ ਵੀ ਜ਼ਰੂਰੀ ਕੰਮ ਹੋਵੇ ਪਰ ਰੋਟੀ ਦੀ ਜ਼ਰੂਰਤ ਤਾਂ ਰਹਿੰਦੀ ਹੈ। ਭਾਵੇਂ ਨਾਲ ਲੈ ਕੇ ਜਾਓ ਤੇ ਭਾਵੇਂ ਕਿਸੇ ਹੋਟਲ-ਢਾਬੇ ਤੋਂ ਖਾਓ। ਭਾਵੇਂ ਕੋਈ ਕਿੱਡਾ ਵੀ ਜਾਨ ਤੋਂ ਪਿਆਰਾ ਚਲਾ ਜਾਵੇ ਪਰ ਫੇਰ ਵੀ ਪੇਟ ਦੀ ਅੱਗ ਤਾਂ ਬੁਝਾਉਣੀ ਹੀ ਪੈਂਦੀ ਹੈ। ਜੇਕਰ ਕੋਈ ਰੋਟੀ ਦੀ ਜ਼ਰੂਰਤ ਪੂਰੀ ਨਹੀਂ ਕਰ ਸਕਦਾ ਤਾਂ ਕਿਹਾ ਜਾਂਦਾ ਕਿ ਇਹਨੇ ਕੀ ਕਰਨਾ, ਰੋਟੀ ਦੇ ਤਾਂ ਇਸ ਨੂੰ ਲਾਲੇ ਪਏ ਰਹਿੰਦੇ ਨੇ। ਕਈ ਵਾਰ ਰੋਟੀ ਬਦਨਾਮ ਵੀ ਕਰ ਦਿੰਦੀ ਹੈ। ਕਈ ਵਾਰ ਬੇਦੋਸ਼ੇ ਹੀ ਬਦਨਾਮ ਹੋ ਜਾਂਦੇ ਹਨ।

ਰੋਟੀ ਨੂੰ ਰਿਜ਼ਕ ਜਾਂ ਅੰਨ ਵੀ ਕਿਹਾ ਜਾਂਦਾ। ਇਹ ਜਿੰਨਾ ਕਿਸੇ ਦੀ ਕਿਸਮਤ ਵਿਚ ਹੁੰਦਾ ਉਨ੍ਹਾਂ ਹੀ ਉਹ ਖਾਂਦਾ ਹੈ। ਕਈ ਵਾਰ ਰੋਟੀ ਪੱਕ ਰਹੀ ਹੁੰਦੀ ਜਾਂ ਅਸੀਂ ਖਾਣ ਲੱਗੇ ਹੁੰਦੇ ਹਾਂ ਤਾਂ ਅਚਾਨਕ ਕੋਈ ਮਹਿਮਾਨ ਆ ਜਾਂਦਾ ਹੈ ਤਾਂ ਇਹੋ ਕਿਹਾ ਜਾਂਦਾ ਹੈ ਕਿ ਦਾਣੇ-ਦਾਣੇ 'ਤੇ ਖਾਣ ਵਾਲੇ ਦਾ ਨਾਂ ਲਿਖਿਆ ਹੁੰਦਾ।

ਰੋਟੀ ਸਵਾਲ ਤੇ ਜਵਾਬ ਆਪ ਹੀ ਹੈ। ਰੋਟੀ ਇੰਨੀ ਸ਼ਕਤੀਸ਼ਾਲੀ ਹੋਣ ਦੀ ਬਾਵਜੂਦ ਇਸ ਦਾ ਸੁਆਦ ਕਿਸੇ ਸਬਜ਼ੀ ਭਾਜੀ ਬਿਨਾਂ ਅਧੂਰੀ ਹੈ। ਕੱਲੀ ਸੁੱਕੀ ਰੋਟੀ ਨਹੀਂ ਖਾਈ ਜਾਂਦੀ। ਇਕ ਰੋਟੀ ਡਬਲ ਰੋਟੀ ਵੀ ਹੁੰਦੀ ਹੈ। ਜਿਸ ਦਾ ਰੁਜ਼ਗਾਰ ਦਾ ਗੁਜ਼ਾਰਾ ਚਲੀ ਜਾਂਦਾ ਹੋਵੇ, ਉਸ ਨੂੰ ਕਿਹਾ ਜਾਂਦਾ ਕਿ ਫਲਾਣੇ ਦਾ ਤੋਰੀ ਫੁਲਦਾ ਤੁਰੀ ਜਾਂਦਾ। ਕਹਿੰਦੇ ਹਨ ਰੋਟੀ ਪਹਿਲਾਂ ਵਿਧਾਤਾ ਨੇ ਕੁੱਤੇ ਨੂੰ ਦਿੱਤੀ ਸੀ, ਬੰਦਾ ਕੁੱਤੇ ਦਾ ਨਸੀਬ ਖਾਂਦਾ ਹੈ। ਤਾਂ ਹੀ ਮਨੁੱਖ ਮੁੱਢ ਕਦੀਮ ਤੋਂ ਕੁੱਤੇ ਲਈ ਰੋਟੀ ਕੱਢਦਾ ਆਇਆ। ਕੁੱਤਾ ਭੁੱਖ ਤੋਂ ਵਧੀ ਰੋਟੀ ਨੂੰ ਟੋਆ ਪੁੱਟ ਕੇ ਦੱਬ ਦਿੰਦਾ ਤੇ ਇਸ ਤਰ੍ਹਾਂ ਮਨੁੱਖ ਨੂੰ ਸੰਕੋਚਤਾ ਸਿਖਾਉਂਦਾ ਹੈ।

ਦਰਾਂ ਤੇ ਜੇਕਰ ਕੋਈ ਦਰਵੇਸ਼ ਰੋਟੀ ਲਈ ਆਉਂਦਾ ਹੈ ਤਾਂ ਉਸ ਨੂੰ ਖ਼ਾਲੀ ਨਾ ਮੋੜੋ। ਰੋਟੀ ਦੀ ਕਦਰ ਭੁੱਖਾ ਬੰਦਾ ਹੀ ਕਰ ਸਕਦਾ ਹੈ। ਭੁੱਖ ਨੂੰ ਰੋਟੀ ਦਾ ਮੁੱਲ ਤੇ ਪਿਆਸ ਨੂੰ ਪਾਣੀ ਦੀ ਮਹੱਤਤਾ ਪਤਾ ਹੈ। ਸੋ ਆਓ ਰਿਜ਼ਕ ਹੱਕ ਸੱਚ ਦਾ ਕਮਾਈਏ। ਆਪ ਰੱਜ ਕੇ ਖਾਈਏ ਤੇ ਦੂਜਿਆਂ ਨੂੰ ਵੀ ਖਾਣ ਦੇਈਏ। •



# ਕੋਲੈਸਟਰੋਲ ਸਰੀਰ ਲਈ ਕਿਉਂ ਜ਼ਰੂਰੀ?

ਡਾ. ਹਰਿੰਦਰਪਾਲ ਸਿੰਘ

ਕੋਲੈਸਟਰੋਲ ਦਾ ਨਾਂ ਸੁਣਦਿਆਂ ਹੀ ਸਭ ਦੇ ਕੰਨ ਖੜ੍ਹੇ ਹੋ ਜਾਂਦੇ ਹਨ। ਇਸ ਨੂੰ ਬੜਾ ਖ਼ਤਰਨਾਕ ਸਮਝਿਆ ਜਾਂਦਾ ਹੈ ਪਰ ਸੱਚ ਇਹ ਹੈ ਕਿ ਇਸ ਤੋਂ ਬਿਨਾਂ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ। ਹਾਈ ਕੋਲੈਸਟਰੋਲ ਕੋਈ ਬਿਮਾਰੀ ਨਹੀਂ ਬਲਕਿ ਪਾਚਨ-ਤੰਤਰ ਦਾ ਇਕ ਵਿਗਾੜ ਹੈ। ਇਹ ਇਕ ਤਰ੍ਹਾਂ ਦਾ ਫੈਟ ਹੈ, ਜੋ ਸਾਡਾ ਜਿਗਰ ਪੈਦਾ ਕਰਦਾ ਹੈ, ਜੋ ਸਰੀਰ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਬੜਾ ਜ਼ਰੂਰੀ ਹੈ। ਇਸ ਤਰ੍ਹਾਂ ਸਰੀਰ ਦੀ 90 ਫ਼ੀਸਦੀ ਜ਼ਰੂਰਤ ਜਿਗਰ ਤੋਂ ਪੂਰੀ ਹੋ ਜਾਂਦੀ ਹੈ। ਸਿਰਫ਼ 10 ਫ਼ੀਸਦੀ ਫੈਟ ਹੀ ਭੋਜਨ ਤੋਂ ਲੈਣ ਦੀ ਲੋੜ ਹੁੰਦੀ ਹੈ। ਸਰੀਰ ਦੇ ਹਰੇਕ ਸੈੱਲ ਦੀ ਬਾਹਰੀ ਪਰਤ ’ਤੇ ਕੋਲੈਸਟਰੋਲ ਦੀ ਪਰਤ ਹੁੰਦੀ ਹੈ। ਇਹ ਇਕ ਤਰ੍ਹਾਂ ਦਾ ਵੈਕਸੀ ਸਟੀਰਾਇਡ ਹੁੰਦਾ ਹੈ, ਜੋ ਖ਼ੂਨ ’ਚ ਚਲਾ ਜਾਂਦਾ ਹੈ।

## ਕੰਮ

- ਸੈੱਲ ਦੀ ਝਿੱਲੀ ਦਾ ਨਿਰਮਾਣ ਤੇ ਸੰਭਾਲ ਕਰਦਾ ਹੈ।
- ਇਹ ਪਛਾਣ ਨੂੰ ਦ੍ਰਿੜ੍ਹ ਕਰਦਾ ਹੈ ਕਿ ਕਿਹੜਾ ਅਣੂ ਸੈੱਲ ਵਿੱਚੋਂ ਪਾਸ ਹੋ ਸਕਦਾ ਹੈ।
- ਐਡਰੀਨਲ ਗਲੈਂਡ ’ਚੋਂ ਪੈਦਾ ਹੋਣ ਵਾਲੇ ਹਾਰਮੋਨ, ਜਿਵੇਂ ਕੋਰਟੀਸੋਲ, ਕੋਰਟੀਕੋਸਟੀਰੋਨ, ਐਲਡੋਸਟੋਰੋਨ ਅਤੇ ਹੋਰ ਸਰੀਰਕ ਰਸਾਇਣਾਂ ਲਈ ਸਰੀਰ ਅੰਦਰ ਇਸ ਦੀ ਹੋਂਦ ਬੇਹੱਦ ਜ਼ਰੂਰੀ ਹੈ।
- ਇਹ ਸੂਰਜ ਦੀ ਰੌਸ਼ਨੀ ਨੂੰ ਵਿਟਾਮਿਨ-ਡੀ ’ਚ ਬਦਲਦਾ ਹੈ। ਨਰਵ ਫਾਈਬਰ ਨੂੰ ਇੰਸੂਲੇਟ ਕਰਦਾ ਹੈ।
- ਫੈਟ ਵਿਚ ਘੁਲਣਸ਼ੀਲ ਵਿਟਾਮਿਨ-ਏ, ਵਿਟਾਮਿਨ-ਡੀ, ਵਿਟਾਮਿਨ-ਈ ਅਤੇ ਵਿਟਾਮਿਨ-ਕੇ ਆਦਿ ਦੇ ਮੈਟਾਬੋਲਿਜ਼ਮ ਲਈ ਮਹੱਤਵਪੂਰਨ ਹੈ। ਕੋਲੈਸਟਰੋਲ ਨੂੰ ਲਿਪੋ ਪ੍ਰੋਟੀਨ ਵੀ ਕਿਹਾ ਜਾਂਦਾ ਹੈ। ਇਸ ਵਿਚ ਲਿਪਿਡ ਭਾਵ ਫੈਟ ਅਤੇ ਪ੍ਰੋਟੀਨ ਦਾ ਮਿਸ਼ਰਣ ਹੁੰਦਾ ਹੈ। ਇਹ ਤਿੰਨ ਤਰ੍ਹਾਂ ਦਾ ਹੁੰਦਾ ਹੈ।

**ਐੱਲਡੀਐੱਲ** - ਇਹ ਕੋਲੈਸਟਰੋਲ ਨੂੰ ਜਿਗਰ ਤੋਂ ਸੈੱਲਾਂ ਤਕ ਲਿਜਾਂਦਾ ਹੈ। ਸਾਡੇ ਖ਼ੂਨ ਵਿਚ 70 ਫ਼ੀਸਦੀ ਮਾਤਰਾ ਐੱਲਡੀਐੱਲ ਦੀ ਹੀ ਹੁੰਦੀ ਹੈ।

**ਐੱਚਡੀਐੱਲ** - ਇਹ ਕੋਲੈਸਟਰੋਲ ਨੂੰ ਸੈੱਲਾਂ ਤੋਂ ਪਰ੍ਹੇ ਵਾਪਸ ਲਿਵਰ ਤਕ ਪਹੁੰਚਾਉਂਦਾ ਹੈ। ਦਿਲ ਨਾਲ ਸਬੰਧਤ ਰੋਗਾਂ ਦੇ ਖ਼ਤਰੇ ਨੂੰ ਖ਼ਤਮ ਕਰਦਾ ਹੈ।

**ਟਰਾਈਗਲਿਸਰਾਈਡ** - ਇਹ ਤੇਜ਼ਾਬੀ ਮਾਦੇ ਦੇ ਰੂਪ ਵਿਚ ਹੁੰਦਾ ਹੈ, ਜਿਸ ਵਿਚ ਸਰੀਰ ਦਾ ਜ਼ਿਆਦਾ ਫੈਟ ਹੁੰਦਾ ਹੈ। ਇਹ ਖ਼ੂਨ ਦੇ ਪਲਾਜ਼ਮਾ ’ਚ ਸਥਿਤ ਹੁੰਦਾ ਹੈ। ਇਹ ਕੋਲੈਸਟਰੋਲ ਨਾਲ ਮਿਲ ਕੇ ਬਲੱਡ ਫੈਟ ਦਾ ਨਿਰਮਾਣ ਕਰਦਾ ਹੈ।

ਆਮ ਤੌਰ ’ਤੇ ਸਮਝਿਆ ਜਾਂਦਾ ਹੈ ਕਿ ਐੱਲਡੀਐੱਲ ਮਾੜਾ ਅਤੇ ਐੱਚਡੀਐੱਲ ਵਧੀਆ ਹੁੰਦਾ ਹੈ ਪਰ ਇਹ ਸਹੀ ਨਹੀਂ ਹੈ। ਹਰ ਤਰ੍ਹਾਂ ਦਾ ਕੋਲੈਸਟਰੋਲ ਸਰੀਰ ਲਈ ਜ਼ਰੂਰੀ ਹੈ।

## ਵਧਣ ਦੇ ਕਾਰਨ

- ਮਾਡਰਨ ਲਾਈਫ ਸਟਾਈਲ, ਪੌਸ਼ਟਿਕ ਤੱਤਾਂ ਦੀ ਕਮੀ, ਤਣਾਅ ਭਰੀ ਜੀਵਨਸ਼ੈਲੀ, ਜ਼ੰਕ ਫੂਡ, ਸਰੀਰ ਦਾ ਜ਼ਿਆਦਾ ਵਜ਼ਨ, ਸਿਗਰਟ, ਫੈਟ, ਸ਼ੂਗਰ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਆਦਿ।
- ਕੋਲੈਸਟਰੋਲ ਘੱਟ ਕਰਨ ਵਾਲੀਆਂ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਦੇ ਸਰੀਰ ਉਪਰ ਜ਼ਿਆਦਾ ਸਾਈਡ ਇਫੈਕਟ ਹੁੰਦੇ ਹਨ।
- ਜਦੋਂ ਅਸੀਂ ਡਾਕਟਰ ਕੋਲ ਜਾਂਦੇ ਹਾਂ ਤਾਂ ਡਾਕਟਰ ਸਾਨੂੰ ਕੋਲੈਸਟਰੋਲ ਘੱਟ ਕਰਨ ਵਾਲੀਆਂ ਦਵਾਈਆਂ, ਜਿਨ੍ਹਾਂ ਨੂੰ ਸਟਾਟਿਨ ਡਰੱਗਜ਼ ਵੀ ਕਹਿੰਦੇ ਹਨ, ਲਿਖ ਦਿੰਦੇ ਹਨ ਤੇ ਕੁਝ ਡਰੱਗਜ਼ ਇਹ ਹਨ, ਜਿਵੇਂ ਕਰੈਸਟਰ, ਜ਼ੋਕੋਰ, ਲਿਪੀਟੋਰ, ਪਰਵਾਕੋਲ ਆਦਿ। ਅਸੀਂ ਤੰਦਰੁਸਤੀ ਨਾਲ ਜਿਊਣਾ ਚਾਹੁੰਦੇ ਹਾਂ, ਇਸ ਲਈ ਅਸੀਂ ਇਨ੍ਹਾਂ ਦਾ ਸੇਵਨ ਸ਼ੁਰੂ ਕਰ ਦਿੰਦੇ ਹਾਂ।

## ਬੁਰੇ ਪ੍ਰਭਾਵ

ਡਾਕਟਰ ਕੋਲ ਭੀੜ ਹੀ ਇੰਨੀ ਹੁੰਦੀ ਹੈ ਕਿ ਉਸ ਕੋਲ ਇਸ ਦੇ ਮਾੜੇ ਪ੍ਰਭਾਵ ਦੱਸਣ ਦਾ ਨਾ ਤਾਂ ਸਮਾਂ ਹੁੰਦਾ ਹੈ, ਨਾ ਹੀ ਉਸ ਦੀ ਰੁਚੀ। ਇਹ ਸਟਾਟਿਨ ਡਰੱਗਜ਼ ਐੱਲਡੀਐੱਲ, ਭਾਵ ਬੁਰੇ ਕੋਲੈਸਟਰੋਲ ਦੇ ਪੱਧਰ ਨੂੰ ਥੱਲੇ ਲੈ ਆਉਂਦੀਆਂ ਹਨ। ਅਸਲੀਅਤ ਵਿਚ ਇਹ ਆਰਾਮ ਨਾਲੋਂ ਨੁਕਸਾਨ ਜ਼ਿਆਦਾ ਕਰਦੀਆਂ ਹਨ। ਕੁਝ ਖ਼ਾਸ ਬੁਰੇ ਪ੍ਰਭਾਵਾਂ ਦਾ ਅਸੀਂ ਜ਼ਿਕਰ ਕਰਦੇ ਹਾਂ, ਜਿਵੇਂ ਪੱਠਿਆਂ ਦਾ ਦਰਦ ਤੇ ਕਮਜ਼ੋਰੀ, ਸਿਰਦਰਦ, ਸੌਣ ਵਿਚ ਦਿੱਕਤ, ਸੁਸਤੀ, ਉਲਟੀਆਂ ਆਉਣੀਆਂ, ਹੈਜ਼ਾ ਅਤੇ ਕਬਜ਼ ਹੋਣਾ, ਯਾਦਦਾਸ਼ਤ ਘਟਣਾ ਅਤੇ ਦੁਚਿੱਤੀ ਦਾ ਵਧਣਾ, ਥਕਾਵਟ, ਨਿਪੁੰਸਕਤਾ ਤੇ ਬਾਂਝਪਣ, ਲਿਵਰ ਅਤੇ ਗੁਰਦੇ ਦੇ ਰੋਗ, ਸ਼ੂਗਰ ਹੋਣ ਦਾ ਖ਼ਤਰਾ ਵਧ ਜਾਣਾ ਆਦਿ। ਜਿੱਥੋਂ ਤਕ ਹੋ ਸਕੇ ਕੋਲੈਸਟਰੋਲ ਨੂੰ ਘੱਟ ਕਰਨ ਲਈ ਕੁਦਰਤੀ ਤਰੀਕੇ ਹੀ ਇਸਤੇਮਾਲ ਕਰਨੇ ਚਾਹੀਦੇ ਹਨ।

### ਪਾਚਨ-ਤੰਤਰ

ਸਰੀਰ ਦਾ ਸਭ ਤੋਂ ਪਹਿਲਾ ਤੇ ਅਹਿਮ ਹਿੱਸਾ ਮੂੰਹ ਹੈ, ਜੋ ‘ਸਲਾਇਵਾ’ ਰਸ ਪੈਦਾ ਕਰਦਾ ਹੈ। ਇਹ ਸਟਾਰਚ ਅਤੇ ਕਾਰਬੋਹਾਈਡ੍ਰੇਟਸ ਨੂੰ ਹਜ਼ਮ ਕਰਦਾ ਹੈ। ਇਸ ਤੋਂ ਬਾਅਦ ਮਿਹਦਾ ਆਉਂਦਾ ਹੈ। ਇਹ ਪੈਪਸਿਨ ਅਤੇ ਹਾਈਡਰੋਕਲੋਰਿਕ ਐਸਿਡ ਪੈਦਾ ਕਰਦਾ ਹੈ, ਜੋ ਪ੍ਰੋਟੀਨ ਨੂੰ ਹਜ਼ਮ ਕਰਦੇ ਹਨ। ਇਸ ਤੋਂ ਬਾਅਦ ਵਾਰੀ ਆਉਂਦੀ ਹੈ ਲਿਵਰ ਦੀ, ਜੋ ਬਾਈਲ ਜੂਸ ਭਾਵ ਪਿੱਤ ਨੂੰ ਪੈਦਾ ਕਰਦਾ ਹੈ, ਜੋ ਫੈਟ ਨੂੰ ਹਜ਼ਮ ਕਰਦੀ ਹੈ। ਇਸੇ ਤਰ੍ਹਾਂ ਪੈਨਕਰੀਆਜ਼ ਵਿੱਚੋਂ ਪੈਨਕ੍ਰੀਆਟਿਕ ਜੂਸ ਪੈਦਾ ਹੁੰਦਾ ਹੈ, ਜੋ ਸਟਾਰਚ, ਫੈਟ ਅਤੇ ਪ੍ਰੋਟੀਨ ਨੂੰ ਹਜ਼ਮ ਕਰਨ ’ਚ ਸਹਾਈ ਹੁੰਦਾ ਹੈ। ਇਸੇ ਤਰ੍ਹਾਂ ਛੋਟੀ ਅੰਤੜੀ ਵਿੱਚੋਂ ਇੰਟੈਸਟਾਈਨਲ ਜੂਸ ਨਿਕਲਦੇ ਹਨ, ਜੋ ਸ਼ੂਗਰ, ਫੈਟ ਅਤੇ ਪ੍ਰੋਟੀਨ ਨੂੰ ਹਜ਼ਮ ਕਰਦੇ ਹਨ। ਇਹ ਲਿਵਰ, ਪੈਨਕਰੀਆਜ਼ ਜਾਂ ਛੋਟੀ ਅੰਤੜੀ ਦੇ ਠੀਕ ਤਰ੍ਹਾਂ ਕੰਮ ਨਾ ਕਰਨ ਦੀ ਸੂਰਤ ਵਿਚ ਸਰੀਰ ਵਿਚਲਾ ਫੈਟ ਪੂਰੀ ਤਰ੍ਹਾਂ ਹਜ਼ਮ ਨਹੀਂ ਹੁੰਦਾ ਅਤੇ ਖ਼ੂਨ ਵਿਚ ਚਲਾ ਜਾਂਦਾ ਹੈ। ਇਸ ਨੂੰ ਹੀ ਹਾਈ ਕੋਲੈਸਟਰੋਲ ਕਹਿੰਦੇ ਹਨ। ਇਸ ਨੂੰ ਸਹੀ ਸਮੇਂ ’ਤੇ ਕੰਟਰੋਲ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਆਰਟਰੀਜ਼ ਦਾ ਤੰਗ ਹੋ ਜਾਣਾ, ਕੋਰੋਨਰੀ ਹਾਰਟ ਅਟੈਕ, ਐਨਜਾਈਨਾ ਦਾ ਦਰਦ, ਸਟਰੋਕ ਅਤੇ ਕਾਰਡੀਓ-ਵੈਸਕੁਲਰ ਡਿਜ਼ੀਜ਼ ਪੈਦਾ ਹੋ ਸਕਦੀਆਂ ਹਨ।

## ਜੜ੍ਹੀ-ਬੂਟੀਆਂ

ਉਬਲਿਆ ਹੋਇਆ ਐਸਪੈਰੇਗਸ, ਬਲਿਊਬੇਰੀ, ਐਵੋਕੇਡੋ, ਗਰੇਪ ਸੀਡ ਤੇਲ, ਪੁਦੀਨਾ, ਰੋਜ਼ਹਿਪ, ਲੀਕ, ਸਮੁੰਦਰੀ ਸਬਜ਼ੀਆਂ, ਓਟਮੀਲ, ਬਕਵ੍ਹੀਟ, ਅਮਰਥ, ਚਮੇਲੀ, ਵਲੇਰੀਅਨ ਦੀ ਜੜ੍ਹ, ਡੈਂਡਲੀਅਨ ਦੀ ਜੜ੍ਹ ,ਗੈਨੋਡਰਮਾ, ਧਨੀਆ, ਸਕਿਮਡ ਮਿਲਕ, ਫਾਈਟੋਸਟੀਰਲ, ਗੁਗਲ, ਲਾਲ ਜੰਗਲੀ ਚਾਵਲ ਅਤੇ ਰੇਸ਼ੇ ਯੁਕਤ ਭੋਜਨ ਆਦਿ।

ਕੋਲੈਸਟਰੋਲ ਦਾ ਨਾਂ ਸੁਣ ਕੇ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਇਸ ਤੋਂ ਬਿਨਾਂ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਨੂੰ ਕਾਬੂ ਹੇਠ ਰੱਖਣਾ ਜਾਂ ਨਿਯਮਿਤ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਵਧਿਆ ਹੋਇਆ ਕੋਲੈਸਟਰੋਲ ਦਿਲ ਦੇ ਦੌਰੇ ਦਾ ਕਾਰਨ ਬਣ ਕੇ ਜਾਨਲੇਵਾ ਸਿੱਧ ਹੋ ਸਕਦਾ ਹੈ।

98148-13674

### ਕੋਲੈਸਟਰੋਲ ਘਟਾਉਣ ਵਾਲੇ ਭੋਜਨ ਪਦਾਰਥ

*ਅੰਜ਼ੀਰ, ਸਪੀਰੂਲੀਨਾ, ਕੱਦੂ ਦੇ ਬੀਜ, ਬੀਨਜ਼, ਲੈਟਿਸ, ਟੋਫੂ, ਸੋਇਆਬੀਨ, ਸਪਰਾਊਟ, ਹੋਲਗਰੇਨ, ਰਾਈ, ਸੱਤੂ, ਮੂਲੀ, ਲਾਲ ਮਿਰਚ, ਪਿਆਜ਼, ਲਸਣ, ਬੰਦ ਗੋਭੀ, ਪਾਲਕ, ਗਾਜਰ, ਬਰੋਕਲੀ, ਖੀਰਾ, ਮਸ਼ਰੂਮ, ਖੱਟੇ ਫਲ, ਟਮਾਟਰ, ਕੇਲਾ, ਬਦਾਮ, ਅਲਸੀ ਦੇ ਬੀਜ ਤੇ ਤੇਲ, ਅਖਰੋਟ, ਪੁੰਗਰੇ ਹੋਏ ਸੂਰਜਮੁਖੀ ਦੇ ਬੀਜ, ਸਾਰਡੀਨ ਅਤੇ ਸੈਲਮਨ ਮੱਛੀ, ਫੈਟ ਫਰੀ ਦਹੀਂ, ਸੰਤਰੇ ਦਾ ਜੂਸ, ਰਾਜਮਾਂਹ, ਗਰੀਨ ਚਾਹ, ਚਾਕਲੇਟ, ਨਾਰੀਅਲ, ਸੇਬ, ਕੜੀ ਪੱਤਾ, ਹਲਦੀ, ਸ਼ਕਰਕੰਦੀ ਆਦਿ। ਕੁਕਿੰਗ ਲਈ ਵੀ ਅਜਿਹੇ ਤੇਲ ਹੀ ਇਸਤੇਮਾਲ ਕਰਨੇ ਚਾਹੀਦੇ ਹਨ, ਜਿਨ੍ਹਾਂ ’ਚ ਜ਼ੀਰੋ ਕੋਲੈਸਟਰੋਲ ਹੋਵੇ।*



# ਪਿੱਤੇ ਦੀ ਪੱਥਰੀ ਦਾ ਇਲਾਜ



ਡਾ. ਅਮਰੀਕ ਸਿੰਘ ਕੰਡਾ

ਪਿੱਤੇ ਦੀ ਪੱਥਰੀ ਦਾ ਹੋਣਾ ਅੱਜ-ਕੱਲ੍ਹ ਆਮ ਹੋ ਗਿਆ ਹੈ, ਜਿਸ ਦਾ ਕਾਰਨ ਸਾਡਾ ਖਾਣ-ਪੀਣ ਤੇ ਸਾਡੀਆਂ ਮਾੜੀਆਂ ਆਦਤਾਂ ਹਨ। ਇਸ ਨੂੰ ਅੰਗਰੇਜ਼ੀ ’ਚ ‘ਗਾਲ ਬਲੈਡਰ ਸਟੋਨ’ ਵੀ ਕਿਹਾ ਜਾਂਦਾ ਹੈ। ਵੈਸੇ ਜ਼ਿਆਦਾਤਰ ਡਾਕਟਰ ਮਰੀਜ਼ ਦਾ ਪਿੱਤਾ ਹੀ ਕੱਢ ਦਿੰਦੇ ਹਨ ਪਰ ਇਸ ਦਾ ਸੌ ਫ਼ੀਸਦੀ ਇਲਾਜ ਹੈ। ਆਓ, ਜਾਣਦੇ ਹਾਂ ਇਸ ਦੇ ਕੁਦਰਤੀ ਇਲਾਜ ਬਾਰੇ :

## ਪਿੱਤਾ

ਪਿੱਤਾ ਸਾਡੇ ਸਰੀਰ ਦਾ ਇਕ ਛੋਟਾ ਜਿਹਾ ਅੰਗ ਹੈ, ਜਿਹੜਾ ਜਿਗਰ ਦੇ ਪਿੱਛੇ ਹੁੰਦਾ ਹੈ। ਦਰਅਸਲ, ਪਿੱਤਾ ਸਾਡਾ ਇਕ ਤਰ੍ਹਾਂ ਦਾ ਜੂਸ ਸਟੋਰ ਹੁੰਦਾ ਹੈ। ਜਦੋਂ ਅਸੀਂ ਭੋਜਨ ਖਾਂਦੇ ਹਾਂ, ਉਸ ਵੇਲੇ ਇਹ ਪਿੱਤ ਛੱਡਦਾ ਹੈ। ਜਿਵੇਂ ਜਦੋਂ ਮਿਰਚ ਮਸਾਲਾ ਜ਼ਿਆਦਾ ਖਾ ਲਿਆ ਜਾਂਦਾ ਹੈ ਤਾਂ ਖਾਣ ਤੋਂ ਬਾਅਦ ਗੁੜ ਜਾਂ ਖੰਡ ਖਾਂਦੇ ਹਾਂ ਤਾਂ ਕਿ ਮਿਰਚ ਲੱਗਣੀ ਥੋੜ੍ਹੀ ਘਟ ਜਾਵੇ ਪਰ ਅੰਤੜੀਆਂ ’ਚ ਜਿਹੜੀਆਂ ਮਿਰਚਾਂ ਗਈਆਂ ਹਨ, ਉਹ ਪਿੱਤੇ ਅਤੇ ਲਿਵਰ ਅੰਦਰ ਸਪਰੇਅ ਕਰ ਕੇ ਪੇਟ ਨੂੰ ਠੀਕ ਰੱਖਦੇ ਹਨ। ਕਦੇ-ਕਦੇ ਪਿੱਤੇ ’ਚ ਕੋਲੈਸਟਰੋਲ, ਬਿਲੀਰੁਬਿਨ ਤੇ ਪਿੱਤ ਲਵਣ ਜਮ੍ਹਾਂ ਹੋ ਜਾਂਦੇ ਹਨ। 80 ਫ਼ੀਸਦੀ ਪੱਥਰੀ ਕਿਲੋਸਰੋਲ ਤੋਂ ਬਣੀ ਹੁੰਦੀ ਹੈ। ਹੌਲੀ-ਹੌਲੀ ਇਹ ਸਖ਼ਤ ਹੋ ਜਾਂਦੀ ਹੈ ਤੇ ਇਹ ਪੱਥਰ ਵਰਗੀ ਠੋਸ ਹੋ ਜਾਂਦੀ ਹੈ।

## ਘਰੇਲੂ ਨੁਸਖ਼ੇ

- ਚੁਕੰਦਰ, ਨਾਸ਼ਪਤੀ ਤੇ ਸੇਬ ਦਾ ਜੂਸ ਪੀਓ। ਇਹ ਤਿੰਨੇ ਲਿਵਰ ਦੀ ਡਿਟਾਕਸੀਫਿਕੇਸ਼ਨ ਕਰਦੇ ਹਨ ਤੇ ਪੱਥਰੀ ਨੂੰ ਬਣਨ ਤੋਂ ਰੋਕਦੇ ਹਨ।
- ਸੇਬ ਦਾ ਸਿਰਕਾ ਇਕ ਚਮਚ ਇਕ ਗਲਾਸ ਪਾਣੀ ’ਚ ਪਾ ਕੇ ਹਰ ਰੋਜ਼ ਪੀਓ।
- ਪੱਥਰਚੱਟ ਖਾਓਗੇ, ਕਦੇ ਵੀ ਪਿੱਤੇ-ਗੁਰਦੇ ਦੀ ਪੱਥਰੀ ਨਹੀਂ ਹੋਵੇਗੀ।

### ਦੁੱਧ ਤੇ ਕੋਲਡ ਡਰਿੰਕ

*ਦੁੱਧ ਤੇ ਕੋਲਡ ਡਰਿੰਕਸ ਨਾਲ ਪੱਥਰੀ ਜ਼ਿਆਦਾ ਹੁੰਦੀ ਹੈ, ਇਸ ਲਈ ਇਨ੍ਹਾਂ ਤੋਂ ਪਰਹੇਜ਼ ਰੱਖੋ। ਜੇ ਦੁੱਧ ਪੀਣਾ ਹੈ ਤਾਂ ਹਰ ਰੋਜ਼ ਕੁਝ ਸਮੇਂ ਲਈ ਧੁੱਪੇ ਜ਼ਰੂਰ ਬੈਠੋ ਜਾਂ ਵਿਟਾਮਿਨ-ਡੀ ਦੀ ਮਾਤਰਾ ਵਧਾ ਦੇਵੋ। ਰੋਜ਼ਾਨਾ ਘੱਟੋ ਘੱਟ ਦੋ ਕਿਲੋਮੀਟਰ ਸੈਰ ਕਰੋ। ਦੁੱਧ ’ਚ ਹਮੇਸ਼ਾਂ ਮੋਟੀ ਅਲਾਇਚੀ, ਸੌਂਫ, ਦਾਲਚੀਨੀ ਤੇ ਲੌਂਗ ਪਾ ਕੇ ਚੰਗੀ ਤਰ੍ਹਾਂ ਉਬਾਲ ਕੇ ਕੋਸਾ ਕਰਨ ਤੋਂ ਬਾਅਦ ਪੀਓ। ਦੁੱਧ ’ਚ ਬੈਅ ਜਾਂ ਵਾਈ ਨਹੀਂ ਰਹੇਗੀ।*

## ਰਸੋਈ

ਕਾਲੀ ਮਿਰਚ, ਸੁੰਢ, ਮਘਾਂ, ਜ਼ੀਰਾ, ਅਜਵਾਇਣ, ਅਨਾਰਦਾਣਾ ਵੀਹ-ਵੀਹ ਗ੍ਰਾਮ ਅਤੇ 100 ਗ੍ਰਾਮ ਕਾਲਾ ਨਮਕ ਤੇ 100 ਗ੍ਰਾਮ ਪੁਦੀਨਾ ਸੁੱਕਾ ਲੈ ਕੇ ਸਭ ਨੂੰ ਪੀਸ ਲਵੋ। ਰੋਜ਼ ਇਕ ਚਮਚਾ ਦਹੀਂ ’ਚ ਪਾ ਕੇ ਖਾਓ। ਕਦੇ ਪੇਟ ਰੋਗ ਨਹੀਂ ਲੱਗੇਗਾ ਤੇ ਤਾਂ ਨਾ ਕਦੇ ਪੱਥਰੀ ਬਣੇਗੀ। •

98557-35666

# ਗੁਣਕਾਰੀ ਹੈ ਹਲਦੀ



ਰਜੀਵ ਕਪੂਰ ‘ਮੱਖੂ’

ਹਲਦੀ ਦੇ ਗੁਣਾਂ ਤੋਂ ਹਰ ਕੋਈ ਜਾਣੂ ਹੈ ਪਰ ਰੋਜ਼ਾਨਾ ਜ਼ਿੰਦਗੀ ’ਚ ਇਸ ਦੀ ਵਰਤੋਂ ਅਸੀਂ ਸਿਰਫ਼ ਦਾਲ-ਸਬਜ਼ੀ ਵਿਚ ਹੀ ਕਰਦੇ ਹਾਂ। ਭਾਰਤੀ ਸਮਾਜ ’ਚ ਹਲਦੀ ਨੂੰ ਸ਼ੁੱਭ ਮੰਨਿਆ ਜਾਂਦਾ ਹੈ। ਐਂਟੀਸੈਪਟਿਕ ਗੁਣਾਂ ਕਾਰਨ ਇਸ ਦੀ ਵਰਤੋਂ ਪ੍ਰਾਚੀਨ ਕਾਲ ਤੋਂ ਹੀ ਸਿਹਤ ਤੇ ਸੁੰਦਰਤਾ, ਦੋਵਾਂ ਨੂੰ ਵਧੀਆ ਬਣਾਈ ਰੱਖਣ ਲਈ ਕੀਤੀ ਜਾਂਦੀ ਹੈ। ਹਲਦੀ ਚਮੜੀ ਲਈ ਵੀ ਲਾਭਦਾਇਕ ਹੈ। ਇਸ ਦੀ ਵਰਤੋਂ ਸੁੰਦਰਤਾ ਨਿਖਾਰਨ ਵਾਲੇ ਅਨੇਕਾਂ ਕਰੀਮਾਂ ਵਿਚ ਕੀਤੀ ਜਾਂਦੀ ਹੈ। ਘੱਟ ਬਲੱਡ ਪ੍ਰੈਸ਼ਰ ਲਈ ਲਾਭਦਾਇਕ ਹਲਦੀ ਖ਼ੂਨ ਦੇ ਵਹਾਅ ਨੂੰ ਤੇਜ਼ ਕਰਨ ’ਚ ਮਦਦ ਕਰਦੀ ਹੈ।

**ਕੋਲੈਸਟਰੋਲ ’ਤੇ ਕਾਬੂ** : ਹਲਦੀ ਐੱਲਡੀਐੱਲ ਨੂੰ ਘੱਟ ਕਰਦੀ ਹੈ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਐੱਲ ਆਰਟਰੀਜ਼ ਨੂੰ ਬੰਦ ਕਰ ਦਿੰਦਾ ਹੈ, ਜਿਸ ਨਾਲ ਦਿਲ ਸਬੰਧੀ ਰੋਗ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਅਜਿਹੀਆਂ ਸੰਭਾਵਨਾਵਾਂ ਤੋਂ ਬਚਣ ਲਈ ਹਲਦੀ ਦੀ ਵਰਤੋਂ ਰੋਜ਼ ਕਰੋ।

**ਦਸਤ ਰੋਗ** : ਹਲਦੀ ਦਸਤ ਦੇ ਕੀਟਾਣੂਆਂ ਤੋਂ ਬਚਾਉਂਦੀ ਹੈ। ਜਰਮਨ ਹੈੱਲਥ ਅਥਾਰਿਟੀਜ਼ ਅਨੁਸਾਰ ਦਸਤ ਦੀ ਸਮੱਸਿਆ ਹੋਵੇ ਤਾਂ ਟਰਮੈਰਿਕ ਹਰਬਲ ਚਾਹ ਪੀਣੀ ਚਾਹੀਦੀ ਹੈ।

**ਸੈੱਲਾਂ ਦੀ ਸੁਰੱਖਿਆ** : ਹਲਦੀ ਇਕ ਵਧੀਆ ਐਂਟੀਆਕਸੀਡੈਂਟ ਹੈ, ਜੋ ਅਸਥਿਰ ਆਕਸੀਜਨ ਨੂੰ ਸੰਤੁਲਿਤ ਕਰਨ ’ਚ ਮਦਦ ਕਰਦੀ ਹੈ। ਇਨ੍ਹਾਂ ਨੂੰ ਵੀ ਰੈਡੀਕਲਜ਼ ਵੀ ਆਖਦੇ ਹਨ। ਇਹ ਫਰੀ ਰੈਡੀਕਲਜ਼ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਸ ਕਰਕੇ ਚਮੜੀ ਸਬੰਧੀ ਬਿਮਾਰੀਆਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

**ਹੱਡੀਆਂ ਦੀ ਮਜ਼ਬੂਤੀ** : ਰੋਜ਼ ਰਾਤ ਨੂੰ ਹਲਦੀ ਦਾ ਜੂਸ ਪੀਓ। ਅੱਧਾ ਗਲਾਸ ਦੁੱਧ ’ਚ ਅੱਧਾ ਇੰਚ ਸੁੱਕੀ ਹਲਦੀ ਦਾ ਟੁਕੜਾ ਮਿਲਾ ਕੇ ਚੰਗੀ ਤਰ੍ਹਾਂ ਉਬਾਲੋ। ਜਦੋਂ ਦੁੱਧ ਦਾ ਰੰਗ ਬਿਲਕੁਲ ਪੀਲਾ ਹੋ ਜਾਵੇ ਤਾਂ ਉਸ ਨੂੰ ਕੋਸਾ ਕਰ ਕੇ ਪੀ ਲਵੋ। ਇਹ ਬਹੁਤ ਸਾਰੀਆਂ ਬਿਮਾਰੀਆਂ ਲਈ ਫ਼ਾਇਦੇਮੰਦ ਹੈ। ਖ਼ਾਸ ਤੌਰ ’ਤੇ ਔਰਤਾਂ ਨੂੰ ਇਸ ਦਾ ਜੂਸ ਰੋਜ਼ ਰਾਤ ਨੂੰ ਪੀਣਾ ਚਾਹੀਦਾ ਹੈ, ਕਿਉਂਕਿ ਇਹ ਆਸਟੀਓਪੋਰੋਸ਼ਿਸ ਦੇ ਖ਼ਤਰੇ ਨੂੰ ਰੋਕਦਾ ਹੈ। •

97815-13519



# ਮੂੰਗਫਲੀ ਤੇ ਗੁੜ ਦੇ ਫ਼ਾਇਦੇ

ਗਰਮੀ ਦੇ ਮੌਸਮ ਵਿਚ ਸਰੀਰ ਨੂੰ ਠੰਡਕ ਪਹੁੰਚਾਉਣ ਲਈ ਠੰਡੀ ਤਾਸੀਰ ਤੇ ਸਰਦੀਆਂ ’ਚ ਗਰਮ ਤਾਸੀਰ ਵਾਲੀਆਂ ਚੀਜ਼ਾਂ ਖਾਣ ਨਾਲ ਸਿਹਤ ਠੀਕ ਰਹਿੰਦੀ ਹੈ। ਸਰਦੀਆਂ ’ਚ ਗੁੜ ਤੇ ਮੂੰਗਫਲੀ ਦਾ ਸੇਵਨ ਸਿਹਤ ਲਈ ਵਧੀਆ ਮੰਨਿਆ ਗਿਆ ਹੈ। ਗੁੜ ਤੇ ਮੂੰਗਫਲੀ ਖਾਣ ’ਚ ਸਵਾਦੀ ਹੋਣ ਦੇ ਨਾਲ-ਨਾਲ ਸਿਹਤ ਸਬੰਧੀ ਪਰੇਸ਼ਾਨੀਆਂ ਤੋਂ ਵੀ ਰਾਹਤ ਦਿਵਾਉਣ ਦਾ ਕੰਮ ਕਰਦੇ ਹਨ। ਜਾਣਦੇ ਹਾਂ ਗੁੜ ਤੇ ਮੂੰਗਫਲੀ ਦੇ ਫ਼ਾਇਦੇ

**ਦਿਲ ਦੇ ਰੋਗ** : ਮੂੰਗਫਲੀ ਵਿਚ ਦਿਲ ਲਈ ਲਾਹੇਵੰਦ ‘ਮੋਨੋ ਅਨਸੈਚੂਰੇਟਿਡ ਫੈਟ’ ਭਾਵ ਚਰਬੀ ਅਤੇ ਓਲੀਕ ਐਸਿਡ ਨਾਂ ਦਾ ਐਂਟੀ ਆਕਸੀਡੈਂਟ ਹੁੰਦਾ ਹੈ। ਇਹ ਤੱਤ ਦਿਲ ਨੂੰ ਕਾਰਡੀਓ ਵੈਸਕੂਲਰ ਅਤੇ ਨਸਾਂ ਦੇ ਹੋਰ ਰੋਗਾਂ ਤੋਂ ਬਚਾਉਂਦੇ ਹਨ ਤੇ ਦਿਲ ਦੇ ਦੌਰੇ ਦੇ ਖ਼ਤਰੇ ਨੂੰ ਘੱਟ ਕਰਦਾ ਹੈ।

**ਕਬਜ਼ ਤੋਂ ਛੁਟਕਾਰਾ** : ਫਾਈਬਰ ਨਾਲ ਭਰਪੂਰ ਮੂੰਗਫਲੀ ਐਸੀਡਿਟੀ ਜਾਂ ਕਬਜ਼ ਜਿਹੀਆਂ ਪਰੇਸ਼ਾਨੀਆਂ ਤੋਂ ਵੀ ਬਚਾਅ ਰੱਖਦੀ ਹੈ।

**ਖ਼ੂਨ ਦਾ ਗੇੜ** : ਗੁੜ ਅਤੇ ਮੂੰਗਫਲੀ ਦਾ ਸੇਵਨ ਕਰਨ ਨਾਲ ਸਰੀਰ ’ਚ ਖ਼ੂਨ ਦਾ ਗੇੜ ਸਹੀ ਰਹਿੰਦਾ ਹੈ। ਇਨ੍ਹਾਂ ਦੀ ਤਾਸੀਰ ਗਰਮ ਹੋਣ ਕਰਕੇ ਸੀਮਤ ਮਾਤਰਾ ’ਚ ਹੀ ਇਨ੍ਹਾਂ ਦਾ ਸੇਵਨ ਕੀਤਾ ਜਾਵੇ।

**ਦੰਦਾਂ ਤੇ ਹੱਡੀਆਂ ਦੀ ਮਜ਼ਬੂਤੀ**: ਪ੍ਰੋਟੀਨ ਅਤੇ ਕੈਲਸ਼ੀਅਮ ਨਾਲ ਭਰਪੂਰ ਮੂੰਗਫਲੀ ਅਤੇ ਗੁੜ ਦਾ ਸੇਵਨ ਕਰਨ ਨਾਲ ਦੰਦ ਅਤੇ ਹੱਡੀਆਂ ਮਜ਼ਬੂਤ ਹੁੰਦੇ ਹਨ। •







# ਵ੍ਹੀਟ ਗਰਾਸ ਜੂਸ ਮਰੀਜ਼ਾਂ ਲਈ ਸੰਜੀਵਨੀ

ਹਰਦੀਪ ਸਿੰਘ ਜਟਾਣਾ

ਵ੍ਹੀਟ ਗਰਾਸ ਜੂਸ ਜਾਂ ਪੁੰਗਰਦੀ ਹੋਈ ਕਣਕ ਦਾ ਰਸ ਆਪਣੇ ਅੰਦਰ ਅਨੇਕਾਂ ਕਿਸਮ ਦੇ ਅਜਿਹੇ ਤੱਤ ਸਮੋਈ ਬੈਠਾ ਹੈ, ਜਿਹੜੇ ਕਿਸੇ ਵੀ ਰੋਗ ਨੂੰ ਠੀਕ ਕਰਨ ਦੇ ਗੁਣ ਰੱਖਦੇ ਹਨ। ਭਾਰਤ ’ਚ ਭਾਵੇਂ ਇਸ ਦੀ ਆਮ ਅਤੇ ਸਿੱਧੇ ਰੂਪ ਵਿਚ ਵਰਤੋਂ ਹੁਣ ਸ਼ੁਰੂ ਹੋਈ ਹੈ ਪਰ ਪਸ਼ੂਆਂ, ਪੰਛੀਆਂ ਵੱਲੋਂ ਅਤੇ ਜਰਮਨ, ਅਮਰੀਕਾ ਵਰਗੇ ਕਈ ਵਿਕਸਿਤ ਦੇਸ਼ਾਂ ਵਿਚ ਇਸ ਦੀ ਵਰਤੋਂ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਜਰਮਨ ਦੇ ਬਹੁਤੇ ਡਾਕਟਰ ਪੁੰਗਰਦੀ ਹੋਈ ਕਣਕ ਦੇ ਰਸ ਨਾਲ ਹੀ ਮਰੀਜ਼ਾਂ ਦਾ ਇਲਾਜ ਕਰਦੇ ਹਨ ਅਤੇ ਬਹੁਤ ਜਲਦ ਤੰਦਰੁਸਤੀ ਦੇ ਨਤੀਜੇ ਹਾਸਲ ਕਰਦੇ ਹਨ।

ਜੇਕਰ ਪਸ਼ੂ-ਪੰਛੀਆਂ ਦੀ ਗੱਲ ਕਰੀਏ ਤਾਂ ਘੁੱਗੀਆਂ, ਕਬੂਤਰ ਸਾਡੇ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਕਣਕ ਦੇ ਪੁੰਗਰਦੇ ਦਾਣਿਆਂ ਨੂੰ ਚੁਗਦੇ ਆ ਰਹੇ ਹਨ। ਪੰਛੀਆਂ ਵਿਚ ਸਾਇਬੇਰੀਆ ਵਰਗੇ ਬਰਫ਼ੀਲੇ ਦੇਸ਼ ਤੋਂ ਹਜ਼ਾਰਾਂ ਕੋਹ ਦੂਰ ਕੱਤਕ ਮਹੀਨੇ ਪੰਜਾਬ, ਰਾਜਸਥਾਨ ਅਤੇ ਗੁਜਰਾਤ ਵਿਖੇ ਪੁੱਜਣ ਵਾਲੀਆਂ ਕੂੰਜਾਂ ਦੀ ਕਹਾਣੀ ਵੀ ਵ੍ਹੀਟ ਗਰਾਸ ਦੇ ਗੁਣਾਂ ’ਤੇ ਮੋਹਰ ਲਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕੂੰਜਾਂ ਸਬੰਧੀ ਕਈ ਸ਼ਬਦ ਸੁਸ਼ੋਭਿਤ ਹਨ। ਜੇਕਰ ਵੇਖਿਆ ਜਾਵੇ ਤਾਂ ਬਰਫ਼ੀਲੇ ਇਲਾਕੇ ਦੀਆਂ ਕੂੰਜਾਂ ਨੂੰ ਟਿੱਬਿਆਂ ਦੀ ਸੈਰ ਕਿਵੇਂ ਭਾਅ ਗਈ। ਗੁਰਬਾਣੀ ਅਨੁਸਾਰ ਉਹ ਹਜ਼ਾਰਾਂ ਮੀਲ ਦੂਰ ਆਪਣੇ ਬੱਚੇ ਛੱਡ ਵੱਖਰੀ ਕਿਸਮ ਦੇ ਪੌਣ-ਪਾਣੀ ਅਤੇ ਜੀਵ-ਜੰਤੂਆਂ ਵਾਲੀ ਧਰਤੀ ’ਤੇ ਹਰ ਸਾਲ ਆਉਂਦੀਆਂ ਹਨ। ਸਵਾਲ ਉੱਠਦਾ ਹੈ ਕਿ ਉਹ ਇਥੇ ਕੀ ਕਰਨ ਆਉਂਦੀਆਂ ਹਨ ਤਾਂ ਇਸ ਦਾ ਸਿੱਧਾ ਉਤਰ ਹੈ ਕਿ ਉਹ ਪੁੰਗਰਦੀ ਕਣਕ ਅਤੇ ਛੋਲਿਆਂ ਦੇ ਢੰਗੂਰ ਖਾਣ ਹੀ ਆਉਂਦੀਆਂ ਹਨ। ਉਡਣ ਅਤੇ ਰਾਤ ਗੁਜ਼ਾਰਨ ਵਕਤ ਹੱਦੋਂ ਵੱਧ ਤਕਨੀਕੀ ਅਤੇ ਅਨੁਸ਼ਾਸਿਤ ਇਨ੍ਹਾਂ ਪੰਛੀਆਂ ਵੱਲੋਂ ਪੰਜਾਬ ਦੀ ਧਰਤੀ ’ਤੇ ਕੁਦਰਤੀ ਰੂਪ ਵਿਚ ਪੁੰਗਰਦੀਆਂ ਫਸਲਾਂ ਅਤੇ ਕਣਕ ਦੇ ਗੁਣਾਂ ਨੂੰ ਸੈਂਕੜੇ ਸਾਲ ਪਹਿਲਾਂ ਹੀ ਮਾਨਤਾ ਦੇ ਦਿੱਤੀ ਗਈ ਸੀ ਪਰ ਅਸੀਂ ਕਾਫ਼ੀ ਦੇਰ ਨਾਲ ਚੇਤੰਨ ਹੋਏ ਹਾਂ।

ਜੇ ਖੇਤਾਂ ’ਚ ਚਰਨ ਵਾਲੇ ਪਸ਼ੂਆਂ ਦੀ ਗੱਲ ਕਰੀਏ ਤਾਂ ਉਹ ਵੀ ਪੁੰਗਰਦੀ ਹੋਈ ਕਣਕ ਨੂੰ ਖਾਣਾ ਸਭ ਤੋਂ ਜ਼ਿਆਦਾ ਪਸੰਦ ਕਰਦੇ ਹਨ। ਹਰੇ ਰੰਗ ਦੇ ਨਰਮੇ ਅਤੇ ਝੋਨੇ ਨੂੰ ਮੁੱਛਣ ਦੀ ਥਾਂ ਬੇਸਹਾਰਾ ਪਸ਼ੂ ਵੀ ਕਣਕ ਮੁੱਛਣਾ ਪਸੰਦ ਕਰਦੇ ਹਨ, ਜਿਸ ਲਈ ਉਨ੍ਹਾਂ ਨੂੰ ਕੰਡਿਆਲੀਆਂ ਤਾਰਾਂ ਦੀਆਂ ਰੋਕਾਂ ਅਤੇ ਕਿਸਾਨਾਂ ਦੇ ਰੈਂਗਲਿਆਂ (ਅਣਘੜੇ ਸੋਟਿਆਂ) ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਅੱਜ-ਕੱਲ੍ਹ ਕਮਜ਼ੋਰ ਜਿਹੇ ਦਿਖਾਈ ਦੇ ਰਹੇ ਇਨ੍ਹਾਂ ਪਸ਼ੂਆਂ ਦਾ ਨਿਰੀਖਣ ਕੀਤਾ ਜਾਵੇ ਤਾਂ ਭੁੱਖ ਨਾਲ ਹਾਲੋਂ ਬੇਹਾਲ ਹੋਏ ਇਹ ਪਸ਼ੂ ਕਣਕ ਦੇ ਫੁਟਾਰੇ ਦਾ ਚਾਰਾ ਮਿਲਣ ’ਤੇ ਦਸ-ਪੰਦਰਾਂ ਦਿਨਾਂ ਬਾਅਦ ਹੀ ਤਾਕਤਵਾਰ ਹੋ ਜਾਣਗੇ। ਫਿਰ ਇਨ੍ਹਾਂ ਨੂੰ ਨਾ ਕਿਸਾਨਾਂ ਦੇ ਰੈਂਗਲਿਆਂ ਦਾ ਡਰ ਰਹਿਣਾ ਹੈ ਅਤੇ ਨਾ ਹੀ ਪੋਹ-ਮਾਘ ਦੀਆਂ ਜਮਾ ਦੇਣ ਵਾਲੀਆਂ ਰਾਤਾਂ ਦਾ। ਗੁਣਾਂ ਦੇ ਅਧਾਰ ’ਤੇ ਜੇ ਅਸੀਂ ਇਸ ਰਸ ਨੂੰ ਸੰਜੀਵਨੀ ਰਸ ਵੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

## ਫ਼ਾਇਦੇ

ਜੇ ਕੋਈ ਵਿਅਕਤੀ ਕਣਕ ਦੇ ਬੀਜ ਨੂੰ ਬੀਜਣ ਤੋਂ ਬਾਅਦ ਛੇ ਤੋਂ ਲੈ ਕੇ ਤੇਰਾਂ ਦਿਨਾਂ ਤਕ ਦੀ ਉਮਰ ਦੇ ਬੂਟੇ ਦਾ ਰਸ ਪੀਂਦਾ ਹੈ ਤਾਂ ਇਸ ਦੇ ਕੌਤਕੀ ਪ੍ਰਭਾਵ ਵੇਖਣ ਨੂੰ ਮਿਲਦੇ ਹਨ। ਵ੍ਹੀਟ ਗਰਾਸ ਜੂਸ ਕੈਂਸਰ ਵਰਗੇ ਭਿਆਨਕ ਰੋਗ ਨੂੰ ਜੜ੍ਹੋਂ ਖ਼ਤਮ ਕਰਨ ਦੀ ਤਾਕਤ ਰੱਖਦਾ ਹੈ। 2007 ਵਿਚ ਹੋਈ ਖੋਜ ਅਨੁਸਾਰ ਵ੍ਹੀਟ ਗਰਾਸ ਜੂਸ ਔਰਤਾਂ ਦੇ ਛਾਤੀ ਦੇ ਕੈਂਸਰ ਨੂੰ ਸੌ ਫ਼ੀਸਦੀ ਠੀਕ ਕਰਨ ਦੇ ਗੁਣ ਰੱਖਦਾ ਹੈ। ਇਹ ਰਸ ਸ਼ੂਗਰ ਰੋਗੀਆਂ ਦੇ ਇਲਾਜ ਲਈ ਬਹੁਤ ਕਾਰਗਰ ਹੈ। ਗਠੀਆ, ਬਵਾਸੀਰ, ਚਮੜੀ ਰੋਗ, ਪਾਚਨ ਪ੍ਰਕਿਰਿਆ, ਥਕਾਵਟ, ਖ਼ੂਨ ਦੀ ਘਾਟ, ਸਾਹ ਰੋਗ ਅਤੇ ਸਰੀਰ ਦੀ ਬਦਬੂ, ਵਜ਼ਨ ਘਟਾਉਣ, ਕੋਲੈਸਟਰੋਲ ਕੰਟਰੋਲ ਕਰਨ, ਦਿਲ ਦੇ ਰੋਗਾਂ ਸਮੇਤ ਅਨੇਕਾਂ ਨਿੱਕੇ-ਵੱਡੇ ਰੋਗਾਂ ਲਈ ਇਹ ਰਸ ਰਾਮਬਾਣ ਜਿਹਾ ਕੰਮ ਕਰਦਾ ਹੈ। ਜੇ ਇਸ ਦੀ ਨਿਯਮਤ ਵਰਤੋਂ ਕੀਤੀ ਜਾਵੇ ਤਾਂ ਇਸ ਨਾਲ ਘਾਤਕ ਨਸ਼ਿਆਂ ਤੋਂ ਪੀੜਤ ਵੀ ਤੰਦਰੁਸਤ ਹੋ ਕੇ ਨਸ਼ਾ-ਮੁਕਤੀ ਵੱਲ ਤੁਰ ਸਕਦੇ ਹਨ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਕਣਕ ਦਾ ਇਹ ਰਸ ਸਹੀ ਮਾਤਰਾ ’ਚ ਲੈਣ ਨਾਲ ਕਣਕ ਦੇ ਆਟੇ ਤੋਂ ਹੋਣ ਵਾਲੀ ਐਲਰਜੀ ਨੂੰ ਵੀ ਠੀਕ ਕਰਨ ਦੀ ਸਮਰਥਾ ਰੱਖਦਾ ਹੈ।

ਜੇਕਰ ਇਸ ਰਸ ਦੀ ਤੰਦਰੁਸਤੀ ਲਈ ਕੀਤੀ ਜਾਣ ਵਾਲੀ ਪ੍ਰਕਿਰਿਆ ਦੀ ਗੱਲ ਕਰੀਏ ਤਾਂ ਇਹ ਬਹੁਤ ਹੀ ਸਧਾਰਨ ਅਤੇ ਸਰਲ ਹੈ। ਮਾਹਿਰਾਂ ਮੁਤਾਬਿਕ ਵ੍ਹੀਟ ਗਰਾਸ ਜੂਸ ਕਲੋਰੋਫਿਲ ਦੀ ਬਹੁਤਾਤ ਕਾਰਨ ਸਰੀਰ ਵਿਚ ਜਾ ਕੇ ਖ਼ੂਨ ਵਿਚ ਆਕਸੀਜਨ ਦੀ ਮਾਤਰਾ ਕਾਫ਼ੀ ਵਧਾ ਦਿੰਦਾ ਹੈ। ਸਰੀਰ ਵਿਚ ਵਧੀ ਹੋਈ ਆਕਸੀਜਨ ਦੀ ਮਾਤਰਾ ਆਕਸੀਜਨ ਦੀ ਘਾਟ ਕਾਰਨ ਨਕਾਰਾ ਹੋਏ ਸੈੱਲਾਂ ਦੀ ਮੁਰੰਮਤ ਕਰਦੀ ਹੈ, ਉਨ੍ਹਾਂ ਨੂੰ ਜੀਵਤ ਕਰ ਕੇ ਮੁੜ ਕਾਰਜਸ਼ੀਲ ਕਰਦੀ ਹੈ ਅਤੇ ਕਹਿਣਾ ਨਾ ਮੰਨਣ ਵਾਲੇ ਸੈੱਲਾਂ ਨੂੰ ਮਲ ਤਿਆਗ ਰਸਤੇ ਬਾਹਰ ਕੱਢ ਦਿੰਦੀ ਹੈ। ਜਦੋਂ ਸਰੀਰ ਦੇ ਸੈੱਲ ਤਾਕਤਵਰ ਹੋ ਜਾਣ ਤਾਂ ਫਿਰ ਸਰੀਰ ਦੇ ਰੋਗ ਆਪਣੇ ਆਪ ਜੜ੍ਹੋਂ ਖ਼ਤਮ ਹੋ ਜਾਂਦੇ ਹਨ। ਜੇ ਕਣਕ ਪੁੰਗਾਰਨ ਦੀਆਂ ਸਧਾਰਨ ਤਕਨੀਕਾਂ ਸਿੱਖ ਕੇ ਘਰ ਦੇ ਇਸ ਡਾਕਟਰ ਨੂੰ ਘਰ ਵਿਚ ਹਾਜ਼ਰ ਕਰ ਲਈਏ ਤਾਂ ਪੂਰਾ ਸਮਾਜ ਰੋਗ-ਮੁਕਤ ਹੋ ਸਕਦਾ ਹੈ। ਸਸਤਾ, ਜਲਦੀ ਪੈਦਾ ਹੋ ਕੇ ਜਲਦੀ ਨਤੀਜੇ ਦੇਣ ਵਾਲਾ ਵ੍ਹੀਟ ਗਰਾਸ ਹਰ ਤਰ੍ਹਾਂ ਦੇ ਰੋਗ ਭਜਾ ਕੇ ਤੰਦਰੁਸਤੀ ਪੈਦਾ ਕਰ ਸਕਦਾ ਹੈ। ਮੌਜੂਦਾ ਸਮਾਂ ਪੰਜਾਬ ਵਿਚ ਕਣਕ ਬੀਜਣ ਦਾ ਮਹੀਨਾ ਹੈ। ਜੇਕਰ ਥੋੜ੍ਹਾ ਜਿਹਾ ਉੱਦਮ ਕੀਤਾ ਜਾਵੇ ਤਾਂ ਅਸੀਂ ਆਪਣੇ ਖੇਤਾਂ, ਘਰਾਂ ਤੇ ਹੋਰ ਸਾਂਝੀਆਂ ਥਾਵਾਂ ’ਤੇ ਰਸਾਇਣਾਂ ਤੋਂ ਮੁਕਤ ਜ਼ਮੀਨ ਉੱਪਰ ਜ਼ਹਿਰ ਮੁਕਤ ਕਣਕ ਪੈਦਾ ਕਰ ਕੇ ਤੰਦਰੁਸਤ ਸਮਾਜ ਦੀ ਨੀਂਹ ਰੱਖ ਸਕਦੇ ਹਾਂ। •

94172-54517

### ਖੋਜ

**ਮਾਹਿਰਾਂ ਵੱਲੋਂ ਕੀਤੀ ਗਈ ਲੰਬੀ ਖੋਜ ਅਨੁਸਾਰ ਵ੍ਹੀਟ ਗਰਾਸ ਵਿਚ ਧਰਤੀ ’ਤੇ ਹੁਣ ਤਕ ਖੋਜੇ ਗਏ ਕੁੱਲ 102 ਤੱਤਾਂ ਵਿੱਚੋਂ 98 ਤੱਤ ਮੌਜੂਦ ਹਨ। ਖੋਜਕਾਰਾਂ ਅਨੁਸਾਰ ਇਹ ਪੌਦਾ ਚਾਨਣੇ ਅਤੇ ਧਰਤੀ ’ਤੇ ਪੈਦਾ ਹੋਣ ਵਾਲੇ ਸਾਰੇ ਪੌਦਿਆਂ ਵਿੱਚੋਂ ਸਭ ਤੋਂ ਜ਼ਿਆਦਾ ਕਲੋਰੋਫਿਲ ਦੀ ਮਾਤਰਾ ਰੱਖਦਾ ਹੈ।**

# ਲਾਹੇਵੰਦ ਹੈ ਅਨਾਰ

ਪ੍ਰਿੰਸ ਅਰੋੜਾ ਮਲੌਦ

ਅਨਾਰ ਲਾਲ ਰੰਗ ਦਾ ਛੋਟਾ ਜਿਹਾ ਫਲ ਹੈ ਪਰ ਮਨੁੱਖੀ ਸਰੀਰ ਨੂੰ ਅਣਗਿਣਤ ਲਾਭ ਦਿੰਦਾ ਹਨ। ਅਨਾਰ ਅੰਦਰ ਛੋਟੇ-ਛੋਟੇ ਲਾਲ ਰੰਗ ਦੇ ਰਸਭਰੇ ਦਾਣੇ ਹੁੰਦੇ ਹਨ। ਅਨਾਰ ਜ਼ਿਆਦਾਤਰ ਗਰਮ ਦੇਸ਼ਾਂ ’ਚ ਪਾਇਆ ਜਾਂਦਾ ਹੈ। ਭਾਰਤ ਵਿਚ ਅਨਾਰ ਜ਼ਿਆਦਾਤਰ ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਹਰਿਆਣਾ, ਗੁਜਰਾਤ ਆਦਿ ਸੂਬਿਆਂ ’ਚ ਹੁੰਦਾ ਹੈ। ਖ਼ੂਨ ਵਧਾਉਣ ਲਈ ਅਨਾਰ ਸਭ ਤੋਂ ਵਧੀਆ ਫਲ ਮੰਨਿਆ ਜਾਂਦਾ ਹੈ ਅਤੇ ਇਹ ਸਾਰਾ ਸਾਲ ਹੀ ਮਿਲ ਜਾਂਦਾ ਹੈ। ਅਨਾਰ ’ਚ ਵਿਟਾਮਿਨ-ਬੀ, ਵਿਟਾਮਿਨ-ਸੀ ਤੇ ਵਿਟਾਮਿਨ-ਕੇ ਭਰਪੂਰ ਮਾਤਰਾ ’ਚ ਹੁੰਦੇ ਹਨ। ਆਓ, ਜਾਣਦੇ ਹਾਂ ਇਸ ਦੇ ਫ਼ਾਇਦਿਆਂ ਬਾਰੇ :

## ਲਾਭ

- ਖ਼ੂਨ ਦੀ ਕਮੀ ਹੋਣ ’ਤੇ ਡਾਕਟਰ ਸਭ ਤੋਂ ਪਹਿਲਾਂ ਮਰੀਜ਼ ਨੂੰ ਅਨਾਰ ਖਾਣ ਦੀ ਸਲਾਹ ਦਿੰਦੇ ਹਨ। ਅਨਾਰ ਦੇ ਬੀਜ ਬਹੁਤ ਲਾਹੇਵੰਦ ਹੁੰਦੇ ਹਨ। ਇਹ ਸਰੀਰ ਵਿਚ ਨਵਾਂ ਖ਼ੂਨ ਬਣਾਉਣ ’ਚ ਕਾਫ਼ੀ ਮਦਦਗਾਰ ਹੁੰਦੇ ਹਨ। ਅਨੀਮੀਆ ਦੇ ਸ਼ਿਕਾਰ ਲੋਕਾਂ ਨੂੰ ਰੋਜ਼ਾਨਾ ਘੱਟੋ ਘੱਟ ਇਕ ਅਨਾਰ ਜ਼ਰੂਰ ਖਾਣਾ ਚਾਹੀਦਾ ਹੈ।
- ਅਨਾਰ ਦੇ ਰਸ ’ਚ ਮੌਜੂਦ ਫ਼ਰੂਕਟੋਜ ਨਾਂ ਦਾ ਤੱਤ ਖ਼ੂਨ ਵਿਚ ਸ਼ੂਗਰ ਦਾ ਪੱਧਰ ਨਹੀਂ ਵਧਣ ਦਿੰਦਾ। ਸ਼ੂਗਰ ਦੇ ਮਰੀਜ਼ ਇਸ ਫਲ ਦੀ ਵਰਤੋਂ ਕਰ ਸਕਦੇ ਹਨ।
- ਅਨਾਰ ਦੀ ਨਿਯਮਤ ਵਰਤੋਂ ਕਰਨ ਨਾਲ ਬਲੱਡ ਪ੍ਰੈਸ਼ਰ ਕਾਬੂ ਵਿਚ ਰਹਿੰਦਾ ਹੈ।
- ਅਨਾਰ ਦੀ ਵਰਤੋਂ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਹੈ। ਇਸ ਨਾਲ ਯਾਦਦਾਸ਼ਤ ਤੇਜ਼ ਹੁੰਦੀ ਹੈ।
- ਅਨਾਰ ਦੇ ਸੇਵਨ ਨਾਲ ਚਿਹਰੇ ’ਤੇ ਝੁਰੜੀਆਂ ਘੱਟ ਪੈਂਦੀਆਂ ਹਨ। •



# ਐਚਆਈਵੀ ਏਡਜ਼ ਨੂੰ ਹਰਾਉਣ ਲਈ ਜਨ-ਜਨ ਵਿੱਚ ਜਾਗਰੂਕਤਾ ਫੈਲਾਉਣਾ ਜਰੂਰੀ : ਸਿਹਤ ਮੰਤਰੀ ਆਰਤੀ ਸਿੰਘ ਰਾਓ

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਇੱਕ ਮਜਬੂਤ ਅਤੇ ਸੰਵੇਦਨਸ਼ੀਲ ਸਿਹਤ ਢਾਂਚਾ ਵਿਕਸਿਤ ਕੀਤਾ ਗਿਆ ਹੈ, ਜਿਸ ਦੀ ਗੁਣਵੱਤਾ ਨਾਲ ਐਚਆਈਵੀ ਸੰਕ੍ਰਮਿਤ ਦਾ ਹਰ ਸੰਭਵ ਇਲਾਜ ਕੀਤਾ ਜਾ ਰਿਹਾ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਭਾਰਤ ਨੂੰ ਏਡਸ ਮੁਕਤ ਬਨਾਉਣਾ ਹੈ, ਇਸ ਵਿੱਚ ਆਮਜਨਤਾ ਦੀ ਸਹਿਭਾਗਤਾ ਬਹੁਤ ਜਰੂਰੀ ਹੈ। ਐਚਆਈਵੀ ਏਡਸ ਇੱਕ ਗੰਭੀਰ ਬੀਮਾਰੀ ਹੈ। ਇਸ ਬੀਮਾਰੀ ਨੂੰ ਹਰਾਉਣ ਲਈ ਜਨ-ਜਨ ਨੂੰ ਜਾਗਰੁਕ ਕਰਨਾ ਜਰੂਰੀ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਸੋਮਵਾਰ ਨੂੰ ਕੈਥਲ ਵਿੱਚ ਵਿਸ਼ਵ ਏਡਸ ਦਿਵਸ ਮੌਕੇ 'ਤੇ ਆਯੋਜਿਤ ਰਾਜ ਪੱਧਰੀ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਤੋਂ ਪਹਿਲਾਂ ਮੰਤਰੀ ਆਰਤੀ ਸਿੰਘ ਰਾਓ ਨੇ ਸਕੂਲ ਪਰਿਸਰ ਵਿੱਚ ਸਿਹਤ ਵਿਭਾਗ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦਾ ਅਵਲੋਕਨ ਕੀਤਾ।

ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬੇ ਵਿੱਚ 104 ਆਈਸੀਟੀਸੀ ਕੇਂਦਰ, ਜਿਨ੍ਹਾਂ ਵਿੱਚ ਫਰੀਦਾਬਾਦ ਦੀ ਮੋਬਾਇਲ ਆਈਸੀਟੀਸੀ ਵੀ ਸ਼ਾਮਿਲ ਹੈ। ਹਰਿਆਣਾ ਵਿੱਚ 24 ਏਆਰਟੀ ਕੇਂਦਰ ਹਨ। ਜਿਨ੍ਹਾਂ ਵਿੱਚ 13 ਨਵੇਂ ਕੇਂਦਰ ਮੈਡੀਕਲ ਕਾਲਜਾਂ ਵਿੱਚ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ 5 ਐਫਆਈਏਆਰਟੀ ਕੇਂਦਰ ਅਤੇ 4 ਲਿੰਕ ਏਆਰਟੀ ਕੇਂਦਰ ਵੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਸ ਨਾਲ ਜੀਵਨ ਰੱਖਿਅਕ ਦਵਾਈਆਂ ਦੀ



ਉਪਲਬਧਤਾ ਸਾਰੇ ਖੇਤਰਾਂ ਵਿੱਚ ਯਕੀਨੀ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ ਪੀਪੀਪੀ ਮੋਡ ਰਾਹੀਂ ਅਲਟ੍ਰਾਸਾਊਂਡ, ਐਮਆਰਆਈ ਅਤੇ ਸੀਟੀ ਸਕੈਨ ਵਰਗੇ ਟੇਸਟ ਐਚਆਈਵੀ ਪੀੜਤਾਂ ਲਈ ਮੁਫਤ ਉਪਲਬਧ ਕਰਵਾਏ ਜਾ ਰਹੇ ਹਨ। ਦਸੰਬਰ, 2021 ਤੋਂ ਹਰਿਆਣਾ ਸਰਕਾਰ ਵੱਲੋਂ ਐਚਆਈਵੀ ਸੰਕ੍ਰਮਿਤ ਵਿਅਕਤੀਆਂ ਨੂੰ 2250 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ 54 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ ਅਤੇ ਇਸ ਸਾਲ 27 ਕਰੋੜ 78 ਲੱਖ ਰੁਪਏ ਮੰਜੂਰ ਕੀਤੇ ਗਏ ਹਨ। ਐਚਆਈਵੀ ਪੀੜਤ ਵਿਅਕਤੀਆਂ ਨੂੰ ਸਰਕਾਰੀ ਬਲੱਡ ਬੈਂਕ ਵੱਲੋਂ ਮੁਫਤ ਖੂਨ ਉਪਲਬਧ ਕਰਵਾਇਆ ਜਾਂਦਾ ਹੈ। ਭਾਰਤ ਸਰਕਾਰ ਦੇ ਰੇਲ ਮੰਤਰਾਲੇ ਵੱਲੋਂ ਨਾਮਜਦ ਏਆਰਟੀ ਕੇਂਦਰ ਵਿੱਚ ਇਲਾਜ ਲਈ ਏਡਸ ਦੇ ਮਰੀਜਾਂ ਨੂੰ ਦੂਜੀ ਸ਼੍ਰੇਣੀ ਵਿੱਚ 50 ਫੀਸਦੀ ਦੀ ਛੋਟ ਪ੍ਰਦਾਨ ਕੀਤੀ ਜਾਂਦੀ ਹੈ। ਹਰਿਆਣਾ ਰਾਜ ਵਿੱਚ ਐਚਆਈਵੀ/ਏਡਸ ਸੰਕ੍ਰਮਿਤ ਵਿਅਕਤੀ ਮੁਫਤ ਕਾਨੂੰਨੀ ਸਹਾਇਤਾ ਦਾ ਹੱਕਦਾਰ ਹੈ। ਹਰਿਆਣਾ ਦੇ ਹਰੇਕ ਜਿਲ੍ਹਾ ਵਿੱਚ ਸਰਕਾਰ ਵੱਲੋਂ ਨਸ਼ਾ ਮੁਕਤੀ ਕੇਂਦਰ ਚਲਾਏ ਜਾ ਰਹੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਆਮਜਨਤਾ ਦੀ ਜਾਗਰੁਕਤਾ ਅਤੇ ਕਮਿਊਨਿਟੀ ਦੀ ਭਾਗੀਦਾਰੀ ਹੀ ਸਾਡੀ ਸਫਲਤਾ ਦਾ ਕੁੰਜੀ ਹੈ। ਹਰਿਆਣਾ ਰਾਜ ਏਡਸ ਕੰਟਰੋਲ ਸੋਸਾਇਟੀ ਵੱਲੋਂ ਨਿਯਮਤ ਜਾਗਰੁਕਤਾ ਮੁਹਿੰਮ ਚਲਾਈ ਜਾ ਰਹੀ ਹੈ। ਹਰਿਆਣਾ ਵਿੱਚ ਐਚਆਈਵੀ ਏਡਸ ਦੇ ਤਹਿਤ ਐਕਟ 2017 ਲਾਗੂ ਕੀਤਾ ਗਿਆ ਹੈ। ਹਰਿਆਣਾ ਰਾਜ ਦੇ ਛੇ ਡਿਵੀਜਨਲ ਕਮਿਸ਼ਨਰ ਨੂੰ ਲੋਕਪਾਲ ਨਿਯੁਕਤ ਕੀਤਾ ਗਿਆ ਹੈ, ਜਿਸ ਵਿੱਚ ਐਚਆਈਵੀ ਸੰਕ੍ਰਮਿਤ ਵਿਅਕਤੀਆਂ ਦੇ ਅਧਿਕਾਰਾਂ ਨਾਲ ਜੁੜੇ ਕਿਸੇ ਵੀ ਉਲੰਘਣ 'ਤੇ ਸ਼ਿਕਾਇਤ ਦਰਜ ਕਰਨ ਅਤੇ ਹੱਲ ਪਾਉਣ ਦੀ ਮੁਫਤ ਵਿਵਸਥਾ ਹੈ। ਇਸ ਤੋਂ ਇਲਾਵਾ, ਟੋਲ ਫਰੀ ਰਾਸ਼ਟਰੀ ਹੈਲਪਲਾਇਨ ਨੰਬਰ 1097 ਗੁਪਤ ਰੂਪ ਨਾਲ ਜਾਣਕਾਰੀ, ਮਾਰਗਦਰਸ਼ਨ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਨ ਲਈ ਸਦਾ ਉਪਲਬਧ ਹੈ।

ਇਸ ਮੌਕੇ 'ਤੇ ਵਿਧਾਇਕ ਸ੍ਰੀ ਸਤਪਾਲ ਜਾਂਬਾ ਨੇ ਕਿਹਾ ਕਿ ਵਿਸ਼ਵ ਏਡਸ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਨੂੰ ਜਾਗਰੁਕ ਕਰਨਾ ਹੈ। ਜਾਗਰੁਕਤਾ ਰਾਹੀਂ ਅਸੀਂ ਇਸ ਬੀਮਾਰੀ ਨੂੰ ਹਰਾ ਸਕਦੇ ਹਨ। ਸਰਕਾਰ ਵੱਲੋਂ ਅਨੇਕ ਪ੍ਰੋਗਰਾਮਾਂ ਰਾਹੀਂ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਸੂਬਾ ਅਤੇ ਦੇਸ਼ ਨੂੰ ਨਸ਼ੇ ਤੋਂ ਮੁਕਤ ਕਰਨਾ ਹੈ। ਸਾਨੂੰ ਆਪਣੇ ਬੱਚਿਆਂ ਦਾ ਪੂਰਾ ਧਿਆਨ ਰੱਖਣਾ ਹੈ, ਉਨ੍ਹਾਂ ਦੀ ਹਰ ਏਕਟੀਵਿਟੀ 'ਤੇ ਨਿਗਰਾਨੀ ਰੱਖਣੀ ਹੈ। ਬੱਚਿਆਂ ਨੂੰ ਆਪਣਾ ਦੋਸਤ ਬਨਾਉਣ।

# ਜ਼ਿਲ੍ਹਾ ਖਜ਼ਾਨਾ ਤੇ ਉਪ ਖਜ਼ਾਨਾ ਦਫ਼ਤਰਾਂ ਵਿੱਚ 6 ਦਸੰਬਰ ਤੱਕ ਲਗਾਏ ਜਾਣਗੇ ਪੈਨਸ਼ਨਰ ਸੇਵਾ ਕੈਂਪ

**ਜਲੰਧਰ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖਜ਼ਾਨਾ ਅਫ਼ਸਰ ਅਮਰਨਾਥ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਖਜ਼ਾਨਾ ਦਫ਼ਤਰ ਅਤੇ ਜ਼ਿਲ੍ਹੇ ਦੇ ਹੋਰ ਉਪ ਖਜ਼ਾਨਾ ਦਫਤਰਾਂ ਫਿਲੌਰ, ਨਕੋਦਰ, ਸ਼ਾਹਕੋਟ ਵਿਖੇ 6 ਦਸੰਬਰ 2025 ਤੱਕ ਪੈਨਸ਼ਨਰ ਸੇਵਾ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਉਪ ਖਜ਼ਾਨਾ ਦਫ਼ਤਰਾਂ ਕਰਤਾਰਪੁਰ ਅਤੇ ਭੋਗਪੁਰ ਦੇ ਪੈਨਸ਼ਨਰਾਂ ਲਈ ਜਲੰਧਰ ਵਿਖੇ ਹੀ ਪੈਨਸ਼ਨਰ ਸੇਵਾ ਕੈਂਪ ਲਗਾਇਆ ਜਾਵੇਗਾ।

ਉਨ੍ਹਾਂ ਜ਼ਿਲ੍ਹੇ ਨਾਲ ਸਬੰਧਿਤ ਪੰਜਾਬ ਸਰਕਾਰ ਦੇ ਸਮੂਹ ਪੈਨਸ਼ਨਰਾਂ, ਫੈਮਿਲੀ ਪੈਨਸ਼ਨਰਾਂ ਅਤੇ ਪੈਨਸ਼ਨਰ ਯੂਨੀਅਨ ਨੂੰ ਅਪੀਲ ਕੀਤੀ ਕਿ ਆਪਣੇ ਦਸਤਾਵੇਜ਼ਾਂ (ਪੀ.ਪੀ.ਓ. ਦੀ ਕਾਪੀ, ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸਬੁੱਕ) ਤੋਂ ਇਲਾਵਾ ਆਧਾਰ ਲਿੰਕ ਲਈ ਮੋਬਾਇਲ (ਓਟੀਪੀ ਵਾਸਤੇ) ਨਾਲ ਲੈ ਕੇ ਆਉਣ। ਉਨ੍ਹਾਂ ਪੈਨਸ਼ਨਰ ਸੇਵਾ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

# ਭਾਰਤ 'ਚ ਲਗਭਗ 30% ਔਰਤਾਂ ਪਾਰਟਨਰ ਹਿੰਸਾ ਦਾ ਸ਼ਿਕਾਰ

**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ 'ਚ ਸਾਲ 2023 'ਚ 15-49 ਸਾਲ ਉਮਰ ਵਰਗ ਦੀਆਂ ਪੰਜ 'ਚੋਂ ਜ਼ਿਆਦਾ ਭਾਵ ਲਗਭਗ 20 ਫ਼ੀਸਦੀ ਔਰਤਾਂ ਨੂੰ ਆਪਣੇ ਸਾਥੀ ਦੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਜਦੋਂ ਕਿ ਲਗਭਗ 30 ਫ਼ੀਸਦੀ ਔਰਤਾਂ ਆਪਣੇ ਜੀਵਨਕਾਲ 'ਚ ਅਜਿਹੀ ਹਿੰਸਾ ਤੋਂ ਪ੍ਰਭਾਵਿਤ ਹੋਈਆਂ ਹਨ। ਵਿਸ਼ਵ ਸਿਹਤ ਸੰਗਠਨ (WHO) ਦੀ ਇੱਕ ਨਵੀਂ ਗਲੋਬਲ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆਂ ਭਰ 'ਚ ਲਗਭਗ ਤਿੰਨ 'ਚੋਂ ਇੱਕ ਵਿਅਕਤੀ ਭਾਵ ਲਗਭਗ 84 ਕਰੋੜ ਲੋਕ ਆਪਣੇ ਜੀਵਨਕਾਲ 'ਚ ਸਾਥੀ ਜਾਂ ਜਿਨਸੀ ਹਿੰਸਾ ਦਾ ਸ਼ਿਕਾਰ ਹੋਏ ਹਨ, ਅਤੇ ਇਹ ਅੰਕੜਾ ਸਾਲ 2000 ਤੋਂ ਬਾਅਦ ਬਦਲਿਆ ਨਹੀਂ। ਇਸ 'ਚ ਕਿਹਾ ਗਿਆ ਹੈ ਕਿ ਦੁਨੀਆਂ ਭਰ 'ਚ 15-49 ਸਾਲ ਦੀ ਉਮਰ ਦੀਆਂ 8.4 ਫ਼ੀਸਦੀ ਔਰਤਾਂ ਨੂੰ ਗ਼ੈਰ-ਸਾਥੀ ਦੁਆਰਾ ਜਿਣਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ।

ਅਨੁਮਾਨ ਅਨੁਸਾਰ ਭਾਰਤ 'ਚ 15 ਸਾਲ ਅਤੇ ਇਸ ਤੋਂ ਵੱਧ ਉਮਰ ਵਰਗ ਦੀਆਂ ਲਗਭਗ ਚਾਰ ਫ਼ੀਸਦੀ ਔਰਤਾਂ ਨੂੰ ਗ਼ੈਰ-ਸਾਥੀ ਦੁਆਰਾ ਜਿਣਸੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਰਿਪੋਰਟ 168 ਦੇਸ਼ਾਂ 'ਤੇ ਆਧਾਰਿਤ ਹੈ, ਅਤੇ ਇਹ 2003 ਅਤੇ 2023 'ਚ ਕੀਤੇ ਗਏ ਸਰਵੇਖਣਾਂ ਅਤੇ ਅਧਿਐਨਾਂ ਤੋਂ ਪ੍ਰਾਪਤ ਅੰਕੜਿਆਂ ਦੀ ਇੱਕ ਵਿਆਪਕ ਸਮੀਖਿਆ ਹੈ।

# ਨਵੇਂ ਆਈਫੋਨਾਂ 'ਚ ਸਰਕਾਰੀ ਐਪ ਪ੍ਰੀਲੋਡ ਕਰਨ ਸਬੰਧੀ ਹੁਕਮਾਂ ਦਾ ਵਿਰੋਧ ਕਰੇਗਾ ਐਪਲ; ਯੂਜ਼ਰਜ਼ ਨੂੰ ਸੰਚਾਰ ਸਾਥੀ ਐਪ ਡਿਲੀਟ ਕਰਨ ਜਾਂ ਰੱਖਣ ਦੀ ਖੁੱਲ੍ਹ: ਸਿੰਧੀਆ

**ਨਵੀਂ ਦਿੱਲੀ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਚ ਨਿਰਮਤ ਜਾਂ ਦਰਾਮਦ ਕੀਤੇ ਨਵੇਂ ਮੋਬਾਈਲ ਫੋਨਾਂ ਵਿਚ ਸੰਚਾਰ ਸਾਰਥੀ ਐਪ ਇਨਬਿਲਟ ਇੰਸਟਾਲ ਕੀਤੇ ਜਾਣ ਨੂੰ ਲੈ ਕੇ ਪਏ ਰੌਲੇ ਰੱਪੇ ਤੇ ਨਿਗਰਾਨੀ ਨਾਲ ਜੁੜੇ ਫਿਕਰਾਂ ਦਰਮਿਆਨ ਇਸ ਪੂਰੇ ਮਾਮਲੇ ਤੋਂ ਜਾਣੂ ਤਿੰਨ ਸੂਤਰਾਂ ਨੇ ਕਿਹਾ ਕਿ ਐਪਲ ਦੀ ਆਪਣੇ ਸਮਾਰਟਫੋਨਾਂ ਨੂੰ ਸਰਕਾਰੀ ਮਾਲਕੀ ਵਾਲੀ ਸਾਈਬਰ ਸੁਰੱਖਿਆ ਐਪ ਨਾਲ ਪ੍ਰੀਲੋਡ ਕਰਨ ਦੇ ਆਦੇਸ਼ ਦੀ ਪਾਲਣਾ ਕਰਨ ਦੀ ਯੋਜਨਾ ਕੋਈ ਯੋਜਨਾ ਨਹੀਂ ਹੈ। ਸੂਤਰਾਂ ਨੇ ਕਿਹਾ ਕਿ ਐਪਲ ਜਲਦੀ ਹੀ ਨਵੀਂ ਦਿੱਲੀ ਨੂੰ ਆਪਣੇ ਫਿਕਰਾਂ ਤੋਂ ਜਾਣੂ ਕਰਵਾਏਗਾ।




ਭਾਰਤ ਸਰਕਾਰ ਨੇ ਗੁਪਤ ਰੂਪ ਵਿਚ ਐਪਲ, ਸੈਮਸੰਗ ਅਤੇ ਸ਼ੀਓਮੀ ਸਮੇਤ ਮੋਬਾਈਲ ਫੋਨਾਂ ਦਾ ਨਿਰਮਾਣ ਕਰਨ ਵਾਲੀਆਂ ਹੋਰ ਕਈ ਕੰਪਨੀਆਂ ਨੂੰ 90 ਦਿਨਾਂ ਦੇ ਅੰਦਰ-ਅੰਦਰ ਆਪਣੇ ਫ਼ੋਨਾਂ ਵਿੱਚ ਸੰਚਾਰ ਸਾਥੀ, ਜਾਂ ਸੰਚਾਰ ਸਾਥੀ ਨਾਮਕ ਐਪ ਪ੍ਰੀਲੋਡ ਕਰਨ ਦਾ ਹੁਕਮ ਦਿੱਤਾ ਹੈ। ਇਸ ਐਪ ਦਾ ਉਦੇਸ਼ ਚੋਰੀ ਹੋਏ ਫ਼ੋਨਾਂ ਨੂੰ ਟਰੈਕ ਕਰਨਾ, ਉਨ੍ਹਾਂ ਨੂੰ ਬਲਾਕ ਕਰਨਾ ਅਤੇ ਇਨ੍ਹਾਂ ਦੀ ਦੁਰਵਰਤੋਂ ਨੂੰ ਰੋਕਣਾ ਹੈ। ਸਰਕਾਰ ਇਹ ਵੀ ਚਾਹੁੰਦੀ ਹੈ ਕਿ ਮੋਬਾਈਲ ਨਿਰਮਾਤਾ ਇਹ ਵੀ ਯਕੀਨੀ ਬਣਾਉਣ ਕਿ ਐਪ ਨੂੰ ਅਨਇੰਸਟਾਲ ਨਾ ਕੀਤਾ ਜਾ ਸਕੇ। ਰਾਇਟਰਜ਼ ਨੇ ਸੋਮਵਾਰ ਨੂੰ ਸਭ ਤੋਂ ਪਹਿਲਾਂ ਇਹ ਜਾਣਕਾਰੀ ਸਾਂਝੀ ਕੀਤੀ ਸੀ।

ਭਾਰਤ ਦੇ ਟੈਲੀਕਾਮ ਮੰਤਰਾਲੇ ਨੇ ਹਾਲਾਂਕਿ ਮਗਰੋਂ ਇਸ ਪੇਸ਼ਕਦਮੀ ਦੀ ਪੁਸ਼ਟੀ ਕਰਦਿਆਂ ਇਸ ਨੂੰ ਸਾਈਬਰ ਸੁਰੱਖਿਆ ਦੇ 'ਗੰਭੀਰ ਖ਼ਤਰੇ' ਦਾ ਮੁਕਾਬਲਾ ਕਰਨ ਲਈ ਇੱਕ ਸੁਰੱਖਿਆ ਉਪਾਅ ਦੱਸਿਆ। ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਆਸੀ ਵਿਰੋਧੀਆਂ ਅਤੇ ਨਿੱਜਤਾ ਦੇ ਸਮਰਥਕਾਂ ਨੇ ਇਸ ਕਦਮ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਹ ਸਰਕਾਰ ਲਈ ਭਾਰਤ ਦੇ 730 ਮਿਲੀਅਨ ਸਮਾਰਟਫੋਨਾਂ ਤੱਕ ਰਸਾਈ ਦਾ ਇੱਕ ਤਰੀਕਾ ਹੈ।

ਐਪਲ ਦੇ ਫ਼ਿਕਰਾਂ ਤੋਂ ਜਾਣੂ ਇਕ ਸੂਤਰ ਨੇ ਕਿਹਾ ਕਿ ਕੰਪਨੀ ਦੀ ਇਨ੍ਹਾਂ ਉਪਰੋਕਤ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਕੋਈ ਯੋਜਨਾ ਨਹੀਂ ਹੈ ਅਤੇ ਉਹ ਸਰਕਾਰ ਨੂੰ ਦੱਸਣਗੇ ਕਿ ਉਹ ਦੁਨੀਆ ਵਿੱਚ ਕਿਤੇ ਵੀ ਅਜਿਹੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਕਿਉਂਕਿ ਇਸ ਨਾਲ ਕੰਪਨੀ ਦੇ iOS ਈਕੋਸਿਸਟਮ ਲਈ ਕਈ ਤਰ੍ਹਾਂ ਦੇ ਨਿੱਜਤਾ ਤੇ ਸੁਰੱਖਿਆ ਨਾਲ ਜੁੜੇ ਮੁੱਦੇ ਉਠ ਖੜ੍ਹਨਗੇ। ਉਧਰ ਐਪਲ ਤੇ ਟੈਲੀਕਾਮ ਮੰਤਰਾਲੇ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ।

**ਯੂਜ਼ਰਜ਼ ਨੂੰ ਸੰਚਾਰ ਸਾਥੀ ਐਪ ਡਿਲੀਟ ਕਰਨ ਜਾਂ ਰੱਖਣ ਦੀ ਖੁੱਲ੍ਹ: ਸਿੰਧੀਆ**

ਕੇਂਦਰੀ ਮੰਤਰੀ ਜਿਓਤਿਰਾਦਿੱਤਿਆ ਸਿੰਧੀਆ ਨੇ ਕਿਹਾ ਕਿ ਯੂਜ਼ਰਜ਼ ਨਵੇਂ ਮੋਬਾਈਨ ਫੋਨਾਂ ਵਿਚ ਇਨਬਿਲਟ ਆਉਦ ਵਾਲੇ 'ਸੰਚਾਰ ਸਾਥੀ' ਐਪ ਨੂੰ ਆਪੋ ਆਪਣੇ ਮੋਬਾਈਲਾਂ 'ਚੋਂ ਡਿਲੀਟ ਕਰ ਸਕਣਗੇ। ਸਿੰਧੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਚਾਰ ਸਾਥੀ ਐਪ ਨੂੰ ਰੱਖਣਾ ਹੈ ਜਾਂ ਡਿਲੀਟ ਕਰਨਾ ਹੈ, ਇਹ ਫੈਸਲਾ ਯੂਜ਼ਰਜ਼ ਕਰ ਸਕਣਗੇ। ਕੇਂਦਰੀ ਮੰਤਰੀ ਨੇ ਕਿਹਾ, "ਜੇ ਤੁਸੀਂ ਇਸ ਐਪ ਨੂੰ ਡਿਲੀਟ ਕਰਨਾ ਚਾਹੁੰਦੇ ਹੋ, ਤਾਂ ਇਸ ਨੂੰ ਡਿਲੀਟ ਕਰ ਦੇਣਾ। ਪਰ ਦੇਸ਼ ਵਿੱਚ ਹਰ ਕੋਈ ਨਹੀਂ ਜਾਣਦਾ ਕਿ ਇਹ ਐਪ ਧੋਖਾਧੜੀ ਅਤੇ ਚੋਰੀ ਤੋਂ ਬਚਾਉਣ ਲਈ ਬਣਾਇਆ ਗਿਆ ਹੈ।" ਕੇਂਦਰੀ ਸੰਚਾਰ ਮੰਤਰੀ ਨੇ ਕਿਹਾ ਕਿ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਐਪ ਨੂੰ ਹਰ ਕਿਸੇ ਤੱਕ ਪਹੁੰਚਾਈਏ। ਜੇਕਰ ਤੁਸੀਂ ਇਸ ਨੂੰ ਡਿਲੀਟ ਕਰਨਾ ਚਾਹੁੰਦੇ ਹੋ, ਤਾਂ ਇਸ ਨੂੰ ਡਿਲੀਟ ਕਰ ਦੇਣਾ। ਜੇਕਰ ਤੁਸੀਂ ਇਸ ਨੂੰ ਨਹੀਂ ਵਰਤਣਾ ਚਾਹੁੰਦੇ, ਤਾਂ ਇਸ ਨੂੰ ਰਜਿਸਟਰ ਨਾ ਕਰੋ। ਜੇਕਰ ਤੁਸੀਂ ਇਸ ਨੂੰ ਰਜਿਸਟਰ ਕਰਦੇ ਹੋ, ਤਾਂ ਇਹ ਕਿਰਿਆਸ਼ੀਲ ਰਹੇਗਾ। ਜੇਕਰ ਤੁਸੀਂ ਇਸਨੂੰ ਰਜਿਸਟਰ ਨਹੀਂ ਕਰਦੇ, ਤਾਂ ਇਹ ਅਕਿਰਿਆਸ਼ੀਲ ਰਹੇਗਾ।

# UK ਦੇ ਇਮੀਗ੍ਰੇਸ਼ਨ ਨਿਯਮਾਂ 'ਚ 50 ਸਾਲਾਂ ਦਾ ਸਭ ਤੋਂ ਵੱਡਾ ਬਦਲਾਅ




**ਲੰਡਨ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਿਟੇਨ ਦੀ ਕੀਅਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਸਿਸਟਮ 'ਚ ਵੱਡੇ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਬਦਲਾਵਾਂ ਨੂੰ ਲਗਭਗ 50 ਸਾਲਾਂ 'ਚ ਲੀਗਲ ਮਾਈਗ੍ਰੇਸ਼ਨ ਮੌਡਲ 'ਚ ਸਭ ਤੋਂ ਵੱਡਾ ਅਤੇ ਸਭ ਤੋਂ ਅਹਿਮ ਬਦਲਾਅ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਸੁਧਾਰ ਹਾਲ ਹੀ ਦੇ ਸਾਲਾਂ 'ਚ UK ਆਏ ਲੋਕਾਂ ਦੀ ਵਿਸ਼ਾਲ ਸੰਖਿਆ ਦੇ ਮੱਦੇਨਜ਼ਰ ਕੀਤੇ ਗਏ ਹਨ। ਨਿਯਮਾਂ 'ਚ ਕੀਤੇ ਗਏ ਮੁੱਖ ਬਦਲਾਅ ਅਸੀਂ ਇੱਥੇ ਦੇ ਰਹੇ ਹਾਂ।

**ਸੈਟਲਮੈਂਟ ਦੀ ਉਡੀਕ ਦੁੱਗਣੀ ਭਾਵ 10 ਸਾਲ:** ਪਰਵਾਸੀਆਂ ਲਈ UK 'ਚ ਹਮੇਸ਼ਾ ਲਈ ਰਹਿਣ (ਅਨਿਸ਼ਚਿਤ ਸਮੇਂ ਲਈ ਰਹਿਣ ਦੀ ਇਜਾਜ਼ਤ ਜਾਂ ਸੈਟਲਮੈਂਟ) ਲਈ ਅਰਜ਼ੀ ਦੇਣ ਤੋਂ ਪਹਿਲਾਂ ਲੱਗਣ ਵਾਲਾ ਸਮਾਂ ਦੁੱਗਣਾ ਕਰ ਦਿੱਤਾ ਗਿਆ ਹੈ। ਹੁਣ ਮਾਈਗ੍ਰੈਂਟਸ ਨੂੰ ਸੈਟਲਮੈਂਟ ਲਈ ਐਪਲਾਈ ਕਰਨ ਤੋਂ ਪਹਿਲਾਂ 10 ਸਾਲ ਲੱਗਣਗੇ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਨਵਾਂ Earned Settlement Model ਪੇਸ਼ ਕੀਤਾ ਹੈ। ਸ਼ਬਾਨਾ ਮਹਿਮੂਦ ਨੇ ਕਿਹਾ ਹੈ, "ਇਸ ਦੇਸ਼ 'ਚ ਹਮੇਸ਼ਾ ਲਈ ਵਸ ਜਾਣਾ ਕੋਈ ਆਮ ਗੱਲ ਨਹੀਂ ਬਲਕਿ ਇੱਕ ਖ਼ਾਸ ਅਧਿਕਾਰ ਹੈ, ਅਤੇ ਕਿਸੇ ਨੂੰ ਵੀ ਇਸ ਹੱਕ ਨੂੰ ਕਮਾਉਣਾ ਪਵੇਗਾ।"

**ਪਬਲਿਕ ਫ਼ੰਡਾਂ ਤਕ ਪਹੁੰਚ** ਲੋਕਾਂ ਤਕ ਸੀਮਿਤ ਕਰ ਦਿੱਤੇ ਗਏ ਹਨ ਜੋ ਬ੍ਰਿਟਿਸ਼ ਨਾਗਰਿਕ ਬਣਦੇ ਹਨ। ਮੌਜੂਦਾ ਸਿਸਟਮ ਦੇ ਉਲਟ ਹੁਣ ਸਿਰਫ਼ ਸੈਟਲਮੈਂਟ ਮਿਲਣ 'ਤੇ ਹੀ ਪਰਵਾਸੀਆਂ ਨੂੰ ਪਬਲਿਕ ਫ਼ੰਡਾਂ ਤਕ ਤੁਰੰਤ ਪਹੁੰਚ ਜਾਂ ਲਾਭ ਨਹੀਂ ਮਿਲਣਗੇ।

ਪਬਲਿਕ ਫ਼ੰਡਾਂ ਤਕ ਪਹੁੰਚ ਸਿਰਫ਼ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਮਿਲੇਗੀ ਜਿਸ ਲਈ ਬ੍ਰਿਟਿਸ਼ 'ਚ ਲਾਈਫ਼ ਟੈੱਸਟ ਪਾਸ ਕਰਨਾ ਤੇ ਵਾਧੂ ਫ਼ੀਸ ਦੇਣੀ ਜ਼ਰੂਰੀ ਹੋਵੇਗੀ।

**ਹੈੱਲਥ ਕੇਅਰ ਅਤੇ ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ ਅਸਰ:** ਹੈੱਲਥ ਅਤੇ ਸੋਸ਼ਲ ਕੇਅਰ ਵਰਕਰਾਂ ਲਈ ਸੈਟਲਮੈਂਟ ਦੀ ਬੇਸਲਾਈਨ ਮਿਆਦ 15 ਸਾਲ ਹੋਵੇਗੀ। ਗ਼ੈਰ-ਕਾਨੂੰਨੀ ਪਰਵਾਸੀ ਅਤੇ ਉਹ ਲੋਕ ਜੋ ਤੈਅ ਸਮੇਂ ਤੋਂ ਵੱਧ ਸਮੇਂ ਤਕ ਦੇਸ਼ 'ਚ ਰਹਿੰਦੇ ਹਨ, ਉਨ੍ਹਾਂ ਨੂੰ ਸੈਟਲਮੈਂਟ ਲਈ 30 ਸਾਲਾਂ ਤਕ ਉਡੀਕ ਕਰਨੀ ਪਵੇਗੀ। ਇਸ ਨਾਲ ਉਨ੍ਹਾਂ ਦੀ ਲੰਬੇ ਸਮੇਂ ਤਕ ਰਹਿਣ ਦੀ ਸੰਭਾਵਨਾ ਖ਼ਤਮ ਹੋ ਜਾਵੇਗੀ।

**ਭਾਰਤੀਆਂ ਸਮੇਤ 20 ਲੱਖ ਪ੍ਰਭਾਵਿਤ:** ਇਹ ਸਖ਼ਤ ਨਿਯਮ ਉਨ੍ਹਾਂ ਕਰੀਬ 20 ਲੱਖ ਪਰਵਾਸੀਆਂ 'ਤੇ ਲਾਗੂ ਹੋਣਗੇ ਜੋ 2021 ਤੋਂ ਬਾਅਦ UK 'ਚ ਆਏ ਹਨ ਅਤੇ ਓਦੋਂ ਤਕ ਲਾਗੂ ਰਹਿਣਗੇ ਜਦੋਂ ਤਕ ਕਿ ਉਨ੍ਹਾਂ ਨੂੰ ਛੋਟ ਨਾ ਮਿਲ ਜਾਵੇ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਉਨ੍ਹਾਂ 16 ਲੱਖ ਪਰਵਾਸੀਆਂ ਨੂੰ ਪ੍ਰਬੰਧਿਤ ਕਰਨ ਲਈ ਜ਼ਰੂਰੀ ਹੈ ਜੋ 2030 ਤਕ ਸੈਟਲਮੈਂਟ ਲਈ ਯੋਗ ਹੋ ਜਾਣਗੇ।

**ਯੌਰਪ ਦਾ ਸਭ ਤੋਂ ਸਖ਼ਤ ਸਿਸਟਮ:** ਗ੍ਰਹਿ ਦਫ਼ਤਰ ਦਾ ਕਹਿਣਾ ਹੈ ਕਿ ਇਸ ਬਦਲਾਅ ਦਾ ਮਕਸਦ ਇੱਕ ਅਜਿਹਾ ਨਿਯੰਤਰਿਤ ਅਤੇ ਚੋਣਵਾਂ ਸਿਸਟਮ ਬਣਾਉਣਾ ਹੈ ਜੋ ਯੌਰਪ 'ਚ ਸਭ ਤੋਂ ਸਖ਼ਤ ਹੋਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਬ੍ਰਿਟੇਨ ਸਰਕਾਰ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਦੇ ਸਖ਼ਤ ਵੀਜ਼ਾ ਅਤੇ ਇਮੀਗ੍ਰੇਸ਼ਨ ਨਿਯਮਾਂ ਦੇ ਰਾਹ 'ਤੇ ਚੱਲਦੀ ਨਜ਼ਰ ਆ ਰਹੀ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਵਿਧਾਨਸਭਾ ਵੱਲੋਂ ਪ੍ਰਕਾਸ਼ਿਤ ਮੈਗਜ਼ੀਨ 'ਸਦਨ ਸੰਦੇਸ਼' ਦੀ ਕੀਤੀ ਘੁੰਡ ਚੁਕਾਈ

**➢ ਸਦਨ ਸੰਦੇਸ਼' ਜਨਤਾ ਅਤੇ ਸਦਨ ਦੇ ਵਿੱਚ ਸੰਵਾਦ ਦਾ ਮਜਬੂਤ ਸੇਤੂ ਬਨਣ ਦੇ ਨਾਲ ਲੋਕਤਾਂਤਰਿਕ ਪ੍ਰਕ੍ਰਿਆਵਾਂ ਦੀ ਬਣੇਗੀ ਜੀਵੰਤ ਦਸਤਾਵੇਜ ➢ ਸਰਕਾਰ ਅਤੇ ਵਿਰੋਧੀ ਧਿਰ, ਦੋਨਾਂ ਦੀ ਸਮਾਨ ਜਿਮੇਵਾਰੀ ਹੈ ਕਿ ਉਹ ਜਨਹਿਤ ਨੂੰ ਰੱਖਣ ਸੱਭ ਤੋਂ ਉੱਪਰ : ਮੁੱਖ ਮੰਤਰੀ**

**ਚੰਡੀਗੜ੍ਹ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਹਰਿਆਣਾ ਵਿਧਾਨਸਭਾ ਵੱਲੋਂ ਪ੍ਰਕਾਸ਼ਿਤ ਮੈਗਜ਼ੀਨ 'ਸਦਨ ਸੰਦੇਸ਼' ਦੀ ਘੁੰਡ ਚੁਕਾਈ ਕੀਤੀ। ਮੁੱਖ ਮੰਤਰੀ ਨੇ ਇਸ ਵਿਧਾਨਸਭਾ ਵੱਲੋਂ ਜਨਸੰਚਾਰ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਨ ਪਹਿਲ ਦੱਸਦੇ ਹੋਏ ਕਿਹਾ ਕਿ ਇਹ ਸਿਰਫ ਮੈਗਜ਼ੀਨ ਦੀ ਘੁੰਡ ਚੁਕਾਈ ਨਹੀ, ਸਗੋ ਨਵੀਂ ਸੋਚ, ਨਵੀਂ ਦਿਸ਼ਾ ਅਤੇ ਨਵੇਂ ਸੰਕਲਪ ਦੀ ਸ਼ੁਰੂਆਤ ਹੈ।

ਹਰਿਆਣਾ ਵਿਧਾਨਸਭਾ ਦੇ ਪਰਿਸਰ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ, ਸੰਸਦੀ ਕਾਰਜ ਮੰਤਰੀ ਸ੍ਰੀ ਮਹੀਪਾਲ ਢਾਂਡਾ, ਵਿਧਾਨਸਭਾ ਡਿਪਟੀ ਸਪੀਕਰ ਸ੍ਰੀ ਕ੍ਰਿਸ਼ਣ ਲਾਲ ਮਿੱਢਾ, ਵਿਧਾਇਕ ਸ੍ਰੀ ਬੀ.ਬੀ. ਬਤਰਾ ਸਮੇਤ ਮੰਤਰੀ, ਵਿਧਾਇਕ ਅਤੇ ਅਧਿਕਾਰੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਅਤੇ ਪ੍ਰਕਾਸ਼ਨ ਨਾਲ ਜੁੜੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਦਨ ਸੰਦੇਸ਼ ਮੈਗਜ਼ੀਨ ਜਨਤਾ ਅਤੇ ਸਦਨ ਦੇ ਵਿਚ ਸੰਵਾਦ ਦਾ ਇੱਕ ਮਜਬੂਤ ਸੇਤੂ ਹੋਵੇਗਾ। ਇਹ ਮੈਗਜ਼ੀਨ ਨਾ ਸਿਰਫ ਵਿਧਾਨਸਭਾ ਦੀ ਕਾਰਵਾਈ, ਫੈਸਲਿਆਂ ਅਤੇ ਵਿਧਾਈ ਪ੍ਰਕ੍ਰਿਆਵਾਂ ਨੂੰ ਜਨਤਾ ਤੱਕ ਪਹੁੰਚਾਉਣ ਵਿੱਚ ਮਦਦ ਕਰੇਗੀ, ਸਗੋ ਲੋਕਤਾਂਤਰਿਕ ਮੁੱਲਾਂ ਨੂੰ ਮਜਬੂਤ ਕਰਨ ਦੀ ਦਿਸ਼ਾ ਵਿੱਚ ਵੀ ਮਹਤੱਵਪੂਰਣ ਭੂਮਿਕਾ ਨਿਭਾਏਗੀ। ਮੈਗਜ਼ੀਨ ਰਾਹੀਂ ਨਾਗਰਿਕਾਂ ਨੂੰ ਸਦਨ ਦੀ ਗਤੀਵਿਧੀਆਂ, ਨੀਤੀਗਤ ਚਰਚਾਵਾਂ ਅਤੇ ਮਹਤੱਵਪੂਰਣ ਵਿਧਾਈ ਪਹਿਲਾਂ ਦੀ ਸੁਵਿਵਸਥਿਤ ਜਾਣਕਾਰੀ ਪ੍ਰਾਪਤ ਹੋਵੇਗੀ।

**ਲੋਕਤਾਂਤਰਿਕ ਪ੍ਰਕ੍ਰਿਆਵਾਂ ਦਾ ਜੀਵੰਤ ਦਸਤਾਵੇਜ਼ ਬਣੇਗੀ ਮੈਗਜ਼ੀਨ**

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਇਸ ਮੈਗਜ਼ੀਨ ਦਾ ਉਦੇਸ਼ ਮੈਂਬਰਾਂ ਅਤੇ ਪਾਠਕਾਂ ਨੂੰ ਉਪਯੋਗੀ ਜਾਣਕਾਰੀ ਦੇਣਾ ਅਤੇ ਵਿਚਾਰਾਂ ਦੀ ਅਭਿਵਿਕਤੀ ਦਾ ਮੰਚ ਪ੍ਰਦਾਨ ਕਰਨਾ ਹੈ। ਇਹ ਮੈਗਜ਼ੀਨ ਸਾਡੇ ਲੋਕਤਾਂਤਰਿਕ ਮੁੱਲਾਂ, ਵਿਧਾਈ ਪਰੰਪਰਾਵਾਂ ਅਤੇ ਸਦਨ ਦੀ ਗਰਿਮਾ ਨੂੰ ਨਵੀਂ ਉਰਜਾ ਦੇਣ ਦਾ ਇੱਕ ਮਜਬੂਤ ਸਰੋਤ ਬਣੇਗੀ। ਮੈਗਜ਼ੀਨ ਲੋਕਤਾਂਤਰਿਕ ਪ੍ਰਕ੍ਰਿਆਵਾਂ ਦਾ ਇੱਕ ਜੀਵੰਤ ਜਿਮੇਵਾਰੀ ਹੈ, ਜੋ ਖੋਜਕਾਰਾਂ, ਵਿਦਿਆਰਥੀਆਂ ਅਤੇ ਉਨ੍ਹਾਂ ਸਾਰੇ ਨਾਗਰਿਕਾਂ ਲਈ ਵੀ ਮਾਰਗਦਰਸ਼ਿਕਾ ਬਣੇਗੀ, ਜੋ ਲੋਕਤਾਂਤਰਿਕ ਪ੍ਰਕ੍ਰਿਆਵਾਂ ਨੂੰ ਗਹਿਰਾਈ ਨਾਲ ਸਮਝਣਾ ਚਾਹੁੰਦੇ ਹਨ।

**ਜਨਤਾ ਦਾ ਭਰੋਸਾ ਬਣਾਏ ਰੱਖਣਾ ਜਨ-ਪ੍ਰਤੀਨਿਧੀਆਂ ਦੀ ਸਮੂਹਿਕ ਜਿਮੇਵਾਰੀ**

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦਾ ਲੋਕਤੰਤਰ ਵਿਸ਼ਵ ਦਾ ਸੱਭ ਤੋਂ ਵੱਡਾ ਅਤੇ ਜੀਵੰਤ ਲੋਕਤੰਤਰ ਹੈ। ਇਸ ਦੀ ਅਸਲੀ ਤਾਕਤ ਸਿਰਫ ਚੋਣਾਂ ਵਿੱਚ ਨਹੀਂ, ਸਗੋ ਉਸ ਭਰੋਸੇ ਵਿੱਚ ਨਿਹਿਤ ਹੈ, ਜੋ ਜਨਤਾ ਆਪਣੇ ਪ੍ਰਤੀਨਿਧੀਆਂ 'ਤੇ ਕਰਦੀ ਹੈ। ਜਦੋਂ ਇੱਕ ਆਮ ਨਾਗਰਿਕ ਵੋਟਿੰਗ ਕਰਦਾ ਹੈ, ਤਾਂ ਉਹ ਆਪਣੇ ਸਪਨਿਆਂ, ਉਮੀਦਾਂ ਅਤੇ ਭਰੋਸੇ ਨੂੰ ਆਪਣੇ ਜਨ ਪ੍ਰਤੀਨਿਧੀ ਦੇ ਹੱਥਾਂ ਵਿੱਚ ਸੌਂਪਦਾ ਹੈ। ਇਸ ਲਈ, ਜਨਤਾ ਦਾ ਭਰੋਸਾ ਬਣਾਏ ਰੱਖਣਾ ਸਾਡੀ ਸਾਰਿਆਂ ਦੀ ਸਮੂਹਿਕ ਜਿਮੇਵਾਰੀ ਹੈ।

ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਦੀ ਆਤਮਾ ਸਾਡੀ ਵਿਧਾਇਕਾਵਾਂ ਵਿੱਚ ਵਸਦੀ ਹੈ। ਸੰਸਦ ਅਤੇ ਰਾਜ ਵਿਧਾਨਸਭਾਵਾਂ ਉਹ ਸਥਾਨ ਹੈ, ਜਿੱਥੇ ਕਾਨੂੰਨ ਬਣਦੇ ਹਨ, ਨੀਤੀਆਂ ਤੈਅ ਹੁੰਦੀਆਂ ਹਨ ਅਤੇ ਕਾਰਜਪਾਲਿਕਾ ਦੀ ਜਵਾਬਦੇਹੀ ਯਕੀਨੀ ਹੁੰਦੀ ਹੈ। ਸਦਨ ਵਿੱਚ ਹੋਣ ਵਾਲੀ ਹਰ ਚਰਚਾ, ਹਰ ਬਹਿਸ ਅਤੇ ਹਰ ਫੈਸਲਾ ਦਾ ਸਿੱਧਾ ਸਬੰਧ ਨਾਗਰਿਕਾਂ ਦੇ ਜੀਵਨ ਤੋਂ ਹੁੰਦਾ ਹੈ। ਇਸ ਲਈ, ਸਾਡੀ ਸਾਰਿਆਂ ਦੀ ਜਿਮੇਵਾਰੀ ਹੈ ਕਿ ਅਸੀਂ ਸਦਨ ਵਿੱਚ ਮੌਜੂਦ ਰਹਿਣ। ਨਾਲ ਹੀ, ਅਸੀਂ ਅਧਿਐਨ ਤੇ ਖੋਜ ਕਰਨ ਅਤੇ ਜਨਤਾ ਦੀ ਭਾਵਨਾਵਾਂ ਨੂੰ ਸਮਝ ਕੇ ਸਾਰਥਕ ਅਤੇ ਰਚਨਾਤਮਕ ਬਹਿਸ ਵਿੱਚ ਹਿੱਸਾ ਲੇਣ।

**ਸਰਕਾਰ ਅਤੇ ਵਿਰੋਧੀ ਧਿਰ, ਦੋਨਾਂ ਦੀ ਸਮਾਨ ਜਿਮੇਵਾਰੀ ਹੈ ਕਿ ਉਹ ਜਨਹਿਤ ਨੂੰ ਸੱਭ ਤੋਂ ਉੱਪਰ ਰੱਖਣ**

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਲੋਕਤੰਤਰ ਦੀ ਮਜਬੂਤੀ ਉਸ ਦਾ ਸੰਵਾਦ ਸਭਿਆਚਾਰ 'ਤੇ ਨਿਰਭਰ ਕਰਦੀ ਹੈ। ਮੱਤਭੇਦ ਲੋਕਤੰਤਰ ਦਾ ਸਵਭਾਵਿਕ ਅਤੇ ਜਰੂਰੀ ਹਿੱਸਾ ਹੈ, ਪਰ ਸਰਕਾਰ ਅਤੇ ਵਿਰੋਧੀ ਧਿਰ, ਦੋਨਾਂ ਦੀ ਸਮਾਨ ਜਿਮੇਵਾਰੀ ਹੈ ਕਿ ਉਹ ਜਨਹਿਤ ਨੂੰ ਸੱਭ ਤੋਂ ਉੱਪਰ ਰੱਖਣ ਅਤੇ ਵਿਚਾਰ-ਵਟਾਂਦਰਾਂ ਦੀ ਉਸ ਪਰੰਪਰਾ ਨੂੰ ਅੱਗੇ ਵਧਾਉਣ ਜੋ ਸਾਡੀ ਵਿਧਾਨਸਭਾ ਦੀ ਪਹਿਚਾਣ ਹਨ।

ਉਨ੍ਹਾਂ ਨੇ ਕਿਹਾ ਕਿ ਸਭਾ ਅਤੇ ਕਮੇਟੀਆਂ ਦੀ ਮੀਟਿੰਗਾਂ, ਬਿੱਲਾਂ ਦਾ ਅਧਿਐਨ, ਨੀਤੀਆਂ ਦਾ ਵਿਸ਼ਲੇਸ਼ਣ, ਇਹ ਸਾਰੇ ਵਿਧਾਈ ਕੰਮ ਜਨ-ਪ੍ਰਤੀਨਿਧੀਆਂ ਦੀ ਜਿਮੇਵਾਰੀ ਨੂੰ ਦਰਸ਼ਾਉਂਦੇ ਹਨ। ਅੱਜ ਖੋਜ-ਅਧਾਰਿਤ ਵਿਧਾਈ ਕੰਮਾਂ ਦੀ ਜਰੂਰਤ ਪਹਿਲਾਂ ਤੋਂ ਵੱਧ ਗਈ ਹੈ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2047 ਤੱਕ ਵਿਕਸਿਤ ਭਾਰਤ ਦਾ ਟੀਚਾ ਰੱਖਿਆ ਹੈ। ਇਸ ਟੀਚੇ ਦੀ ਸਿੱਧੀ ਤਾਂਹੀ ਸੰਭਵ ਹੈ, ਜਦੋਂ ਜਨਪ੍ਰਤੀਨਿਧੀ ਆਪਣੀ ਭੂਮਿਕਾ ਨੂੰ ਗੰਭੀਰਤਾ ਨਾਲ ਨਿਭਾਉਣ, ਨੀਤੀਆਂ ਨੂੰ ਸਮਝਣ ਅਤੇ ਵਿਕਾਸ ਦੀ ਗਤੀ ਨੂੰ ਤੇਜ ਕਰਨ ਲਈ ਠੋਸ ਹੱਲ ਦੇਣ।

**ਵਿਧਾਈ ਢਾਂਚੇ ਨੂੰ ਹੋਰ ਵੱਧ ਸਮਰੱਥ ਅਤੇ ਆਧੁਨਿਕ ਬਨਾਉਣ ਲਈ ਹਰਿਆਣਾ ਵਿਧਾਨਸਭਾ ਵੱਲੋਂ ਲਗਾਤਾਰ ਕੀਤੇ ਜਾ ਰਹੇ ਯਤਨ**

ਮੁੱਖ ਮੰਤਰੀ ਨੇ ਕਿਹਾ ਕਿ ਵਿਧਾਨਸਭਾ ਸਪੀਕਰ ਦੇ ਅਗਵਾਈ ਹੇਠ ਹਰਿਆਣਾ ਵਿਧਾਨਸਭਾ ਇਸ ਦਿਸ਼ਾ ਵਿੱਚ ਲਗਾਤਾਰ ਮਹਤੱਵਪੂਰਣ ਕਦਮ ਚੁੱਕ ਰਹੀ ਹੈ। ਸਦਨ ਦੀ ਕਾਰਜ ਸਮਰੱਥਾ ਵਧਾਉਣ ਲਈ ਆਧੁਨਿਕ ਤਕਨੀਕ ਦੀ ਵਰਤੋ, ਈ-ਵਿਧਾਨ ਦੀ ਸਫਲਤਾਪੂਰਵਕ ਸ਼ੁਰੂਆਤ, ਕਮੇਟੀਆਂ ਦੇ ਕੰਮ ਵਿੱਚ ਪਾਰਦਰਸ਼ਿਤਾ ਅਤੇ ਮੈਂਬਰਾਂ ਨੂੰ ਸਿਖਲਾਈ ਤੇ ਅਧਿਐਨ ਦੌਰਾ ਦੀ ਵਿਵਸਥਾ ਕੀਤੀ ਗਈ ਹੈ। ਇਹ ਸਾਰੇ ਯਤਨ ਵਿਧਾਈ ਢਾਂਚੇ ਨੂੰ ਹੋਰ ਵੱਧ ਸਮਰੱਥ ਅਤੇ ਆਧੁਨਿਕ ਬਣਾਉਂਦੇ ਹਨ। ਇੰਨੀ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਦਨ ਸੰਦੇਸ਼ ਮੈਗਜ਼ੀਨ ਦਾ ਪ੍ਰਕਾਸ਼ਨ ਬਹੁਤ ਮਹਤੱਵਪੂਰਣ ਹੈ। ਇਹ ਵਿਧਾਈ ਗਤੀਵਿਧੀਆਂ ਦੀ ਜਾਣਕਾਰੀ ਦਵੇਗੀ। ਨਾਲ ਹੀ, ਮੈਂਬਰਾਂ ਦੇ ਵਿਚਾਰਾਂ, ਵਿਸ਼ਲੇਸ਼ਨ ਅਤੇ ਤਜਰਬਿਆਂ ਨੂੰ ਪਾਠਕਾਂ ਤੱਕ ਪਹੁੰਚਾਏਗੀ।

ਇਸ ਮੌਕੇ 'ਤੇ ਕੈਬਨਿਟ ਮੰਤਰੀ ਰਾਓ ਨਰਬੀਰ ਸਿੰਘ, ਸ੍ਰੀ ਵਿਪੁਲ ਗੋਇਲ, ਡਾ. ਅਰਵਿੰਦ ਸ਼ਰਮਾ, ਸ੍ਰੀ ਸ਼ਿਆਮ ਸਿੰਘ ਰਾਣਾ, ਸ੍ਰੀ ਰਣਬੀਰ ਗੰਗਵਾ, ਕੁਮਾਰੀ ਆਰਤੀ ਸਿੰਘ ਰਾਓ ਅਤੇ ਭਾਜਪਾ ਸੂਬਾ ਪ੍ਰਧਾਨ ਸ੍ਰੀ ਮੋਹਨ ਲਾਲ ਕੌਸ਼ਿਕ ਵੀ ਮੌਜੂਦ ਰਹੇ।

# ਕਿਸੇ ਵੇਲੇ ਵੀ ਫ਼ੱਟ ਸਕਦੀਆਂ ਨੇ 42 ਗਲੇਸ਼ੀਅਰ ਝੀਲਾਂ

**ਕਾਠਮੰਡੂ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇਪਾਲ 'ਚ 42 ਅਜਿਹੀਆਂ ਗਲੇਸ਼ੀਅਰ ਝੀਲਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦੇ ਫ਼ਟਣ ਦਾ ਗੰਭੀਰ ਖ਼ਤਰਾ ਹੈ। ਮਾਹਿਰਾਂ ਨੇ ਇਹ ਜਾਣਕਾਰੀ ਦਿੱਤੀ। ਇੰਟਰਨੈਸ਼ਨਲ ਸੈਂਟਰ ਫ਼ੌਰ ਇੰਟੈਗ੍ਰੇਟਿਡ ਮਾਊਨਟੇਨ ਡਿਵੈਲਪਮੈਂਟ ਦੇ ਮਾਹਿਰ ਸ਼ਰਦ ਪ੍ਰਸਾਦ ਜੋਸ਼ੀ ਨੇ ਸੰਖੁਵਾਸਭਾ ਜ਼ਿਲ੍ਹੇ ਦੇ ਹੈੱਡ ਕੁਆਰਟਰ ਖਾਂਦਬਾਰੀ 'ਚ ਹੋਈ ਇਕ ਚਰਚਾ 'ਚ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ 'ਚੋਂ ਕੋਈ ਝੀਲ ਫ਼ਟਦੀ ਹੈ ਤਾਂ ਭਾਰੀ ਜਾਨੀ-ਮਾਲੀ ਅਤੇ ਵੱਡੇ ਪੈਮਾਨੇ 'ਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਹੋ ਸਕਦਾ ਹੈ। ਇੰਟਰਨੈਸ਼ਨਲ ਸੈਂਟਰ ਫ਼ੌਰ ਇੰਟੈਗ੍ਰੇਟਿਡ ਮਾਊਨਟੇਨ ਡਿਵੈਲਪਮੈਂਟ ਦੀ ਰਿਪੋਰਟ ਅਨੁਸਾਰ, ਨੇਪਾਲ ਦੀਆਂ 2,069 ਗਲੇਸ਼ੀਅਰ ਝੀਲਾਂ 'ਚੋਂ 42 ਨੂੰ ਅਤੀ ਉੱਚ-ਖ਼ਤਰੇ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਇਹ ਸਾਰੀਆਂ ਝੀਲਾਂ ਕੋਸ਼ੀ ਪ੍ਰਾਂਤ 'ਚ ਸਥਿਤ ਹਨ। ਸੰਖੁਵਾਸਭਾ ਜ਼ਿਲ੍ਹੇ ਦੇ ਭੋਟਖੋਲਾ ਅਤੇ ਮਕਾਲੂ ਸਮੇਤ ਚਾਰ ਝੀਲਾਂ ਨੂੰ ਖ਼ਾਸ ਤੌਰ 'ਤੇ ਉੱਚ ਖ਼ਤਰੇ ਵਾਲੀਆਂ ਦਰਸਾਇਆ ਗਿਆ ਹੈ।

ਇਨ੍ਹਾਂ 'ਚੋਂ ਲੋਅਰ ਬਾਰੁਨ ਖੇਤਰ ਦੀ ਤਲੋਪੋਖਰੀ ਝੀਲ ਨੂੰ ਸਭ ਤੋਂ ਖ਼ਤਰਨਾਕ ਮੰਨਿਆ ਗਿਆ ਹੈ। ਝੀਲ ਲਗਭਗ ਤਿੰਨ ਕਿਲੋਮੀਟਰ ਲੰਬੀ ਅਤੇ 206 ਮੀਟਰ ਡੂੰਘੀ ਹੈ ਜਦ ਕਿ ਇਸ ਦੇ ਆਲੇ ਦੁਆਲੇ ਦੀ ਔਸਤ ਗਹਿਰਾਈ 15 ਤੋਂ 25 ਮੀਟਰ ਹੈ। ਰਿਪੋਰਟ ਮੁਤਾਬਿਕ ਜੇ ਇਨ੍ਹਾਂ 'ਚੋਂ ਕੋਈ ਵੀ ਝੀਲ ਫ਼ੱਟਦੀ ਹੈ ਤਾਂ ਅਰੂਣ ਘਾਟੀ ਦੀਆਂ ਕਈ ਬਸਤੀਆਂ, ਪੁਲ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਤਿਬੱਤ 'ਚ ਸਥਿਤ 13 ਗਲੇਸ਼ੀਅਰ ਝੀਲਾਂ ਵੀ ਨੇਪਾਲ ਦੇ ਉੱਤਰੀ ਹਿੱਸਿਆਂ ਲਈ ਖ਼ਤਰਾ ਬਣੀਆਂ ਹੋਈਆਂ ਹਨ।

ਇੰਟਰਨੈਸ਼ਨਲ ਸੈਂਟਰ ਫ਼ੌਰ ਇੰਟੀਗ੍ਰੇਟਡ ਮਾਊਂਟੇਨ ਡਿਵੈਲਪਮੈਂਟ, ਨੇਪਾਲ ਦੇ ਜਲ-ਮੌਸਮ ਵਿਭਾਗ ਅਤੇ UNDP ਮਿਲ ਕੇ ਇਨ੍ਹਾਂ ਉੱਚ-ਖ਼ਤਰੇ ਵਾਲੀਆਂ ਝੀਲਾਂ 'ਤੇ ਜੋਖ਼ਮ ਘਟਾਉਣ ਲਈ ਕੰਮ ਕਰ ਰਹੇ ਹਨ। ਮਾਹਿਰ ਨੀਰਾ ਸ਼੍ਰੇਸਠਾ ਪ੍ਰਧਾਨ ਨੇ ਕਿਹਾ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਦੌਰਾਨ ਔਰਤਾਂ, ਬੱਚਿਆਂ ਅਤੇ ਬੁਜ਼ੁਰਗਾਂ 'ਤੇ ਸਭ ਤੋਂ ਵੱਧ ਅਸਰ ਪੈਂਦਾ ਹੈ, ਇਸ ਲਈ ਲੋਕਾਂ ਨੂੰ ਚੌਕਸ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਵਿਗਿਆਨੀਆਂ ਨੇ ਜ਼ੋਰ ਦਿੱਤਾ ਹੈ ਕਿ ਇਨ੍ਹਾਂ ਖੇਤਰਾਂ 'ਚ ਤੁਰੰਤ ਸਰਵੇਖਣ, ਨਿਗਰਾਨੀ ਅਤੇ ਤਿਆਰੀ ਵਧਾਉਣ ਦੀ ਲੋੜ ਹੈ ਤਾਂ ਜੋ ਸੰਭਵ ਤਬਾਹੀ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

# ਅਮੀਰ ਭਾਰਤੀ ਯੂ.ਕੇ. ਤੋਂ ਪਲਾਇਨ ਦੇ ਮੂਡ 'ਚ

**ਲੰਡਨ, 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਗਰਿਕਾਂ 'ਤੇ ਟੈਕਸ ਦੇ ਵਧਦੇ ਬੋਝ ਅਤੇ ਖ਼ਰਾਬ ਜਨਤਕ ਸੇਵਾਵਾਂ ਕਾਰਨ ਬ੍ਰਿਟੇਨ ਤੋਂ ਹੁਣ ਅਮੀਰ ਭਾਰਤੀ ਸਾਊਦੀ ਅਰਬ ਅਤੇ UAE ਵਰਗੇ ਦੇਸ਼ਾਂ ਵੱਲ ਰੁਖ਼ ਕਰਨ ਲੱਗੇ ਹਨ। ਇੱਕ ਰਿਪੋਰਟ ਮੁਤਾਬਿਕ ਕਈ ਹਾਈ ਪ੍ਰੋਫ਼ਾਈਲ ਉੱਦਮੀ ਅਤੇ ਪ੍ਰੋਫ਼ੈਸ਼ਨਲਜ਼ ਦੁਬਈ ਵਰਗੀਆਂ ਟੈਕਸ ਫ਼ਰੈਂਡਲੀ ਥਾਵਾਂ 'ਤੇ ਸ਼ਿਫ਼ਟ ਹੋ ਗਏ ਹਨ।

ਦਰਅਸਲ ਬ੍ਰਿਟੇਨ 'ਚ ਲੰਬੇ ਸਮੇਂ ਤੋਂ ਨੌਨ-ਡੋਮ ਸਟੈਟੱਸ ਨਾਂ ਦੀ ਇੱਕ ਟੈਕਸ ਛੋਟ ਮਿਲਦੀ ਸੀ। ਇਸ 'ਚ ਵਿਦੇਸ਼ਾਂ ਤੋਂ ਕਮਾਈ ਕਰਨ ਵਾਲੇ ਅਮੀਰ ਲੋਕ ਬ੍ਰਿਟੇਨ 'ਚ ਸਿਰਫ਼ ਓਹੀ ਟੈਕਸ ਦਿੰਦੇ ਸਨ ਜੋ ਪੈਸਾ ਇੱਥੇ ਲਿਆਇਆ ਜਾਂਦਾ ਸੀ, ਪਰ ਹੁਣ ਇਸ ਸਟੈਟੱਸ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਇਨ੍ਹਾਂ ਅਮੀਰਾਂ ਦੀਆਂ ਵਿਦੇਸ਼ਾਂ 'ਚ ਰੱਖੀਆਂ ਗਈਆਂ ਜਾਇਦਾਦਾਂ 'ਤੇ ਵੀ ਟੈਕਸ ਲੱਗੇਗਾ।

**ਸੈਲਫ਼ ਮੇਡ ਕਰੋੜਪਤੀ ਹਰਮਨ ਨਰੂਲਾ ਵੀ ਛੱਡਣਗੇ UK:** ਇੱਕ ਰਿਪੋਰਟ




ਮੁਤਾਬਿਕ ਬ੍ਰਿਟੇਨ ਦੇ 40 ਸਾਲ ਤੋਂ ਘੱਟ ਉਮਰ ਦੇ ਸਭ ਤੋਂ ਅਮੀਰ ਸੈੱਲਫ਼ ਮੇਡ ਕਰੋੜਪਤੀ ਹਰਮਨ ਨਰੂਲਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਫ਼ੈਸਲਾ ਸਰਕਾਰ ਦੀ ਆਂਟਰਪ੍ਰਨਿਓਰ ਵਿਰੋਧੀ ਪੌਲਿਸੀ ਕਾਰਨ ਕੀਤਾ ਹੈ। ਨਰੂਲਾ ਬ੍ਰਿਟੇਨ 'ਚ 2.5 ਬਿਲੀਅਨ ਪਾਊਂਡਜ਼ ਦੀ ਟੈਕਨੌਲੋਜੀ ਫ਼ਰਮ ਇੰਪ੍ਰੋਬੇਬਲ ਦੇ ਕੋਫ਼ਾਊਂਡਰ ਹਨ। ਨਰੂਲਾ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ 'ਚ ਦੱਸਿਆ ਕਿ ਨਵੇਂ ਟੈਕਸ ਉਪਾਵਾਂ ਦੀਆਂ ਅਟਕਲਾਂ ਨੇ ਬ੍ਰਿਟੇਨ 'ਚ ਅਸਿਥਰਤਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਬ੍ਰਿਟੇਨ 'ਚ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਦੁਬਈ ਜਾਣ ਵਾਲੇ ਲੋਕਾਂ ਦੀ ਵਧਦੀ ਲਿਸਟ 'ਚ ਸ਼ਾਮਿਲ ਹੋ ਜਾਣਗੇ।

ਨਰੂਲਾ ਦੇ ਜਾਣ ਤੋਂ ਪਹਿਲਾਂ ਇੰਗਲੈਂਡ ਦੇ ਸਾਬਕਾ ਫ਼ੁੱਟਬਾਲਰ ਰੀ ਫ਼ਰਡੀਨੈਂਡ ਅਤੇ ਰੈਵੋਲਿਊਟ ਦੇ ਕੋਫ਼ਾਊਂਡਰ ਨਿਕ ਸਟੋਰੌਂਸਕੀ ਵੀ ਇਸੇ ਤਰ੍ਹਾਂ ਦੇ ਕਾਰਨਾਂ ਦਾ ਹਵਾਲਾ ਦੇ ਕੇ ਦੁਬਈ ਚਲੇ ਗਏ ਸਨ। ਫ਼ਰਡੀਨੈਂਡ ਨੇ ਜ਼ਿਆਦਾ ਟੈਕਸ ਅਤੇ ਵਿਗੜਦੀ ਪਬਲਿਕ ਸਰਵਿਸਿਜ਼ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ।

**ਚਾਂਸਲਰ ਰੇਚਲ ਰੀਵਜ਼ ਨੂੰ ਲਿਖਿਆ ਖੁੱਲ੍ਹਾ ਪੱਤਰ:** ਦੇਸ਼ 'ਚ ਚਿੰਤਾ ਪ੍ਰਗਟਾਉਣ ਵਾਲਿਆਂ 'ਚ ਅਰੋੜਾ ਗਰੁੱਪ ਦੇ ਚੇਅਰਮੈਨ ਬ੍ਰਿਟਿਸ਼ ਇੰਡੀਅਨ ਅਰਬਪਤੀ ਸੁਰਿੰਦਰ ਅਰੋੜਾ ਅਤੇ AKQA ਅਤੇ ਸਟਡੀ ਡੌਟ ਇਨ ਦੇ ਫ਼ਾਊਂਡਰ ਏਜਾਜ਼ ਅਹਿਮਦ ਨੇ ਮਿਲ ਕੇ ਚਾਂਸਲਰ ਰੇਚਲ ਰੀਵਜ਼ ਨੂੰ ਲਿਖੇ ਇੱਕ ਖੁੱਲ੍ਹੇ ਪੱਤਰ 'ਤੇ ਸਾਈਨ ਕੀਤੇ ਹਨ। ਪੱਤਰ 'ਚ ਲਿਖਿਆ ਹੈ ਕਿ ਇਸ ਗੱਲ ਦੇ ਹੈਰਾਨ ਕਰਨ ਵਾਲੇ ਸਬੂਤ ਹਨ ਕਿ ਕੁੱਝ ਉਦਮੀ UK ਛੱਡ ਰਹੇ ਹਨ। ਇਸ ਤੋਂ ਇਲਾਵਾ ਪਿਛਲੇ ਸਾਲ ਕੈਪੀਟਲ ਗੇਨ ਟੈਕਸ, ਆਂਟਰਪ੍ਰੀਨਿਓਰ ਰਿਲੀਫ਼ ਅਤੇ ਇੰਪਲੌਇਰ ਨੈਸ਼ਨਲ ਇੰਸ਼ੋਰੈਂਸ ਵਰਗੇ ਬਜਟ ਉਪਾਵਾਂ 'ਚ ਬਦਲਾਅ ਕੀਤੇ ਗਏ ਹਨ।

ਇਨ੍ਹਾਂ ਉਪਾਵਾਂ ਨੇ ਆਂਟਰਪ੍ਰੀਨਿਓਰਜ਼ ਲਈ ਲਾਗਤ ਵਧਾ ਦਿੱਤੀ ਹੈ। ਸਰਕਾਰ ਇਸ ਸਾਲ ਦੇ ਬਜਟ ਦੀ ਤਿਆਰੀ ਕਰ ਰਹੀ ਹੈ, ਉਸ ਨੂੰ ਇਨ੍ਹਾਂ ਨੀਤਆਂ ਦੇ ਹੋਣ ਵਾਲੇ ਅਸਰ 'ਤੇ ਧਿਆਨ ਨਾਲ ਸੋਚਣਾ ਚਾਹੀਦਾ ਹੈ। ਪੱਤਰ 'ਚ ਲਿਖਿਆ ਹੈ ਕਿ ਸਾਨੂੰ ਆਂਟਰਪ੍ਰੀਨਿਓਰ ਦੀ ਊਰਜਾ ਅਤੇ ਜੋਸ਼ ਨੂੰ ਮਜ਼ਬੂਤ ਬਣਾਉਣ ਦੀ ਜ਼ਰੂਰਤ ਹੈ ਨਾ ਕਿ ਉਨ੍ਹਾਂ ਨੂੰ ਦਬਾਉਣ ਜਾਂ ਰੋਕਣ ਦੀ।

**ਇਕਨੌਮਿਕ ਗ੍ਰੋਥ 'ਚ ਸੁਧਾਰ ਦੀ ਸੰਭਾਵਨਾ ਨਹੀਂ:** ਕਈ ਪ੍ਰੋਫ਼ੈਸ਼ਨਲਜ਼ ਲਈ ਇਹ ਨਾਰਾਜ਼ਗੀ ਸਿਰਫ਼ ਬਹੁਤ ਅਮੀਰ ਲੋਕਾਂ ਤਕ ਹੀ ਸੀਮਿਤ ਨਹੀਂ ਹੈ। ਬੈਂਗਲੁਰੂ ਦੇ ਰਹਿਣ ਵਾਲੇ ਇੱਕ IT ਕੰਸਲਟੈਂਟ ਗਣਪਤੀ ਭੱਟ ਨੇ ਕਿਹਾ ਕਿ ਉਹ ਬ੍ਰਿਟੇਨ 'ਚ 17 ਸਾਲ ਰਹਿਣ ਤੋਂ ਬਾਅਦ ਭਾਰਤ ਪਰਤਣ 'ਤੇ ਵਿਚਾਰ ਕਰ ਰਹੇ ਹਨ। ਉਨ੍ਹਾਂ ਇੱਕ ਬਿਆਨ 'ਚ ਕਿਹਾ ਕਿ ਜਦੋਂ ਉਹ ਬ੍ਰਿਟੇਨ ਆਏ ਸਨ ਤਾਂ ਇੱਥੇ ਚੰਗੇ ਮੌਕੇ ਅਤੇ ਸੰਭਾਵਨਾਵਾਂ ਸਨ। ਹੁਣ ਮੈਨੂੰ ਆਪਣੇ ਜ਼ਿਆਦਾ ਟੈਕਸ 'ਤੇ ਕੋਈ ਰਿਟਰਨ ਨਹੀਂ ਦਿਸ ਰਿਹਾ ਹੈ। ਇਕੋਨੌਮਿਕ ਗ੍ਰੋਥ ਜਾਂ ਇਨਫ਼੍ਰਾਸਟਰਕਚਰ 'ਚ ਕੋਈ ਸੁਧਾਰ ਨਹੀਂ ਅਤੇ ਨਾ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ। ਗਣਪਤੀ ਭੱਟ ਨੇ ਕਿਹਾ ਕਿ ਭਾਰਤੀ ਮੂਲ ਦੇ ਉਨ੍ਹਾਂ ਦੇ ਕਈ ਦੋਸਤ ਪਹਿਲਾਂ ਹੀ ਵਾਪਿਸ ਆ ਚੁੱਕੇ ਹਨ।

UK ਦੀ ਟੈਕਸ ਪ੍ਰਣਾਲੀ 'ਚ ਵੱਡੇ ਬਦਲਾਅ ਹੋ ਰਹੇ ਹਨ ਕਿਉਂਕਿ ਸਰਕਾਰ 26 ਨਵੰਬਰ ਨੂੰ ਹੋਣ ਵਾਲੇ ਆਟਮ ਬਜਟ 2025 ਦੀ ਤਿਆਰੀ ਕਰ ਰਹੀ ਹੈ। ਲਗਭਗ 30 ਬਿਲੀਅਨ ਪਾਊਂਡਾਂ ਦੇ ਫ਼ਿਸਕਲ ਗੈਪ ਅਤੇ ਮੱਠੀ ਇਕੋਨਾਮਿਕ ਗ੍ਰੋਥ ਦਾ ਸਾਹਮਣਾ ਕਰਦੇ ਹੋਏ ਸਰਕਾਰ ਵੱਡੇ ਟੈਕਸ ਰੇਟ ਨਾ ਵਧਾਉਣ ਦੇ ਵਾਅਦਿਆਂ ਦੇ ਨਾਲ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਇਨਕਮ ਟੈਕਸ, ਕੌਰਪੋਰੇਸ਼ਨ ਟੈਕਸ ਅਤੇ ਵੈਟ ਰੇਟ 'ਚ ਕੋਈ ਬਦਲਾਅ ਨਾ ਹੋਣ ਦੀ ਉਮੀਦ ਹੈ, ਸਰਕਾਰ ਕੋਲੈਕਸ਼ਨ ਵਧਾਉਣ ਲਈ ਦੂਜੇ ਤਰੀਕਿਆਂ 'ਤੇ ਭਰੋਸਾ ਕਰ ਰਹੀ ਹੈ।



# ਕਿਸਾਨ ਦੀ ਸਰਦਾਰੀ ਪਿੜ ਜਾਂ ਬੁਖ਼ਾਰੀ

ਜੋਗਿੰਦਰ ਸਿੰਘ ਸਿਵੀਆਂ

ਪਿੜ ਚੁੱਕਣਾ, ਪਿੜ ਹੂੰਝਣਾ, ਪਿੜ ਵਧਾਉਣਾ ਆਦਿ ਸ਼ਬਦ ਸਮਾਨਾਰਥਕ ਹਨ। ਇਕੱਲਾ ਪਿੜ ਚੁੱਕਣਾ ਨਹੀਂ ਹੁੰਦਾ। ਪਿੜ ਤਾਂ ਉੱਥੇ ਹੀ ਪਿਆ ਰਹਿੰਦਾ ਹੈ। ਜਿਵੇਂ ਕਿਸੇ ਰਾਹੀਂ ਨੇ ਪੁੱਛਿਆ ਇਹ ਸੜਕ ਕਿੱਥੇ ਜਾਂਦੀ ਹੈ ਤਾਂ ਉੱਤਰ ਮਿਲਿਆ, ਕਿਤੇ ਨਹੀਂ ਜਾਂਦੀ। ਪਿੜ ਵਿਚ ਗੂਣਾ, ਘੁੰਡੀਆਂ, ਤੂਤੜਾ ਸਰ੍ਹੋਂ ਦਾ ਫਲਿਉਟ, ਰੀਣ, ਰੂੜੀ, ਧੂਰੜੇ, ਦੂਰ ਤਕ ਖਿਲਰੇ ਦਾਣੇ ਹੀ ਸਮੇਟਣੇ ਹੁੰਦੇ ਹਨ। ਪਿੜ ਹੂੰਝਣ 'ਤੇ ਹੀ ਕੰਮ ਸੰਪੂਰਨ ਹੁੰਦਾ ਹੈ। ਦੂਰ ਤਕ ਪ੍ਰੇਮ ਨਾਲ ਝਾੜੂ ਲਾ ਕੇ ਦਾਣੇ ਇਕੱਠੇ ਕਰ ਲਈ ਦੇ ਹਨ। ਪਿੜ ਇਕ ਦਿਨ ਵਿਚ ਨਹੀਂ ਚੁੱਕਿਆ ਜਾਂਦਾ ਸੀ। ਸਾਰਾ ਕੰਮ ਸੰਪਨ ਹੋਣ 'ਤੇ ਪਿੜ ਨੂੰ ਵਧਾਉਣਾ ਆਖਿਆ ਜਾਂਦਾ। ਦਾਣੇ ਕੱਢਣ ਦੇ ਕੰਮ ਨੂੰ ਮੁੱਕਿਆ ਨਹੀਂ ਕਿਹਾ ਜਾਂਦਾ ਸੀ ਕਿਉਂਕਿ ਫਿਰ ਕਿਹੜਾ ਦਾਣੇ ਨਹੀਂ ਆਉਣੇ ਹੁੰਦੇ। ਦਾਣੇ ਤਾਂ ਸਾਲ ਛਿਮਾਹੀ ਮਗਰੋਂ ਆਏ ਹੀ ਰਹਿੰਦੇ ਸਨ। ਕੰਮ ਨੂੰ ਮੁਕਾਉਣਾ ਉਸ ਨੂੰ ਕਿਹਾ ਕਰਦੇ। ਜਿਹੜਾ ਮੁੜ ਕੇ ਨਾ ਕਰਨਾ ਪਵੇ। ਅਨਾਜ ਦਾ ਖ਼ਾਸ ਤੌਰ 'ਤੇ ਸਤਿਕਾਰ ਕੀਤਾ ਜਾਂਦਾ ਤੇ ਸਤਿਕਾਰਤ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ। ਬਜ਼ੁਰਗਾਂ ਦੀ ਖ਼ਾਸ ਹਦਾਇਤ ਹੁੰਦੀ ਸੀ ਕਿ ਨੰਗੇ ਸਿਰ ਪਿੜ 'ਚ ਕਿਸੇ ਨਹੀਂ ਆਉਣਾ।

## ਕਿਸਾਨ ਦੀ ਖ਼ੁਸ਼ੀ-ਗ਼ਮੀ

ਪਿੜ ਚੁੱਕਣ ਸਮੇਂ ਕਿਸਾਨ ਦੇ ਚਿਹਰੇ 'ਤੇ ਗ਼ਮੀ ਵੀ ਹੁੰਦੀ ਸੀ ਤੇ ਖ਼ੁਸ਼ੀ ਵੀ। ਜੇਕਰ ਅਨਾਜ ਉਮੀਦ ਤੋਂ ਵੱਧ ਹੋ ਗਿਆ ਤਾਂ ਉਹ ਅਮੀਰ। ਜੇ ਉਮੀਦ ਤੋਂ ਘੱਟ ਹੋਇਆ ਤਾਂ ਗ਼ਰੀਬ। ਉਹ ਹਾੜ੍ਹੀ ਸੌਣੀ ਅਮੀਰੀ-ਗ਼ਰੀਬੀ ਦਾ ਸਾਹਮਣਾ ਕਰਦਾ ਹੋਇਆ ਹੌਸਲਾ ਨਹੀਂ ਹਾਰਦਾ ਸੀ ਕਿਉਂਕਿ ਉਸ ਦੀ ਆਮਦਨ 'ਤੇਰੇ ਭਰੋਸੇ ਪਿਆਰੇ' ਹੁੰਦੀ ਸੀ। ਉਦੋਂ ਸਿਰਫ਼ ਅਨਾਜ 'ਤੇ ਹੀ ਗੁਜ਼ਾਰਾ ਹੁੰਦਾ ਸੀ। ਉਹ ਆਮਦਨ ਵੇਖ ਕੇ ਹੀ ਹਾੜ੍ਹੀ ਸੌਣੀ ਪੁੱਤਾਂ ਧੀਆਂ ਦੇ ਕਾਰਜ ਕਰਿਆ ਕਰਦਾ ਸੀ। ਜੇ ਬੁਖ਼ਾਰੀ ਮੂੰਹ ਤਕ ਭਰ ਜਾਂਦੀ ਤਾਂ ਉਹ ਭੰਗੜਾ ਪਾਉਂਦਾ ਤੇ ਢੋਲੇ ਦੀਆਂ ਲਾਉਂਦਾ। ਛੇ ਮਹੀਨੇ ਚਿਹਰੇ 'ਤੇ ਰੌਣਕ ਰਹਿੰਦੀ। ਜੇ ਬਖਾਰੀ ਊਣੀ ਰਹਿ ਗਈ ਤਾਂ ਅਗਲੀ ਫ਼ਸਲ ਤਕ ਪਹੁੰਚਣ ਦਾ ਜੁਗਾੜ ਸੋਚਦਾ ਹੋਇਆਂ ਭਵਿੱਖ ਨੂੰ ਵੱਸ ਵਿਚ ਕਰਨ ਲਈ ਯਤਨ ਕਰਨ ਲੱਗਦਾ ਕਿਉਂਕਿ ਬਾਲ ਬੱਚੇ ਲਈ ਸਾਲ ਭਰ ਦਾ ਅਨਾਜ ਘਰੇ ਹੋਣਾ ਜ਼ਰੂਰੀ ਹੁੰਦਾ ਸੀ। ਪਸ਼ੂ ਸੰਪਤੀ ਦੀ ਸੇਵਾ ਕਰਨ ਲਈ ਵੀ ਨੀਰਾ, ਪੱਠਾ ਅਤੇ ਦਾਣੇ ਚਾਹੀਦੇ ਹੁੰਦੇ ਸਨ।

## ਸਕੀਮ ਲੜਾਉਣਾ

ਕਿਸਾਨ ਸਕੀਮ ਲੜਾਉਂਦਾ ਕਿ ਕਿਹੜੀ ਵਸਤੂ ਸਭ ਤੋਂ ਪਹਿਲਾਂ ਲੇਖੇ ਲਾਉਣ ਵਾਲੀ ਹੈ। ਜੇ ਗੂਣਾ ਗਹੁਣ ਵਾਲਾ ਹੁੰਦਾ ਤਾਂ ਉਸ ਦੀ ਸਾਰ ਲੈਂਦਾ। ਗੂਣੇ ਦੀ ਬਣਾਈ ਝੁੰਬੀ ਅਜੇ ਉਸ ਦੀ ਉਡੀਕ ਵਿਚ ਖੜ੍ਹੀ ਹੁੰਦੀ। ਗੂਣਾ ਥੋੜ੍ਹਾ ਹੋਣ ਕਰ ਕੇ ਚੁੱਲ੍ਹੇ ਦੀ ਸ਼ਰਨ ਵਿਚ ਜਾ ਟਿਕਦਾ ਤੇ ਅੰਤਮ ਘੜੀਆਂ ਗਿਣਨ ਲਗਦਾ। ਫਿਰ ਉਹ ਘੁੰਡੀਆਂ ਫਰੋਲਦਾ ਜੇ ਉਸ ਵਿਚ ਮੱਖੀ ਹੁੰਦੀ ਤਾਂ ਬੌਂਡੇ ਬਲਦਾਂ ਦੀ ਮੇੜ੍ਹ ਨਾਲ ਹੌਲੀ-ਹੌਲੀ ਘੁੰਡੀਆਂ ਦੀ ਰਗੜ ਪੱਟੀ ਬੰਨ੍ਹਦਾ। ਤੇਜ਼ ਹਵਾ ਵਿਚ ਉਡਾਅ ਕੇ ਦਾਣੇ ਪੱਲੀ ਵਿਚ ਪਾ ਲੈਂਦਾ। ਘੁੰਡੀਆਂ ਦੀਆਂ ਗੰਢਾਂ ਵਿਚ ਮਿਠਾਸ ਹੁੰਦੀ। ਤੂੜੀ ਦਾ ਤੋੜਾ ਹੋਣ ਕਰ ਕੇ ਸਿਆਲ ਵਾਸਤੇ ਸੰਭਾਲ ਲੈਂਦਾ। ਲੂਸਣ, ਕੁਤਰਨ ਵੇਲੇ ਰੁੱਗ ਵਿਚ ਦੇ ਕੇ ਬਰੀਕ ਕੁਤਰਾ ਕਰ ਲੈਂਦਾ ਫਾਂਡਰੂ ਪਸ਼ੂ ਚਾਅ ਨਾਲ ਖੁਰਲੀ ਚੱਟ ਕਰ ਦਿੰਦੇ। ਜੇ ਕਿਸੇ ਹੋਰ ਕੰਮ ਨਾ ਆਉਂਦੀਆਂ ਤਾਂ ਤੰਦੂਰ ਦੀ ਇੰਤਜ਼ਾਰ ਨੂੰ ਠੱਲ ਪਾਉਂਦਾ। ਤੰਦੂਰ ਤਪਾਉਣ 'ਤੇ ਦੂਜੇ ਬਾਲਣ ਦੇ ਨਾਲ ਘੁੰਡੀਆਂ ਮਸਾਲਾਂ ਵਾਂਗੂ ਬਲ ਕੇ ਪੂਰਾ ਤਾਅ ਦਿੰਦੀਆ।

### .ਫਸਲ ਦਾ ਖਿਲਾਰਾ

*ਸੌਣੀ ਦੀ ਫ਼ਸਲ ਪਿੜ ਵਿਚ ਕੱਢਣ ਵਾਲੀ ਥੋੜ੍ਹੀ ਹੁੰਦੀ ਤੇ ਉਸ ਦਾ ਖਿਲਾਰਾ ਵੀ ਘੱਟ ਹੁੰਦਾ। ਹਾੜ੍ਹੀ ਦੇ ਦਾਣੇ ਕੱਢਣ ਦਾ ਕੰਮ ਲੰਮਾ ਸਮਾਂ ਚਲਦਾ। ਚਾਰ ਚੁਫੇਰਿਉਂ ਝਾੜੂ ਲਾ ਕੇ ਕਿਸਾਨ ਦਾਣੇ ਇਕੱਠੇ ਕਰਨਾ ਲਈ ਰੇਤੇ ਦੀਆਂ ਢੇਰੀਆਂ ਲਾਈ ਜਾਂਦਾ। ਜਿਨ੍ਹਾਂ ਨੂੰ 'ਧੂਰੜੇ' ਕਿਹਾ ਜਾਂਦਾ। ਇਨ੍ਹਾਂ ਨੂੰ ਉਹ ਆਪ ਛਾਣ ਲੈਂਦਾ। ਜੇ ਕੰਮ ਜ਼ਿਆਦਾ ਹੁੰਦਾ ਤਾਂ ਕੰਮੀ ਇਹ ਕੰਮ ਕਰ ਦਿੰਦਾ। ਉਨ੍ਹਾਂ ਕੋਲ ਕਾਨਿਆਂ ਦੀ ਪਤਲ ਬਣੀ ਹੁੰਦੀ। ਆਹਮੋ ਸਾਹਮਣੇ ਬੈਠ ਕੇ ਪਤਲ ਧੂਰੜੇ ਨਾਲ ਖੜ੍ਹੀ ਕਰ ਲੈਂਦੇ। ਇਕ ਹੱਥ ਪੱਤਲ ਨੂੰ ਪਾ ਕੇ ਦੂਜੇ ਹੱਥ ਨਾਲ ਧੂਰੜੇ ਦੇ ਰੇਤੇ ਨੂੰ ਪੱਤਲ 'ਤੇ ਪਾਈ ਜਾਂਦੇ। ਪੱਤਲ ਟੇਢੀ ਹੋਣ ਕਰ ਕੇ ਰੇਤਾ ਥੱਲੇ ਡਿੱਗੀ ਜਾਂਦਾ ਤੇ ਦਾਣੇ ਅੱਗੇ ਇਕੱਠੇ ਕਰ ਲਏ ਜਾਂਦੇ। ਉਹ ਕੁਝ ਦਾਣੇ ਕਿਸਾਨ ਨੂੰ ਦੇ ਜਾਂਦੇ ਅਤੇ ਕੁਝ ਆਪ ਲੈ ਜਾਂਦੇ। ਪਿੜ ਦੀ ਬਾਕੀ ਲਿਬੇੜ ਰੂੜੀ 'ਤੇ ਸੁੱਟ ਦਿੰਦਾ। ਰੂੜੀ ਨਿਰਾ ਗੋਹਾ ਹੁੰਦੀ ਤੇ ਫ਼ਸਲ ਲਈ ਮੁਫ਼ੀਦ ਹੁੰਦੀ। ਰੂੜੀ ਜੁਆਰ ਵਿਚ ਪਾ ਦਿੰਦਾ ਤੇ ਕੁਝ ਲੂਸਣ 'ਚ ਪਾ ਦਿੰਦਾ। ਲੂਸਣ ਬੀਜਣ ਲਈ ਰੂੜੀ ਪਾ ਕੇ ਇਕ ਵਾਰ ਭੋਂਇ ਜ਼ਰੂਰ ਵਹੁੰਦਾ। ਬਜ਼ੁਰਗਾਂ ਦਾ ਵਿਚਾਰ ਸੀ ਕਿ ਰੂੜੀ ਦੀ ਰੇਹ ਦੋ ਫ਼ਸਲਾਂ ਦੇ ਕੰਮ ਆਉਂਦੀ ਹੈ। ਦੋਹਾਂ 'ਤੇ ਅਸਰ ਕਰਦੀ ਹੈ। ਉਪਜਾਊ ਸ਼ਕਤੀ ਨੂੰ ਕਾਇਮ ਰੱਖਦੀ ਹੈ।*

## ਸਰਦੀਆਂ

ਜੇ ਤੰਦੂਰ ਵੀ ਹੱਥ ਖੜੇ ਕਰ ਦਿੰਦਾ ਤਾਂ ਗੱਡੇ ਤੌੜੇ ਹੇਠਾਂ ਅੱਗ ਮਚਾਅ ਕੇ ਉਨ੍ਹਾਂ ਦੀ ਗਤੀ ਕੀਤੀ ਜਾਂਦੀ। ਸਰਦੀਆਂ ਵਿਚ ਵਸਦੇ ਘਰਾਂ ਵਿਚ ਗਰਮ ਪਾਣੀ ਦੀ ਲੋੜ ਹਰ ਸਮੇਂ ਪੈਂਦੀ ਰਹਿੰਦੀ। ਸਿਆਣੀਆਂ ਔਰਤਾਂ ਤੌੜੇ ਨੂੰ ਪਾਣੀ ਦਾ ਭਰ ਕੇ ਹੇਠਾਂ ਗੋਹਾ ਲਾ ਕੇ ਉੱਤੇ ਘੁੰਡੀਆਂ ਦਾ ਰੁੱਗ ਸੁੱਟ ਕੇ ਭਰ ਦਿੰਦੀਆਂ। ਸਾਰੀ ਰਾਤ ਪਾਣੀ ਤੱਤਾ ਹੁੰਦਾ ਰਹਿੰਦਾ। ਟੱਬਰ ਦੇ ਮੂੰਹ ਧੋਣ ਤੇ ਨਹਾਉਣ ਦੇ ਕੰਮ ਆਈ ਜਾਂਦਾ। ਵੈਸੇ ਤਾਂ ਘੜਾ ਚੌਵੀ ਘੰਟੇ ਹੀ ਆਪਣੀ ਡਿਉਟੀ ਇਕ ਲੱਤ ਦੇਈ ਜਾਂਦਾ।

ਤੂਤੜੇ ਦੀ ਹਿੱਲ-ਜਿਲ ਵੇਖ ਕੇ ਕਿਸਾਨ ਦੀਆਂ ਨਜ਼ਰਾਂ ਦਾ ਕੋਨ ਬਦਲ ਜਾਂਦਾ। ਇਹ ਬੜਾ ਉਪਯੋਗੀ ਹੁੰਦਾ। ਇਸ ਦਾ ਸਬੰਧ ਸੌਣੀ ਦੀ ਫ਼ਸਲ ਨਾਲ ਹੁੰਦਾ। ਘੋਰ ਸਰਦੀਆਂ ਵਿਚ ਦਸਤਕ ਦਿੰਦਾ। ਪਸ਼ੂਆਂ ਨੂੰ ਅੰਦਰ ਬੰਨ੍ਹਣ ਸਮੇਂ ਉਨ੍ਹਾਂ ਦੇ ਹੇਠਾਂ ਖਿਲਾਰਿਆ ਜਾਂਦਾ ਤਾਂ ਜੋ ਠੰਢ ਵਿਚ ਹੇਠਾਂ ਤੋਂ ਥਾਂ ਗਿੱਲਾ ਨਾ ਹੋਵੇ।

## ਪਿੜ ਤੋਂ ਵਿਦਾਇਗੀ

ਪਿੜ ਤੋਂ ਵਿਦਾਇਗੀ ਲੈਂਦੇ ਨੂੰ ਕਿਸਾਨ ਦੇ ਬੱਚੇ ਰਿੜੀ ਲੈਣ ਲਈ ਰਾਹ ਰੋਕ ਲੈਂਦੇ। ਉਹ ਉਨ੍ਹਾਂ ਦੀ ਝੋਲੀ ਦਾਣਿਆਂ ਨਾਲ ਭਰ ਦਿੰਦਾ ਅਤੇ ਉਹ ਹੱਟੀ ਵੱਲ ਵਹੀਰਾਂ ਘੱਤ ਲੈਂਦੇ। ਮਿੱਠੀਆਂ ਪਕੌੜੀਆਂ, ਪਤਾਸੇ, ਸ਼ੱਕਪਾਰੇ ਲੈ ਕੇ ਆਪੋ ਵਿਚ ਵੰਡ ਲੈਂਦੇ। ਰਿੜੀ ਦੀ ਵੱਟਤ ਸਿਰਫ਼ ਨਿਆਣਿਆਂ ਲਈ ਹੀ ਹੁੰਦੀ ਸੀ। ਪਿੜ ਚੁੱਕ ਕੇ ਜੱਟ ਬੇਫ਼ਿਕਰ ਹੋ ਜਾਂਦਾ। ਫਿਰ ਸਕੀਰੀਆਂ ਦੇ ਮੋਹ ਮਿਲਾਪ ਦਾ ਘਾਟਾ ਪੂਰਾ ਕਰਨ ਗਈ ਰਾਹ ਫੜ ਲੈਂਦਾ। •

94170-24743

ਔਰਤ ਨੂੰ ਆਪਣੀ ਪਛਾਣ ਭੁੱਲਦੀ ਜਾ ਰਹੀ ਹੈ। ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਨੂੰ ਕੀ ਸਮਝਦੇ ਹਨ, ਉਸ ਬਾਰੇ ਕੀ ਸੋਚਦੇ ਹਨ ਇਹ ਗੱਲਾਂ ਉਸ ਦੀ ਸੋਚ ਦਾ ਆਦਿ ਅਤੇ ਅੰਤ ਬਣ ਗਈਆਂ ਹਨ...

# ਔਰਤ ਦੀ ਆਜ਼ਾਦੀ ਦੀ ਗੱਲ

ਕਮਲਜੀਤ ਕੌਰ

ਅਜੋਕੇ ਸਮੇਂ 'ਚ ਔਰਤਾਂ ਦੀ ਸਥਿਤੀ 'ਚ ਕਾਫ਼ੀ ਸੁਧਾਰ ਆਇਆ ਹੈ। ਅੱਜ-ਕੱਲ੍ਹ ਔਰਤਾਂ ਮਰਦਾਂ ਦੇ ਬਰਾਬਰ ਦਾ ਦਰਜਾ ਹਾਸਲ ਕਰਕੇ ਮਰਦ ਨਾਲ ਕਦਮ ਨਾਲ ਕਦਮ ਮਿਲਾ ਕੇ ਚਲ ਰਹੀਆਂ ਹਨਲ ਅਤੇ ਹਰ ਖੇਤਰ ਵਿਚ ਸਫ਼ਲ ਹੋ ਚੁੱਕੀਆਂ ਹਨ। ਇਸ ਤਰ੍ਹਾਂ ਔਰਤਾਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆ ਹਨ ਹੁਣ ਉਹ ਕਿਸੇ ਗੱਲੋਂ ਵੀ ਮਰਦਾਂ ਤੋਂ ਪਿੱਛੇ ਨਹੀਂ। ਪਰ ਸਹੀ ਅਰਥਾਂ ਵਿਚ ਔਰਤਾਂ ਉਦੋਂ ਆਜ਼ਾਦ ਹੋਣਗੀਆਂ ਜਦੋਂ ਉਨ੍ਹਾਂ ਦੇ ਹਿੱਸੇ ਦੀਆਂ ਖੁਸ਼ੀਆਂ ਅਤੇ ਪੂਰੀ ਆਜ਼ਾਦੀ ਉਨ੍ਹਾਂ ਨੂੰ ਮਿਲੇਗੀ। ਸਾਨੂੰ ਆਪਣੀ ਰਵਾਇਤੀ ਸੋਚ ਤੋਂ ਉੱਪਰ ਉੱਠਕੇ ਆਪਣੇ ਸੌੜੇ ਵਿਚਾਰਾਂ ਦਾ ਤਿਆਗ ਕਰਨਾ ਹੋਵੇਗਾ। ਔਰਤ ਦੀ ਪਛਾਣ ਅਸੀਂ ਮਾਂ ਦੇ ਰੂਪ 'ਚ ਪਤਨੀ, ਭੈਣ, ਬੇਟੀ, ਤਾਈ, ਚਾਚੀ, ਮਾਸੀ, ਮਾਮੀ, ਆਦਿ ਹੋਰ ਅਨੇਕਾਂ ਰਿਸ਼ਤਿਆਂ ਵਿਚ ਕਰਦੇ ਹਾਂ।

## ਖ਼ਾਹਿਸ਼ਾਂ

ਔਰਤਾਂ ਦੀਆਂ ਵੀ ਕੁਝ ਖ਼ਾਹਿਸ਼ਾਂ, ਕੁਝ ਸੁਪਨੇ ਹੁੰਦੇ ਹਨ। ਅਸੀਂ ਕਦੀ ਵੀ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਹ ਕੀ ਚਾਹੁੰਦੀ ਹੈ। ਇਨ੍ਹਾਂ ਗੱਲਾਂ ਵੱਲ ਘਰ ਦਾ ਕੋਈ ਵੀ ਮੈਂਬਰ ਧਿਆਨ ਨਹੀਂ ਦਿੰਦਾ। ਇਸ ਕਰਕੇ ਔਰਤ ਨੂੰ ਆਪਣੀ ਪਛਾਣ ਭੁੱਲ ਦੀ ਜਾ ਰਹੀ ਹੈ। ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਨੂੰ ਕੀ ਸਮਝਦੇ ਹਨ, ਉਸ ਬਾਰੇ ਕੀ ਸੋਚਦੇ ਹਨ ਇਹ ਗੱਲਾਂ ਉਸ ਦੀ ਸੋਚ ਦਾ ਆਦਿ ਤੇ ਅੰਤ ਬਣ ਗਈਆਂ ਹਨ। ਇੱਥੇ ਅਸੀਂ ਮੁੱਖ ਤੌਰ ਤੇ ਸਪਸ਼ਟ ਅਤੇ ਸਰਬਵਿਆਪੀ ਕਾਰਨਾ ਦਾ ਜ਼ਿਕਰ ਕਰਦੇ ਹਾਂ, ਇਹ ਕਾਰਨ ਹਨ, ਔਰਤਾਂ ਦੀ ਮਰਦ ਦੇ ਮੁਕਾਬਲੇ 'ਚ ਕਮਜ਼ੋਰ ਸਥਿਤੀ, ਉਸ ਦੀ ਸਰੀਰਕ ਬਣਤਰ ਤੇ ਕੁਦਰਤ ਵੱਲੋਂ ਗਰਭ ਧਾਰਨ ਕਰਨ, ਬੱਚਾ ਪੈਦਾ ਕਰਨ, ਬੱਚੇ ਦੀ ਸਾਂਭ-ਸੰਭਾਲ ਉਸ ਦੀ ਅਹਿਮ ਜ਼ਿੰਮੇਵਾਰੀ ਹੈ। ਇਹ ਔਰਤ ਦੀ ਕਮਜ਼ੋਰੀ ਨਹੀਂ ਸਗੋਂ ਸ਼ਕਤੀ ਜਾ ਸਮਰਥਾ ਕਹੀ ਜਾਣੀ ਚਾਹੀਦਾ ਹੈ। ਪਰ ਮਰਦ ਦੇ ਸ਼ਾਤਰ-ਦਿਮਾਗ਼ ਨੇ ਹਮੇਸ਼ਾ ਲਈ ਔਰਤ ਨੂੰ ਆਪਣੇ ਅਧੀਨ ਰੱਖਣ ਲਈ ਉਸ ਦੀ ਮਜਬੂਰੀ ਨੂੰ ਕਮਜ਼ੋਰੀ ਬਣਾ ਦਿੱਤਾ ਹੈ।

## ਪਤੀ ਦਾ ਝੁਕਾਅ

ਔਰਤ ਅੱਜ ਵੀ ਆਪਣਾ ਉਹੀ ਸਥਾਨ ਸਮਝਦੀ ਹੈ ਜੋ ਉਸ ਦਾ ਪਤੀ ਉਸ ਨੂੰ ਦਿੰਦਾ ਹੈ। ਇਹ ਕਹਾਣੀ ਕਿਸੇ ਇਕ ਔਰਤ ਦੀ ਨਹੀਂ ਬਲਕਿ ਦੇਸ਼, ਜਾਤੀ, ਸਮਾਜ, ਵਿਚ ਰਹਿੰਦੀਆਂ ਉਨ੍ਹਾਂ ਸਾਰੀਆਂ ਔਰਤਾਂ ਦੀ ਹੈ। ਔਰਤ ਆਪਣੇ ਪਤੀ ਦਾ ਝੁਕਾਅ ਕਿਸੇ ਹੋਰ ਔਰਤ ਵੱਲ ਬਰਦਾਸ਼ਤ ਨਹੀਂ ਕਰ ਸਕਦੀ ਉਸ ਨੂੰ ਹਰ ਕੋਈ ਘਰ ਦੀ ਰਾਣੀ ਆਖ-ਆਖ ਕੇ ਨੌਕਰਾਣੀ ਹੀ ਬਣਾ ਛੱਡਦੇ ਹਨ। ਘਰ ਦੀ ਦੇਖ ਭਾਲ ਜਾਂ ਨੌਕਰੀ ਕਰਨਾ, ਬੱਚੇ ਸੰਭਲਣਾ ਔਰਤ ਅਤੇ ਮਰਦ ਦੋਵਾਂ ਦੀ ਜ਼ਿੰਮੇਵਾਰੀ ਹੈ ਨਾ ਕਿ ਇਕੱਲੀ ਔਰਤ ਦੀ। ਸਮਾਜ ਵਿਚ ਕੁਝ ਕੁ ਔਰਤਾਂ ਨਾਲ ਅੱਜ ਵੀ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨਾਲ ਮਾੜਾ ਵਿਵਹਾ[ਰ] ਕਰਦਾ ਹੈ। ਉਹ ਘਰੇਲੂ ਹਿੰਸਾ ਦਾ ਸ਼ਿਕਾਰ ਹੋ ਰਹੀਆ ਹਨ। ਉਨ੍ਹਾਂ ਔਰਤਾਂ ਵਿੱਚੋਂ ਬਹੁਤ ਘੱਟ ਔਰਤਾਂ ਹੁੰਦੀਆਂ ਹਨ ਜੋ ਆਵਾਜ਼ ਉਠਾਉਣ ਦੀ ਹਿੰਮਤ ਕਰਦੀਆਂ ਹਨ। ਭਾਵੇਂ ਸਰਕਾਰ ਨੇ ਅਨੇਕਾਂ ਹੀ ਕਾਨੂੰਨ ਔਰਤਾਂ ਲਈ ਬਣਾਏ ਹਨ। ਫਿਰ ਵੀ ਔਰਤਾਂ ਸਭ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ। ਕਿਉਂਕਿ ਉਹ ਸੋਚਦੀਆਂ ਹਨ ਕਿਤੇ ਉਨ੍ਹਾਂ ਦੇ ਪਰਿਵਾਰ ਦੀ ਬਦਨਾਮੀ ਨਾ ਹੋਵੇ ਇਹ ਸੋਚਕੇ ਉਹ ਕਾਨੂੰਨ ਦੀ ਮਦਦ ਲੈਣ ਤੋਂ ਡ[ਰ] ਜਾਂਦੀਆਂ ਹਨ।



### ਅਖ਼ਬਾਰਾਂ ਦੀਆਂ ਸੁਰਖ਼ੀਆਂ

*ਔਰਤਾਂ ਨਾਲ ਹੋ ਰਹੇ ਜ਼ੁਲਮਾਂ ਵਿੱਚੋਂ ਜੋ ਇਕ ਨੂੰ ਅਸੀਂ ਆਮ ਟੈਲੀਵਿਜ਼ਨ ਤੇ ਅਖ਼ਬਾਰਾਂ ਵਿਚ ਪੜ੍ਹਦੇ-ਸੁਣਦੇ ਹਾਂ ਉਹ ਹੈ ਔਰਤਾਂ ਨਾਲ ਹੋ ਰਹੇ ਜਬਰ-ਜਿਨਾਹ ਬਾਰੇ ਜੋ ਲਗਾਤਾਰ ਦਿਨ-ਬ-ਦਿਨ ਵਧਦੇ ਹੀ ਜਾ ਰਹੇ ਹਨ। ਔਰਤਾਂ ਆਪਣੇ ਆਪ ਨੂੰ ਇਸ ਸਮਾਜ ਵਿਚ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਉਹ ਮਰਦਾਂ ਵਾਂਗ ਬੇਖ਼ੌਫ਼ ਹੋ ਕੇ ਕਿਤੇ ਆ ਜਾ ਵੀ ਨਹੀਂ ਸਕਦੀਆਂ। ਔਰਤਾਂ ਨੂੰ ਆਪਣੇ ਹਾਲਾਤ ਨਾਲ ਲੜਣਾ ਤੇ ਆਪਣੀ ਰੱਖਿਆ ਦਾ ਬੀੜਾ ਆਪ ਹੀ ਚੁੱਕਣਾ ਹੋਵੇਗਾ। ਉਹ ਆਪਣੇ ਆਪ ਨੂੰ ਬਦਲਣਗੀਆਂ ਤਾਂ ਹੀ ਸਮਾਜ ਦੀ ਦਿਸ਼ਾ ਤੇ ਦਸ਼ਾ ਬਦਲੇਗੀ। ਔਰਤਾਂ ਨੂੰ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਤੋਂ ਜਾਣੂ ਹੋਣਾ ਜ਼ਰੂਰੀ ਹੈ ਤੇ ਉਹ ਬਿਨਾਂ ਕਿਸੇ ਡਰ ਤੋਂ ਕਾਨੂੰਨ ਦੀ ਮਦਦ ਲੈ ਸਕਦੀਆਂ ਹਨ ਤਾਂ ਹੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਉਹ ਬਾਹਰ ਨਿਕਲ ਸਕਦੀਆਂ ਹਨ।*

## ਔਰਤ ਦੀ ਸੁਰੱਖਿਆ

ਅਜਿਹੀ ਜ਼ਿੰਦਗੀ ਗੁਜ਼ਾਰਨ ਨਾਲੋਂ ਔਰਤਾਂ ਮਰਨ ਲਈ ਮਜਬੂਰ ਹੋ ਜਾਂਦੀ ਹੈ। ਸਾਡਾ ਸਮਾਜ, ਸੱਭਿਆਚਾਰ ਪੱਖੋਂ ਇੰਨਾਂ ਨਿੱਘਰ ਗਿਆ ਹੈ ਕਿ ਲੋਕ ਪਸ਼ੂਆਂ ਵਾਂਗ ਆਪਣਾ ਜੀਵਨ ਜੀਣ ਲੱਗ ਪਏ ਹਨ। ਇਸ ਕਰਕੇ ਔਰਤ ਕਿਸੇ ਵੀ ਉਮਰ ਵਿਚ ਕਿਸੇ ਵੀ ਥਾਂ ਉੱਪਰ ਕਿਸੇ ਵੀ ਰਿਸ਼ਤੇ ਵਿਚ ਸੁਰੱਖਿਅਤ ਨਹੀਂ। ਹਰ ਰਿਸ਼ਤਾ ਮਰਦ ਹੱਥੋਂ ਤਾਰ-ਤਾਰ ਹੋ ਰਿਹਾ ਹੈ। ਔਰਤਾਂ ਲਈ ਇਹ ਬਹੁਤ ਵੱਡੀ ਚਿੰਤਾਂ ਦਾ ਵਿਸ਼ਾ ਹੈ। •

### ਮਰਦ ਸਮਾਜ

*ਔਰਤਾਂ ਦਾ ਜੀਵਨ ਮਰਦ ਸਮਾਜ ਹੱਥੋਂ ਦੁੱਖ ਝੱਲਦਿਆਂ ਹੀ ਬੀਤ ਰਿਹਾ ਹੈ। ਔਰਤ ਲਈ ਦੁੱਖ ਦਾ ਸਮਾਂ ਤਾਂ ਮਾਂ ਦੇ ਗਰਭ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਮਾਂ-ਬਾਪ ਤੇ ਪੈਸੇ ਕਮਾਉਣ ਵਾਲੇ ਡਾ. ਉਸ ਦੇ ਜੀਵਨ ਦੇ ਦੁਸ਼ਮਣ ਬਣ ਜਾਂਦੇ ਹਨ। ਗਰਭ ਵਿਚ ਪਲ ਰਹੀ ਕੁੜੀ ਹੈ, ਇਹ ਪਤਾ ਲੱਗਣ 'ਤੇ ਉਸ ਕੋਮਲ ਕਲੀ ਨੂੰ ਖਿੜਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਕੁੜੀ ਦਾ ਜਨਮ ਹੋਣ ਤੇ ਪਰਿਵਾਰ ਵਾਲੇ ਖ਼ੁਸ਼ੀ ਨਹੀਂ ਮਨਾਉਂਦੇ। ਉਸ ਦੀਆਂ ਖ਼ੁਸ਼ੀਆਂ ਵੱਲ ਕੋਈ ਵੀ ਧਿਆਨ ਨਹੀਂ ਦਿੰਦੇ ਉਸ ਉੱਪਰ ਲੋੜ ਮੁਤਾਬਕ ਖ਼ਰਚ ਵੀ ਨਹੀਂ ਕਰਦੇ। ਉਸ ਨੂੰ ਪੜ੍ਹਾਈ ਵੀ ਘੱਟ ਕਰਵਾਉਂਦੇ ਹਨ। ਉਸ ਨੂੰ ਪਰਾਇਆ ਧੰਨ ਸਮਝਦੇ। ਅਸਲ ਵਿਚ ਭਰੂਣ ਹੱਤਿਆ ਦਾ ਸਬੰਧ ਦਾਜ ਵਰਗੀਆਂ ਕੁਰੀਤੀਆਂ ਨਾਲ ਜੁੜਿਆ ਹੋਇਆ ਹੈ। ਲੜਕੇ ਵਾਲਿਆਂ ਵੱਲੋਂ ਦਾਜ ਵਿਚ, ਮੋਟੀਆਂ ਮੋਟੀਆਂ ਰਕਮਾਂ, ਮਹਿੰਗੀਆਂ ਗੱਡੀਆਂ, ਕੀਮਤੀ ਗਹਿਣਿਆਂ ਆਦਿ ਵਸਤਾਂ ਦੀ ਮੰਗ ਕੀਤੀ ਜਾਂਦੀ ਹਾ ਜਾਂ ਮਾਪਿਆ ਵੱਲੋਂ ਆਪਣੀ ਖ਼ੁਸ਼ੀ ਨਾਲ ਧੀ ਨੂੰ ਦਿਤੀਆਂ ਜਾਂਦੀਆਂ ਹਨ। ਦਾਜ ਨਾ ਦੇਣ ਉੱਤੇ ਉਸ ਨੂੰ ਮਾਰਿਆਂ-ਕੁਟਿਆਂ ਤੇ ਜਲਾਇਆਂ ਜਾਂਦਾ ਹੈ।*



# ਲੋਪ ਹੋਏ ਸਲਾਈਆਂ ਤੇ ਕਰੋਸ਼ੀਏ

ਰੋਹਿਤ ਸੋਨੀ ਸਾਦਿਕ

ਸਰਦੀਆਂ ਸ਼ੁਰੂ ਹੁੰਦੇ ਹੀ ਅਕਸਰ ਅਸੀਂ ਅਲਮਾਰੀਆਂ 'ਚ ਸਾਂਭ ਕੇ ਰੱਖੇ ਹੋਏ ਗਰਮ ਕੱਪੜਿਆਂ ਨੂੰ ਕੱਢਣਾ ਸ਼ੁਰੂ ਕਰ ਦਿੰਦੇ ਹਾਂ, ਜਿਨ੍ਹਾਂ ਵਿਚ ਗਰਮ ਕੋਟ, ਸ਼ਾਲ, ਲੋਈਆਂ, ਰਜਾਈਆਂ, ਗੱਦੇ ਕੰਬਲ ਅਤੇ ਕੋਟੀਆਂ ਸਵੈਟਰ ਆਦਿ ਖ਼ਾਸ ਤੌਰ 'ਤੇ ਸ਼ਾਮਿਲ ਹੁੰਦੇ ਹਨ। ਪਰ ਹੁਣ ਸਮੇਂ ਦੀ ਤੇਜ਼ ਰਫ਼ਤਾਰ ਨੇ ਬਹੁਤ ਕੁਝ ਬਦਲ ਕੇ ਰੱਖ ਦਿੱਤਾ ਹੈ। ਹਰ ਚੀਜ਼ ਰੈਡੀਮੇਡ ਮਿਲਣ ਲੱਗ ਪਈ ਹੈ ਪਰ ਜੋ ਨਿੱਘ ਮਾਵਾਂ, ਦਾਦੀਆਂ, ਨਾਨੀਆਂ, ਮਾਸੀਆਂ, ਭੂਆ, ਚਾਚੀਆਂ-ਤਾਈਆਂ ਆਦਿ ਦੇ ਹੱਥਾਂ ਦੇ ਬਣੇ ਪਸ਼ਮ ਦੇ ਕੋਟੀਆਂ ਸਵੈਟਰ ਪਾ ਕੇ ਆਉਂਦਾ ਸੀ ਉਹ ਨਿੱਘ ਹੁਣ ਬਜ਼ਾਰੂ ਮਸ਼ੀਨੀ ਬਣੇ ਕੋਟੀਆਂ ਸਵੈਟਰ ਆਦਿ ਵਿੱਚੋਂ ਨਾ ਤਾਂ ਕਦੇ ਮਿਲਿਆ ਹੈ ਤੇ ਨਾ ਹੀ ਕਦੇ ਮਿਲੇਗਾ। ਪਿਛਲੇ ਦਸਾਂ ਕੁ ਸਾਲਾਂ ਤੋਂ ਸਮੇਂ 'ਚ ਆਈ ਵੱਡੀ ਤਬਦੀਲੀ ਕਾਰਨ ਜਿੱਥੇ ਮਾਸੀਆਂ, ਚਾਚੀਆਂ-ਤਾਈਆਂ, ਭੂਆ ਜੀ, ਵਰਗੇ ਸ਼ਬਦ ਨੂੰ 'ਆਂਟੀ' ਸ਼ਬਦ ਦੇ ਰੂਪ ਵਿਚ ਸਿਮਟ ਕੇ ਰਹਿ ਗਏ ਹਨ ਉੱਥੇ ਨਾਨੀਆਂ ਅਤੇ ਦਾਦੀਆਂ ਨੂੰ ਅੱਜ ਕੱਲ੍ਹ 'ਬੜੇ ਮਮ' ਕਿਹਾ ਜਾਣ ਲੱਗ ਪਿਆ ਹੈ। ਜਦੋਂ ਇਨ੍ਹਾਂ ਰਿਸ਼ਤਿਆਂ ਦੇ ਨਾਵਾਂ ਵਿਚ ਹੀ ਨਿੱਘ ਨਹੀਂ ਰਿਹਾ ਤਾਂ ਇਨ੍ਹਾਂ ਰਿਸ਼ਤਿਆਂ ਦੇ ਨਿੱਘ, ਮੋਹ-ਮੁਹੱਬਤ ਅਤੇ ਮਮਤਾ ਭਰੇ ਹੱਥਾਂ ਨਾਲ ਬਣੀਆਂ ਕੋਟੀਆਂ ਸਵੈਟਰ ਵੀ ਲੋਪ ਹੋ ਗਏ।

ਪਹਿਲਾਂ ਭੂਆ ਅਤੇ ਚਾਚੀਆਂ-ਤਾਈਆਂ ਭਤੀਜੇ-ਭਤੀਜੀਆਂ, ਮਾਸੀਆਂ ਤੇ ਮਾਮੀਆਂ ਆਪਣੇ ਭਾਣਜੇ-ਭਾਣਜੀਆਂ ਲਈ, ਮਾਵਾਂ ਆਪਣੇ ਪੁੱਤਾਂ-ਧੀਆਂ ਲਈ, ਨਾਨੀਆਂ ਆਪਣੇ ਦੋਹਤੇ-ਦੋਹਤੀਆਂ ਲਈ, ਦਾਦੀਆਂ ਪੋਤੇ-ਪੋਤੀਆਂ, ਸਾਲੀਆਂ ਜੀਜਿਆਂ ਲਈ, ਪਤਨੀਆਂ ਪਤੀਆਂ ਲਈ ਅਤੇ ਭਾਬੀਆਂ ਆਪਣੇ ਦਿਉਰ ਅਤੇ ਨਨਾਣਾਂ ਲਈ ਬੜੇ ਹੀ ਮੋਹ-ਮੁਹੱਬਤ ਅਤੇ ਮਮਤਾ ਭਰੀਆਂ ਰੀਝਾਂ ਨਾਲ ਕੋਟੀਆਂ-ਸਵੈਟਰ, ਗੁਲੂਬੰਦ, ਦਸਤਾਨੇ, ਟੋਪੀਆਂ ਆਦਿ ਬਣਾਉਂਦੀਆਂ ਸਨ। ਸਕੂਲ ਪੜ੍ਹਦਿਆਂ ਵੀ ਅਕਸਰ ਭੈਣਜੀਆਂ ਨੂੰ ਆਪਣੀ ਬਾਂਹ ਥੱਲੇ ਪਸ਼ਮ ਦਾ ਗੋਲਾ ਦੇ ਕੇ ਅਕਸਰ ਹੀ ਕੁਝ ਨਾ ਕੁਝ ਬੁਣਦਿਆਂ ਦੇਖਿਆ ਕਰਦੇ ਸਾਂ। ਕਈ ਵਾਰ ਪੁੱਛਣ 'ਤੇ ਜਾਂ ਬਿਨਾਂ ਪੁੱਛੇ ਹੀ ਭੈਣਜੀਆਂ ਨੇ ਬੜੇ ਚਾਵਾਂ ਨਾਲ ਸਾਨੂੰ ਦੱਸਣਾ ਕਿ ਮੈਂ ਇਹ ਸਵੈਟਰ, ਫਰਾਕ, ਟੋਪੀ ਜਾਂ ਦਸਤਾਨੇ ਆਪਣੇ ਦੋਹਤੇ ਜਾਂ ਪੋਤੇ ਲਈ ਬਣਾ ਰਹੀ ਹਾਂ। ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਨਮੂਨੇ ਪਾਏ ਜਾਂਦੇ ਸਨ। ਇਹ ਉਨ੍ਹਾਂ ਸਮਿਆਂ ਦੀਆਂ ਗੱਲਾਂ ਹਨ ਜਦੋਂ ਪਰਿਵਾਰ ਸਾਂਝੇ ਹੁੰਦੇ ਸਨ ਅਤੇ ਘਰਾਂ ਵਿਚ ਕੰਮ ਕਰਨ ਲਈ ਮਸ਼ੀਨਾਂ ਵੀ ਨਹੀਂ ਹੁੰਦੀਆਂ ਸਨ ਅਤੇ ਸਭ ਕੰਮ ਹੱਥੀਂ ਹੀ ਕਰਨੇ ਪੈਂਦੇ ਸਨ। ਜਿਵੇਂ ਦੁੱਧ ਰਿੜਕਣਾ, ਕੱਪੜੇ ਧੋਣਾ, ਗੋਹਾ-ਕੂੜਾ ਕਰਨਾ, ਕੋਠੇ ਲਿਪਣਾ ਆਦਿ ਸਭ ਕੰਮ ਹੱਥੀ ਕਰ ਕੇ ਵੀ ਸੁਆਣੀਆਂ ਕੋਟੀਆਂ ਸਵੈਟਰ ਬੁਣਨ ਲਈ ਸਮਾਂ ਕੱਢ ਲੈਂਦੀਆਂ ਸਨ ਪਰ ਅੱਜ ਦੇ ਮਸ਼ੀਨੀ ਯੁੱਗ ਵਿਚ ਘਰਾਂ ਦਾ ਕੋਈ ਵੀ ਕੰਮ ਕਰਨ ਲਈ ਮਸ਼ੀਨਾਂ ਆ ਗਈਆਂ ਹਨ। ਜਿੱਥੇ ਘੰਟਿਆਂ 'ਚ ਹੋਣ ਵਾਲੇ ਕੰਮ ਮਿੰਟਾ-ਸੈਕਿੰਡਾਂ ਵਿਚ ਹੋ ਜਾਂਦੇ ਹਨ ਪਰ ਫਿਰ ਵੀ ਸੁਆਣੀਆਂ ਅਜਿਹੀਆਂ ਕਲਾਵਾਂ ਲਈ ਸਮਾਂ ਨਹੀਂ ਕੱਢ ਪਾਉਂਦੀਆਂ। ਅੱਜ ਕੱਲ੍ਹ ਤਾਂ ਕੋਟੀਆਂ ਸਵੈਟਰ ਹੱਥੀਂ ਬੁਣਨਾ 'ਸਮੇਂ ਦੀ ਬਰਬਾਦੀ' ਹੀ ਕਿਹਾ ਜਾਂਦਾ ਹੈ ਤੇ ਨਾ ਹੀ ਅਜੋਕੀ ਨੌਜਵਾਨ ਪੀੜ੍ਹੀ ਸਲਾਈਆਂ ਅਤੇ ਕਰੋਸ਼ੀਏ ਦੇ ਬਣੇ ਪਸ਼ਮ ਦੇ ਕੋਟੀਆਂ ਸਵੈਟਰ ਪਸੰਦ ਹੀ ਕਰਦੀ ਹੈ ਅਤੇ ਨਾ ਹੀ ਉਹ ਇਸ ਕਲਾ ਤੋਂ ਜਾਣੂ ਹਨ। ਅੱਜ ਵੀ ਜਦੋਂ ਕਿਤੇ ਸਰਦੀਆਂ ਵਾਲੇ ਕੱਪੜੇ ਅਲਮਾਰੀ ਚੋਂ ਕੱਢਦਿਆਂ ਮੇਰੀ ਮਾਂ ਅਤੇ ਮਾਸੀ ਦੇ ਹੱਥਾਂ ਦੇ ਬਣੇ ਸਵੈਟਰ, ਟੋਪੀਆਂ ਅਤੇ ਦਸਤਾਨੇ ਮਾਂ ਦੀ ਮਮਤਾ ਅਤੇ ਮਾਸੀ ਦੇ ਨਿੱਘੇ ਰਿਸ਼ਤੇ ਦੀ ਯਾਦ ਤਾਜ਼ਾ ਕਰਵਾ ਦਿੰਦੇ ਹਨ। ਇਹ ਸਵੈਟਰ ਭਾਵੇਂ ਹੁਣ ਛੋਟੇ ਹੋ ਗਏ ਹਨ ਪਰ ਜਿਉਂ ਦੇ ਤਿਉਂ ਹੀ ਨਵੇਂ ਨਕੋਰ ਲੱਗਦੇ ਹਨ। ਹੱਥੀਂ ਬੁਣੇ ਇਨ੍ਹਾਂ ਕੋਟੀਆਂ ਸਵੈਟਰਾਂ ਦੀ ਕਈ ਤਰ੍ਹਾਂ ਦੀਆਂ ਖ਼ਾਸੀਅਤਾਂ ਵੀ ਹੁੰਦੀਆਂ ਸਨ ਇਕ ਤਾਂ ਇਹ ਆਸਾਨੀ ਨਾਲ ਘਰ ਹੀ ਧੋਤੇ ਜਾਂਦੇ ਸਨ ਅਤੇ ਦੂਜਾ ਉੱਚਾ ਜਾਂ ਨੀਵਾਂ ਹੋਣ ਤੇ ਇਸ ਨੂੰ ਦੁਬਾਰਾ ਖੋਲ੍ਹ ਕੇ ਦੁਬਾਰਾ ਸਹੀ ਸਾਈਜ਼ ਦਾ ਵੀ ਕੀਤਾ ਜਾ ਸਕਦਾ ਸੀ। ਕਿਸੇ ਜਗਾ ਤੋਂ ਉੱਧੜ ਜਾਣ ਜਾਂ ਫਿਰ ਚੂਹੇ ਆਦਿ ਦੇ ਟੁੱਟ ਜਾਣ 'ਤੇ ਵੀ ਸੁਆਣੀਆਂ ਇਨ੍ਹਾਂ ਨੂੰ ਅਜਿਹੇ ਤਰੀਕੇ ਨਾਲ ਸਹੀ ਕਰਦੀਆਂ ਸਨ ਕਿ ਪਤਾ ਵੀ ਨਹੀਂ ਸੀ ਲਗਦਾ ਕਿ ਇਹ ਕਦੇ ਕਿਤੋਂ ਉਧੜਿਆ ਜਾਂ ਟੁੱਕਿਆ ਵੀ ਗਿਆ ਸੀ। •

92574-01900

# ਵੱਡੀ ਬੇਬੇ ਨੇ ਬਣਾਇਆ ਹੋਵੇ

## ਸਰ੍ਹੋਂ ਦਾ ਸਾਗ

ਧਰਮਿੰਦਰ ਸਿੰਘ ਚੱਬਾ

ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ। ਦਿਨੋਂ ਦਿਨ ਅਸੀਂ ਆਪਣੀ ਵਿਰਾਸਤ ਨਾਲੋਂ, ਆਪਣੇ ਸੱਭਿਆਚਾਰ ਨਾਲੋਂ ਟੁੱਟਦੇ ਜਾ ਰਹੇ ਹਾਂ। ਪੁਰਾਣੇ ਸਮਿਆਂ ਵਿਚ ਪਿੱਤਲ ਦੇ ਭਾਂਡੇ, ਲੋਹੇ ਦੇ ਭਾਂਡੇ, ਤਾਂਬੇ ਦੇ ਭਾਂਡੇ ਤੇ ਮਿੱਟੀ ਦੇ ਭਾਂਡੇ ਹੀ ਵਰਤੋਂ ਵਿਚ ਲਿਆਂਦੇ ਜਾਂਦੇ ਸਨ। ਇਨ੍ਹਾਂ ਭਾਂਡਿਆਂ ਵਿਚ ਖਾਣਾ ਬਣਾਉਣ ਤੋਂ ਲੈ ਕੇ ਖਾਣਾ ਖਾਣ ਤਕ ਫਾਇਦੇ ਹੀ ਫਾਇਦੇ ਹੁੰਦੇ ਸਨ ਪਰ ਸਮੇਂ ਨੇ ਐਸੀ ਕਰਵਟ ਬਦਲੀ ਕਿ ਇਨ੍ਹਾਂ ਭਾਂਡਿਆਂ ਦੀ ਥਾਂ ਚਮਕਦੇ-ਦਮਕਦੇ ਭਾਂਡਿਆਂ ਨੇ ਲੈ ਲਈ, ਜਿਵੇਂ ਸਟੀਲ ਦੇ ਭਾਂਡੇ, ਐਲੂਮਿਨੀਅਮ ਦੇ ਭਾਂਡੇ ਤੇ ਹੋਰ ਵੀ ਕਈ ਧਾਤੂਆਂ ਦੇ ਚਮਕਦੇ-ਦਮਕਦੇ ਬਰਤਨ ਮਾਰਕੀਟ ਵਿੱਚੋਂ ਜਾਂ ਆਨਲਾਈਨ ਸ਼ਾਪਿੰਗ ਕਰ ਕੇ ਖ਼ਰੀਦੇ ਜਾ ਸਕਦੇ ਹਨ, ਕੋਲ ਪੈਸੇ ਚਾਹੀਦੇ ਹਨ। ਸਮਾਨ ਆਪਣੇ ਆਪ ਹੀ ਘਰ ਪਹੁੰਚ ਜਾਂਦਾ ਹੈ। ਇਨ੍ਹਾਂ ਭਾਂਡਿਆਂ ਵਿਚ ਖਾਣਾ ਬਣਾਉਣ ਤੋਂ ਲੈ ਕੇ ਖਾਣਾ ਖਾਣ ਤਕ ਬਿਮਾਰੀਆਂ ਹੀ ਬਿਮਾਰੀਆਂ ਹਨ ਪਰ ਨਹੀਂ ਅਸੀਂ ਤਾਂ ਜ਼ਮਾਨੇ ਦੇ ਨਾਲ ਚੱਲਣਾ ਹੈ। ਬਿਮਾਰੀਆਂ ਚਾਹੇ ਕਿੰਨੀਆਂ ਵੀ ਲੱਗ ਜਾਣ।

## ਸਟੀਲ ਦੇ ਭਾਂਡੇ

ਸਟੀਲ ਦੇ ਭਾਂਡੇ ਸਾਡੇ ਦੇਸ਼ ਭਗਤਾਂ ਨੂੰ ਅੰਗਰੇਜ਼ ਸਰਕਾਰ ਨੇ ਖਾਣਾ ਖਾਣ ਲਈ ਉਦੋਂ ਦਿੱਤੇ ਸਨ, ਜਦੋਂ ਉਨ੍ਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਜਾਂਦੀ ਸੀ ਕਿ ਇਸ ਬਰਤਨਾਂ ਵਿਚ ਖਾਣਾ ਖਾ ਕੇ ਇਹ ਆਪਣੇ ਆਪ ਹੀ ਮਰ ਜਾਣਗੇ ਤੇ ਅੱਜ ਅਸੀਂ ਉਹੋ ਬਰਤਨ ਖ਼ਰੀਦ ਕੇ ਮੌਤ ਸਹੇੜ ਰਹੇ ਹਾਂ। ਅੱਜ ਦੇ ਜ਼ਮਾਨੇ ਵਿਚ ਕੋਈ ਚੀਜ਼ ਮਿਲਾਵਟ ਤੋਂ ਬਚੀ ਨਹੀਂ ਹੈ। ਖਾਣ ਪੀਣ ਵਾਲੀਆਂ ਵਸਤਾਂ ਅੱਜ ਕੱਲ੍ਹ ਫਾਇਦੇ ਦੀ ਜਗ੍ਹਾ ਨੁਕਸਾਨ ਵਧੇਰੇ ਕਰ ਰਹੀਆਂ ਹਨ। ਸਬਜ਼ੀਆਂ ਫਲ ਅਸੀਂ ਖਾਦਾਂ, ਸਪਰੇਆਂ ਤੇ ਟੀਕੇ ਲਾ ਕੇ ਜ਼ਹਿਰੀਲੀਆਂ ਕਰ ਛੱਡੀਆਂ ਹਨ। ਪੁਰਾਣੇ ਸਮਿਆਂ ਵਿਚ ਦੇਸੀ ਰੂੜੀ ਖੇਤਾਂ ਵਿਚ ਪਾਈ ਜਾਂਦੀ ਸੀ, ਜਿਸ ਨਾਲ ਤੰਦਰੁਸਤ ਲਹਿ-ਲਹਿਰਾਉਂਦੀ ਫ਼ਸਲ ਪੈਦਾ ਹੁੰਦੀ ਸੀ ਤੇ ਖਾਣ ਵਾਲੇ ਵੀ ਤੰਦਰੁਸਤ ਤੇ ਰਿਸ਼ਟ-ਪੁਸ਼ਟ ਹੁੰਦੇ ਸਨ।

## ਗੰਦਲਾਂ ਦਾ ਸਾਗ

ਲੋਹੜੀ ਤੋਂ ਪਹਿਲਾਂ ਇਹ ਗੰਦਲਾਂ ਦਾ ਸਾਗ ਤਿਆਰ ਹੋ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਆਂਢ-ਗੁਆਂਢ ਤੋਂ ਇੱਕਠੀਆਂ ਹੋ ਕੇ ਕੁੜੀਆਂ ਚਿੜੀਆਂ ਤੇ ਸੁਆਣੀਆਂ ਇਕ ਡੇਢ ਮੀਟਰ ਦਾ ਕੱਪੜਾ ਜਿਸ ਨੂੰ ਪੋਣਾ ਕਿਹਾ ਜਾਂਦਾ ਹੈ, ਲੈ ਕੇ ਹੱਸਦੀਆਂ, ਖੇਡਦੀਆਂ, ਮਸ਼ਕਰੀਆਂ ਤੇ ਚੁਗਲੀਆਂ ਕਰਦੀਆਂ ਖੇਤਾਂ ਵਿਚ ਪਹੁੰਚ ਜਾਂਦੀਆਂ ਸਨ। ਸਾਰੀਆਂ ਨੇ ਖਿੱਲਰ ਕੇ ਵੱਟਾਂ ਬੰਨ੍ਹੇ ਹੋ ਕੇ ਕੂਲੀਆਂ-ਕੂਲੀਆਂ ਤੇ ਮੋਟੀਆਂ-ਮੋਟੀਆਂ ਗੰਦਲਾਂ ਤੋੜਣੀਆਂ। ਆਪਣੇ-ਆਪਣੇ ਗੁਜ਼ਾਰੇ ਜੋਗਾ ਸਾਗ ਲੈ ਕੇ ਆਪੋ ਆਪਣੇ ਘਰੀਂ ਪਰਤ ਜਾਣਾ। ਫਿਰ ਵੱਡੀ ਬੇਬੇ (ਦਾਦੀ) ਤੇ ਛੋਟੀ ਬੇਬੇ (ਮਾਂ) ਨੇ ਸਾਗ ਦੇ ਪੱਤੇ ਉਤਾਰਨੇ, ਗੰਦਲਾਂ ਛਿੱਲਣੀਆਂ, ਦਾਤ ਨਾਲ ਸਾਗ ਚੀਰਨਾ। ਪਾਲਕ ਚੀਰਨੀ, ਬਾਥੂ, ਹਰੀ ਮੇਥੀ ਦੇ ਪੱਤੇ ਚੀਰਨੇ। ਫਿਰ ਮਿੱਟੀ ਦਾ ਬਣਿਆ ਚੁੱਲ੍ਹਾ ਬਾਲਣਾ ਮੋਟੀ ਜਿਹੀ ਲੱਕੜ ਢਾਹੁਣੀ ਤੇ ਮਿੱਟੀ ਦੀ ਤੌੜੀ ਵਿਚ ਪਾਣੀ ਪਾ ਕੇ ਗਰਮ ਕਰ ਕੇ ਸਾਗ ਧਰਨਾ। ਦਾਤ ਨਾਲ ਸਾਗ ਚੀਰ ਕੇ ਪਾਈ ਜਾਣਾ। ਵਿਚ ਹਰੀਆਂ ਮਿਰਚਾਂ ਪਾ ਦੇਣੀਆਂ। ਕੋਈ 10-11 ਵਜੇ ਦਾ ਮੱਠੀ-ਮੱਠੀ ਅੱਗ 'ਤੇ ਧਰਿਆ ਸਾਗ ਸ਼ਾਮੀ ਜਾ ਕੇ ਬਣਨਾ। ਲੱਕੜ ਦੀ ਘੜਵੰਜ਼ੀ 'ਤੇ ਸਾਗ ਵਾਲੀ ਤੌੜੀ ਰੱਖ ਕੇ ਦੋਵਾਂ ਪੈਰਾਂ ਵਿਚ ਲੈ ਕੇ ਲੱਕੜ ਦੀ ਮਧਾਣੀ ਨਾਲ ਸਾਗ ਘੋਟਣਾ ਤੇ ਨਾਲ-ਨਾਲ ਕਣਕ ਦਾ ਆਟਾ (ਅੱਲਣ) ਪਾਈ ਜਾਣਾ ਤੇ ਸਾਗ ਘੋਟੀ ਜਾਣਾ। ਸਾਗ ਘੋਟ-ਘੋਟ ਕੇ ਮਹਿੰਦੀ ਵਰਗਾ ਕਰ ਦੇਣਾ। ਫਿਰ ਦੇਸੀ ਘਿਉ ਪਾ ਕੇ, ਅਦਰਕ, ਲਸਣ, ਪਿਆਜ਼ ਹਰੀ ਮਿਰਚ ਤੇ ਹਰੇ ਭੂਕਾਂ ਵਾਲੇ ਪਿਆਜ਼ ਚੀਰ ਕੇ ਕਰਾਰਾ ਜਿਹਾ ਤੜਕਾ ਲਾਉਣਾ। ਫਿਰ ਜਾ ਕੇ ਕਿਧਰੇ ਸਾਗ ਤਿਆਰ ਹੋਣਾ। ਇਸ ਸਾਗ ਵਾਰੇ ਕਵੀ ਲਿਖਦਾ ਹੈ :

ਗੰਦਲਾਂ ਦਾ ਸਾਗ ਵੱਡੀ ਬੇਬੇ ਨੇ ਬਣਾਇਆ ਹੋਵੇ
ਅੱਧ ਰਿੜਕੇ ਦਾ ਛੰਨਾ ਮੂੰਹ ਨੂੰ ਲਾਇਆ ਹੋਵੇ
ਕੂੰਡੇ ਵਿਚ ਰਗੜੇ ਮਸਾਲੇ ਦਾ ਸਵਾਦ ਹੋਵੇ
ਆਪਣਾ ਪੰਜਾਬ ਹੋਵੇ ਆਪਣਾ ਪੰਜਾਬ...

## ਮੱਕੀ ਦੀ ਰੋਟੀ ਦਾ ਅਨੰਦ

ਉਸ ਤੋਂ ਬਾਅਦ ਵਾਰੀ ਆਉਣੀ ਮੱਕੀ ਦੀ ਰੋਟੀ ਬਣਾਉਣ ਦੀ ਜੋ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ ਸੀ। ਵੱਡੀ ਬੇਬੇ ਨੇ ਮੱਕੀ ਦੀ ਰੋਟੀ ਬਣਾਉਣੀ। ਮੱਕੀ ਦੀ ਰੋਟੀ ਬਣਾਉਣੀ ਤਾਂ ਮੱਕੀ ਦੇ ਆਟੇ ਵਿਚ ਗਰਮ ਪਾਣੀ ਪਾ ਕੇ ਇਕ ਹੱਥ ਨਾਲ ਆਟਾ ਮਲੀ ਜਾਣਾ ਤੇ ਫਿਰ ਪੇੜਾ ਬਣਾ ਲੈਣਾ। ਪੇੜਾ ਕਰ ਕੇ ਚਕਲੇ ਤੇ ਕੱਪੜਾ ਵਿਛਾ ਕੇ ਇਕ ਹੱਥ ਨਾਲ ਉਹ ਪੇੜਾ ਥਪ-ਥਪਾ ਕੇ ਰੋਟੀ ਦੇ ਆਕਾਰ ਦਾ ਕਰ ਲੈਣਾ। ਇਕ ਹੱਥ ਨਾਲ ਕੱਪੜਾ ਉਠਾ ਕੇ ਦੂਜੇ ਹੱਥ ਤੇ ਹੌਲੀ ਜਿਹੀ ਰੋਟੀ ਰੱਖ ਲੈਣੀ ਤੇ ਫਿਰ ਤਵੇ ਤੇ ਪਾ ਦੇਣੀ। ਜਦ ਇਹ ਮੱਕੀ ਦੀ ਰੋਟੀ ਤਿਆਰ ਹੋ ਜਾਣੀ ਤਾਂ ਖਾਣ ਵਾਲੇ ਨੇ ਚੁੱਲ੍ਹੇ ਦੇ ਨਜ਼ਦੀਕ ਹੀ ਮੰਜ਼ਾ ਡਾਹ ਕੇ ਬੈਠ ਜਾਣਾ ਤੇ ਇਕ ਥਾਲੀ ਵਿਚ ਮੱਕੀ ਦੀ ਰੋਟੀ, ਛੰਨੇ ਵਿਚ ਸਰ੍ਹੋਂ ਦਾ ਸਾਗ, ਮੱਖਣ ਦਾ ਪੇੜਾ, ਚਾਟੀ ਵਾਲੀ ਲੱਸੀ ਦਾ ਪਿੱਤਲ ਦਾ ਵੱਡਾ ਗਿਲਾਸ, ਦਹੀ, ਗਲਗਲ, ਅਦਰਕ, ਮੂਲੀ ਤੇ ਗਾਜਰ ਦਾ ਅਚਾਰ ਕਈ ਸ਼ੌਕੀਨ ਤਾਂ ਹਰੀ ਮਿਰਚ ਦਾ ਵੀ ਇਸਤੇਮਾਲ ਕਰ ਲੈਂਦੇ ਸਨ। ਰੋਟੀ ਖਾਂਦਿਆਂ-ਖਾਂਦਿਆਂ ਮੂੰਹ ਤੇ ਪਸੀਨਾ ਆ ਜਾਣਾ। ਰੋਟੀ ਖਾ ਕੇ ਅਨੰਦ ਆ ਜਾਂਦਾ ਸੀ। ਲੱਸੀ ਦਾ ਗਲਾਸ ਪੀ ਕੇ ਨਾਲ ਘਰ ਦੇ ਕੱਢੇ ਦੇਸੀ ਗੁੜ ਦੀ ਇਕ ਢੇਲੀ ਖਾਣੀ ਤੇ ਜੁੱਤੀ ਪਾ ਕੇ ਖੇਤਾਂ ਨੂੰ ਕੰਮ ਲਈ ਤੁਰ ਪੈਣਾ। ਇਕ ਗੀਤ ਦੀਆਂ ਲਾਈਨਾਂ ਇੱਥੇ ਢੁੱਕਦੀਆ ਨੇ ਜਿਵੇਂ :

ਸਰੋਂ ਦੇ ਸਾਗ ਵਿਚ ਮੈਂ,
ਘਿਉ ਹੀ ਘਿਉ ਪਾਈ ਜਾਵਾਂ
ਮੱਕੀ ਦੀਆਂ ਰੋਟੀਆ ਨੂੰ
ਬਿਨਾਂ ਗਿਣੇ ਖਾਈ ਜਾਵਾਂ
ਖੂਹ 'ਤੇ ਜਾ ਕੇ ਗੰਨੇ ਚੂਪਾਂ
ਉਏ ਆਪਣਾ ਕਮਾਦ ਹੋਵੇ
ਆਪਣਾ ਪੰਜਾਬ ਹੋਵੇ

## ਜ਼ਮਾਨਾ ਬਦਲ ਗਿਆ

ਜ਼ਮਾਨਾ ਬਿਲਕੁਲ ਬਦਲ ਗਿਆ ਹੈ। ਹੁਣ ਨ[ਾ] ਕੁੜੀਆਂ-ਚਿੜੀਆਂ ਤੇ ਸੁਆਣੀਆਂ ਸਾਗ ਲੈ[ਣ] ਜਾਂਦੀਆਂ ਹਨ। ਨਾ ਹੀ ਮਿੱਟੀ ਦੇ ਚੁੱਲ੍ਹੇ ਰਹੇ ਹਨ। ਨ[ਾ] ਹੀ ਮਿੱਟੀ, ਲੋਹੇ, ਪਿੱਤਲ ਤੇ ਤਾਂਬੇ ਦੇ ਭਾਂਡੇ ਰਹੇ ਹਨ[।] ਨਾ ਹੀ ਦਾਤ ਨਾਲ ਸਾਗ ਚੀਰੇ ਜਾਂਦੇ ਹਨ। ਨਾ ਹ[ੀ] ਲੱਕੜ ਦੀ ਮਧਾਣੀ ਨਾਲ ਘੋਟਣਾ ਫੇਰ ਕੇ ਅੱਲ[ਣ] ਪਾਇਆਂ ਜਾਂਦਾ ਹੈ। ਨਾ ਹੀ ਸ਼ੁੱਧ ਦੁੱਧ, ਦਹੀਂ, ਲੱਸ[ੀ] ਮੱਖਣ ਤੇ ਘਿਉ ਰਹੇ ਹਨ। ਅੱਜ ਕੱਲ੍ਹ ਸਾਗ ਵੇਚ[ਣ] ਵਾਲੇ ਆਉਂਦੇ ਹਨ।

ਸਾਗ ਚੀਰਨ ਲਈ ਦਾਤ ਦੀ ਥਾਂ ਛੋਟਾ ਜਿਹਾ ਹੱ[ਥ] ਵਾਲਾ ਟੋਕਾ ਆ ਗਿਆ ਹੈ। ਮਿੱਟੀ ਵਾਲੇ ਚੁੱਲ੍ਹੇ ਦੀ ਥ[ਾਂ] ਗੈਸ ਸਟੋਵ ਨੇ ਲੈ ਲਈ ਹੈ। ਮਿੱਟੀ ਦੇ ਭਾਂਡੇ ਤੌੜੀ ਦ[ੀ] ਥਾਂ ਪ੍ਰੈਸ਼ਰ ਕੂਕਰ ਆ ਗਏ ਹਨ। ਦੋ ਸੀਟੀਆਂ ਮਰਵ[ਾ] ਕੇ ਸਾਰੇ ਦਿਨ ਵਿਚ ਮੱਠੀ-ਮੱਠੀ ਅੱਗ ਤੇ ਬਣਨ ਵਾਲ[ਾ] ਸਾਗ ਇਕ ਅੱਧ ਘੰਟੇ ਵਿਚ ਹੀ ਬਣਾ ਲਿਆ ਜਾਂਦ[ਾ] ਹੈ। ਲੱਕੜ ਵਾਲੀ ਮਧਾਣੀ ਦੀ ਥਾਂ ਬਿਜਲੀ ਵਾਲ[ੀ] ਮਧਾਣੀ ਫੇਰ ਕੇ ਸਾਗ ਘੋਟ ਲਿਆ ਜਾਂਦਾ ਹੈ ਪ[ਰ] ਪੁਰਾਣੇ ਤਰੀਕੇ ਨਾਲ ਬਣੇ ਸਾਗ ਤੇ ਇਸ ਨਵੇਂ ਤਰੀ[ਕੇ] ਨਾਲ ਬਣੇ ਸਾਗ ਵਿੱਚ ਜ਼ਮੀਨ ਅਸਮਾਨ ਦਾ ਫ਼ਰ[ਕ] ਹੁੰਦਾ ਹੈ। ਪੁਰਾਣੇ ਤਰੀਕੇ ਨਾਲ ਬਣਿਆ ਸਾਗ ਖਾ [ਕੇ] ਰਸ ਆਉਂਦਾ ਸੀ। •

### ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ

*ਗੱਲ ਕਰਦੇ ਹਾਂ ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਸਰ੍ਹੋਂ ਦੇ ਸਾਗ, ਮੱਕੀ ਦੀ ਰੋਟੀ, ਮੱਖਣ, ਦਹੀਂ ਤੇ ਚਾਟੀ ਵਾਲੀ ਲੱਸੀ ਦੀ। ਸਾਗ ਖਾਣ ਦੇ ਸ਼ੌਕੀਨ ਕਿਸਾਨ ਲਗਪਗ ਦੇਸੀ ਮਹੀਨਾ ਅੱਸੂ ਤੇ ਅੰਗਰੇਜ਼ੀ ਮਹੀਨਾ ਅਕਤੂਬਰ ਵਿਚ ਤੋਰੀਆ ਬੀਜ ਲੈਂਦੇ ਹਨ ਤੇ ਕੋਈ 40-45 ਦਿਨਾਂ ਬਾਅਦ ਇਹ ਤੋਰੀਆ ਸਾਗ ਬਣਾਉਣ ਲਈ ਤਿਆਰ ਹੋ ਜਾਂਦਾ ਹੈ। ਇਸ ਦੇ ਪੱਤਿਆਂ ਦਾ ਸਾਗ ਧਰਿਆ ਜਾ ਸਕਦਾ ਹੈ। ਇਹ ਸਾਗ ਬਹੁਤ ਸੁਆਦਲਾ ਹੁੰਦਾ ਹੈ। ਇਸ ਤੋਂ ਅੱਗੇ ਫਿਰ ਸਰ੍ਹੋਂ ਬੀਜੀ ਜਾਂਦੀ ਹੈ। ਜਦੋਂ ਪਸ਼ੂਆਂ ਲਈ ਬਰਸੀਨ ਬੀਜਿਆ ਜਾਂਦਾ ਹੈ ਤਾਂ ਉਸ ਵਿਚ ਸਰ੍ਹੋਂ, ਸ਼ਲਗਮ ਤੇ ਵੱਟਾਂ ਤੇ ਮੂਲੀਆਂ ਬੀਜ ਲਈਆਂ ਜਾਂਦੀਆ ਹਨ। ਕਣਕ ਬੀਜਣ ਸਮੇਂ ਵੀ ਵੱਟਾਂ 'ਤੇ ਸਰ੍ਹੋਂ ਬੀਜ ਲਈ ਜਾਂਦੀ ਹੈ, ਜੋ ਸਾਗ ਲਈ ਵੀ ਕੰਮ ਆਉਂਦੀ ਹੈ ਤੇ ਪੱਕ ਕੇ ਸਰ੍ਹੋਂ ਦਾ ਤੇਲ ਕੱਢਣ ਦੇ ਵੀ ਕੰਮ ਆਉਂਦੀ ਹੈ।*

**ਸੁਆਣੀਆਂ ਇਕ ਡੇਢ ਮੀਟਰ ਦਾ ਕੱਪੜਾ ਜਿਸ ਨੂੰ ਪੋਣਾ ਕਿਹਾ ਜਾਂਦਾ ਹੈ, ਲੈ ਕੇ ਹੱਸਦੀਆਂ, ਖੇਡਦੀਆਂ, ਮਸ਼ਕਰੀਆਂ ਤੇ ਚੁਗਲੀਆਂ ਕਰਦੀਆਂ ਖੇਤਾਂ 'ਚ ਪਹੁੰਚ ਜਾਂਦੀਆਂ ਸਨ। ਸਾਰੀਆਂ ਖਿੱਲਰ ਕੇ ਵੱਟਾਂ-ਬੰਨੇ ਹੋ ਕੇ ਕੂਲੀਆਂ ਤੇ ਮੋਟੀਆਂ-ਮੋਟੀਆਂ ਗੰਦਲਾਂ ਤੋੜਦੀਆਂ। ਗੁਜ਼ਾਰੇ ਜੋਗਾ ਸਾਗ ਤੋੜ ਕੇ ਘਰੀਂ ਪਰਤ ਜਾਂਦੀਆਂ।**



### ਨਿਆਮਤ

*ਅੱਜ ਕੱਲ੍ਹ ਵਾਲੇ ਸਾਗ ਵਿਚ ਰਸ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸਰ੍ਹੋਂ ਦੇ ਸਾਗ ਵਿਚ ਵਿਟਾਮਿਨ ਕੇ, ਆਕਸੀਡੇਂਟ, ਸਲਫਰ, ਕੈਲਸ਼ੀਅਮ, ਪੋਟਾਸ਼ੀਅਮ ਭਰਪੂਰ ਮਾਤਰਾ ਵਿਚ ਪਾਏ ਜਾਂਦੇ ਹਨ। ਇਹ ਸਾਗ ਕੋਲੈਸਟਰ ਵਧਣ ਨਹੀਂ ਦਿੰਦਾ। ਦਿਲ ਦੀਆਂ ਬੀਮਾਰੀਆਂ ਤੋਂ ਬਚਾ ਕੇ ਰੱਖਦਾ ਹੈ। ਸਰੀਰ ਵਿਚ ਊਰਜਾ ਬਣੀ ਰਹਿੰਦੀ ਹੈ। ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਜੋੜਾਂ ਦੇ ਦਰਦ ਤੋਂ ਅਰਾਮ ਮਿਲਦਾ ਹੈ। ਹਰ ਕਿਸੇ ਨੂੰ ਸਰਦੀਆਂ ਵਿਚ ਇਸ ਨਿਆਮਤ ਦਾ ਵੱਧ ਤੋਂ ਵੱਧ ਇਸਤੇਮਾਲ ਕਰਨਾ ਚਾਹੀਦਾ ਹੈ। ਮੱਕੀ ਦੀ ਰੋਟੀ ਅੱਜ ਕੱਲ੍ਹ ਦੀਆਂ ਕੁੜੀਆ ਨੂੰ ਬਣਾਉਣੀ ਹੀ ਨਹੀਂ ਆਉਂਦੀ। ਸਾਗ ਨਾਲ ਕਣਕ ਦੀ ਰੋਟੀ ਖਾ ਕੇ ਹੀ ਕੰਮ ਸਾਰ ਲਿਆ ਜਾਂਦਾ ਹੈ। ਅੱਜ ਕੱਲ੍ਹ ਤਾਂ ਡੱਬਾ ਬੰਦ ਸਾਗ ਵੀ ਮਿਲਦਾ ਹੈ। ਡੱਬਾ ਖੋਲ੍ਹੋ ਗਰਮ ਕਰੋ ਤੇ ਖਾਉ ਪਰ ਐਸੀਆਂ ਡੱਬਾ ਬੰਦ ਚੀਜ਼ਾਂ ਖਾਣ ਤੋਂ ਬਚਣਾ ਚਾਹੀਦਾ ਹੈ। ਤਾਜ਼ੀਆਂ ਸਬਜ਼ੀਆਂ ਹੀ ਖਾਣੀਆਂ ਚਾਹੀਦੀਆਂ ਹਨ ਤਾਂ ਹੀ ਤੰਦਰੁਸਤ ਰਹੋਗੇ। ਆਪਣੇ ਸੱਭਿਆਚਾਰ ਨਾਲ ਜੁੜੇ ਰਹੋ।*



# ਬੰਦ ਹੋਣ ਵਾਲਾ ਹੈ ਫੇਸਬੁੱਕ ਤੇ ਇੰਸਟਾਗ੍ਰਾਮ ! ਪੋਸਟਿੰਗ ਜ਼ੀਰੋ ਦਾ ਨੌਜਵਾਨਾਂ 'ਚ ਕ੍ਰੇਜ਼

ਕੌਮੀ ਪਤ੍ਰਿਕਾ

ਜਲੰਧਰ 6 ਦਸੰਬਰ। ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਭਾਵੇਂ ਯੂਜ਼ਰ ਬੇਸ ਸਥਿਰ ਹੈ, ਪਰ ਇਸ ਸਮੇਂ ਇੱਕ ਨਵਾਂ ਅਤੇ ਚਿੰਤਾਜਨਕ ਰੁਝਾਨ ਤੇਜ਼ੀ ਨਾਲ ਉੱਭਰ ਰਿਹਾ ਹੈ ਜਿਸ ਨੂੰ Posting Zero (ਪੋਸਟਿੰਗ ਜ਼ੀਰੋ) ਕਿਹਾ ਜਾਂਦਾ ਹੈ। ਇਸ ਰੁਝਾਨ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਮੂਲ ਸੁਭਾਅ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਹਾਲਾਂਕਿ, ਭਾਰਤ ਵਿੱਚ ਯੂਜ਼ਰ ਬੇਸ ਵੱਡਾ ਅਤੇ ਘੱਟੋ-ਘੱਟ ਸਥਿਰ ਹੈ, ਪਰ ਡਿਜੀਟਲ ਦੁਨੀਆ ਵਿੱਚ ਵਧਦੀ ਇਸ 'ਖਾਮੋਸ਼ੀ' ਕਾਰਨ ਇਹ ਸਵਾਲ ਉੱਠਣ ਲੱਗਾ ਹੈ ਕਿ ਕੀ ਲੋਕ ਇਨ੍ਹਾਂ ਪਲੇਟਫਾਰਮਾਂ ਨੂੰ ਛੱਡ ਦੇਣਗੇ ? ਕੀ ਇਹ ਫੇਸਬੁੱਕ ਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮ ਬੰਦ ਹੋ ਜਾਣਗੇ? ਪੋਸਟਿੰਗ ਜ਼ੀਰੋ ਅਧੀਨ, ਬਹੁਤ ਸਾਰੇ ਲੋਕ, ਖ਼ਾਸ ਕਰਕੇ ਨੌਜਵਾਨ, ਹੁਣ ਆਪਣੀ ਜ਼ਿੰਦਗੀ ਦੇ ਪਲਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝੇ ਕਰਨ ਦੀ ਬਜਾਏ ਸ਼ਾਂਤੀ, ਪ੍ਰਾਈਵੇਸੀ ਅਤੇ ਮਨੋਵਿਹਾਰਕ ਸੁਖ-ਚੈਨ ਨੂੰ ਤਰਜੀਹ ਦੇ ਰਹੇ ਹਨ। ਪੋਸਟਿੰਗ ਜ਼ੀਰੋ ਦਾ ਸਪੱਸ਼ਟ ਅਰਥ ਹੈ ਕਿ ਉਹ ਲੋਕ ਜੋ ਸਾਲਾਂ ਤੋਂ ਸੋਸ਼ਲ ਮੀਡੀਆ ਵਰਤ ਰਹੇ ਹਨ, ਉਹ ਹੁਣ ਆਪਣੀ ਫੀਡ ਨੂੰ ਖ਼ਾਲੀ ਰੱਖ ਰਹੇ ਹਨ। ਉਹ ਪਲੇਟਫਾਰਮਾਂ 'ਤੇ ਲੌਗਇਨ ਤਾਂ ਕਰਦੇ ਹਨ (Consumption ਜਾਰੀ ਹੈ), ਪਰ public posting, photo-sharing, status updates, ਜਾਂ ਰੀਲਜ਼ ਘੱਟ ਅਪਡੇਟ ਕਰਨ ਲੱਗੇ ਹਨ ਜਾਂ ਬਿਲਕੁਲ ਬੰਦ ਕਰ ਰਹੇ ਹਨ। ਇਸ ਰੁਝਾਨ ਨਾਲ 'ਸੋਸ਼ਲ ਮੀਡੀਆ' ਆਪਣੀ ਪੁਰਾਣੀ ਰੂਹ, ਸਾਂਝ, ਮਿਲਾਪ, ਯਾਦਾਂ ਦੇ ਭੰਡਾਰ ਤੋਂ ਬਦਲਦਾ ਜਾ ਰਿਹਾ ਹੈ, ਅਤੇ ਜ਼ਿਆਦਾਤਰ ਇੱਕ ਖਪਤ ਦਾ ਜ਼ਰੀਆ ਹੋ ਗਿਆ ਹੈ। ਸੋਸ਼ਲ ਮੀਡੀਆ ਪੋਰਟਲਾਂ 'ਤੇ ਬਹੁਤ ਵੱਧ ਇਸ਼ਤਿਹਾਰ,ਏ.ਆਈ. ਜਨਰੇਟ ਕੀਤੀ ਸਮੱਗਰੀ, ਅਤੇ algorithmic ਦਬਾਅ ਵਧ ਗਿਆ ਹੈ। ਇਸ ਨਾਲ ਸਮੱਗਰੀ ਥਕਾਵਟ ਵੱਧ ਗਈ ਹੈ। ਆਮ ਯੂਜ਼ਰਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਪੋਸਟ 'ਇਸ਼ਤਿਹਾਰਾਂ, influence, ਵਾਇਰਲ ਕੰਟੈਂਟ' ਦੀ ਭੀੜ ਵਿੱਚ ਕੋਈ ਪ੍ਰਭਾਵ ਨਹੀਂ ਛੱਡੇਗੀ। ਲੋਕ ਹੁਣ ਆਪਣੀ ਨਿੱਜੀ ਜ਼ਿੰਦਗੀ ਖੁੱਲ੍ਹ ਕੇ ਸ਼ੇਅਰ ਨਹੀਂ ਕਰਨਾ ਚਾਹੁੰਦੇ। ਡਾਟਾ ਲੀਕ,ਟ?ਰੋਲਿੰਗ, ਨਫ਼ਰਤ ਭਰੀਆਂ ਟਿੱਪਣੀਆਂ (ਕੁਮੈਂਟਸ), ਅਤੇ ਮੀਮਸ ਵਰਗੀਆਂ ਚੀਜ਼ਾਂ ਨੇ ਲੋਕਾਂ ਵਿੱਚ ਡਰ ਪੈਦਾ ਕੀਤਾ ਹੈ, ਜਿਸ ਕਾਰਨ ਉਹ ਪਬਲਿਕ ਪੋਸਟਿੰਗ ਨੂੰ ਨਜ਼ਰਅੰਦਾਜ ਕਰ ਰਹੇ ਹਨ। ਕਈ ਲੋਕਾਂ ਨੇ ਮਹਿਸੂਸ ਕੀਤਾ ਹੈ ਕਿ ਸੋਸ਼ਲ ਮੀਡੀਆ 'ਤੇ perfect life ਦਿਖਾਉਣ ਜਾਂ ਜਨਤਕ ਪ੍ਰਮਾਣਿਕਤਾ ਲੈਣ ਦਾ ਦਬਾਅ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਵਿਗਾੜ ਸਕਦਾ ਹੈ। ਇਸ ਲਈ, ਉਹ ਪੋਸਟਿੰਗ ਘੱਟ ਕਰਕੇ ਵਧੇਰੇ ਪ੍ਰਾਇਵੇਸੀ ਅਤੇ ਅਸਲ ਸਬੰਧ ਨੂੰ ਤਰਜੀਹ ਦੇ ਰਹੇ ਹਨ। ਭਾਰਤ ਵਿੱਚ ਸੋਸ਼ਲ ਮੀਡੀਆ ਦਾ ਉਪਭੋਗਤਾ ਆਧਾਰ ਬਹੁਤ ਵਿਸ਼ਾਲ ਹੈ। 2025 ਵਿੱਚ, ਭਾਰਤ ਵਿੱਚ ਸੋਸ਼ਲ ਮੀਡੀਆ ਯੂਜ਼ਰਸ ਦੀ ਗਿਣਤੀ ਕੁੱਲ 692 ਮਿਲੀਅਨ ਹੋ ਗਈ ਹੈ। ਸਿਰਫ਼ ਇੰਸਟਾਗ੍ਰਾਮ ਦੇ ਹੀ ਕੁੱਲ 414 ਮਿਲੀਅਨ ਯੂਜ਼ਰ ਹਨ। ਭਾਰਤ ਦੀ ਡੀਜੀਟਲ ਆਬਾਦੀ ਦਾ ਲਗਭਗ 89.3% ਹਿੱਸਾ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵਰਤਦਾ ਹੈ। ਪਰ, ਇਨ੍ਹਾਂ ਵੱਡੇ ਅੰਕੜਿਆਂ ਦੇ ਬਾਵਜੂਦ, ਪੋਸਟਿੰਗ ਜ਼ੀਰੋ ਦੇ ਰੁਝਾਨ ਦੇ ਸੰਕੇਤ ਮਿਲੇ ਹਨ: ਘਟਦਾ Engagement: ਇੱਕ ਰਿਪੋਰਟ ਮੁਤਾਬਕ, ਜੂਨ 2024 ਵਿੱਚ ਭਾਰਤੀ ਸੋਸ਼ਲ ਮੀਡੀਆ ਉਪਭੋਗਤਾਵਾਂ ਦਾ ਸਾਰਥਿਕ ਸਮਾਂ ਲਗਭਗ 10 ਬਿਲੀਅਨ ਘੰਟੇ ਰਿਹਾ, ਜੋ 2023 ਦੇ ਜੂਨ ਨਾਲੋਂ 10 ਫੀਸਦ ਘੱਟ ਹੈ।

ਸਿਰਫ਼ ਵਰਤੋਂ ਦੀ ਚੋਣ: ਕੁਝ ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਭਾਰਤੀ ਨੌਜਵਾਨਾਂ ਵਿੱਚ



ਸਿਰਫ ਕੰਟੈਂਟ ਦੇਖਣ ਦਾ ਰੁਝਾਣ ਵਧ ਰਿਹਾ ਹੈ, ਜਦਕਿ ਕੰਟੈਂਟ ਕ੍ਰਿਏਸ਼ਨ ਜਾਂ ਪੋਸਟਿੰਗ ਘੱਟ ਹੋਣੀ ਲੱਗੀ। ਦੇਖਣ ਨੂੰ ਤਰਜ਼ੀਹ : 18-30 ਸਾਲ ਦੇ ਉਮਰ ਸਮੂਹ 'ਤੇ ਕੀਤੀ ਗਈ ਇੱਕ study ਦੱਸਦੀ ਹੈ ਕਿ 60 ਫੀਸਦ ਲੋਕ ਸੋਸ਼ਲ ਮੀਡੀਆ ਵਰਤਦੇ ਤਾਂ ਹਨ, ਪਰ ਬਹੁਤੇ ਲੋਕ ਫੋਟੋਆਂ, ਵੀਡੀਓ ਸ਼ੇਅਰ ਕਰਨ ਦੀ ਥਾਂ ਸਿਰਫ ਦੇਖਣ ਨੂੰ ਤਰਜੀਹ ਦਿੰਦੇ ਹਨ। ਨਤੀਜੇ ਵਜੋਂ, ਸੋਸ਼ਲ ਮੀਡੀਆ ਪਲੇਟਫਾਰਮਜ਼ 'ਤੇ ਵੀਊਜ਼, ਲਾਈਕਸ, ਰੀਲ ਦੇਖਣਾ, ਸਟੋਰੀਆਂ ਦੇਖਣਾ, ਵਧ ਰਿਹਾ ਹੈ, ਪਰ ਰੋਜ਼ਾਨਾਂ ਪਬਲਿਕ ਫੀਡਿੰਗ ਭਾਵ ਪੋਸਟਿੰਗ ਘੱਟ ਰਹੀ ਹੈ। ਪੋਸਟਿੰਗ ਜ਼ੀਰੋ ਦੇ ਕਾਰਨ, ਯੂਜ਼ਰਾਂ ਦਾ ਇੱਕ ਵੱਡਾ ਹਿੱਸਾ ਹੁਣ ਸਿਰਫ਼ Tpassive viewers ਬਣ ਗਿਆ ਹੈ, ਉਹ ਸਿਰਫ਼ ਸਕ੍ਰੋਲ ਕਰਦੇ ਹਨ, ਪਰ ਪੋਸਟ ਨਹੀਂ ਕਰਦੇ। ਇਸ ਨਾਲ ਫੀਡ ਵਿੱਚ ਅਸਲੀ ਸਮੱਗਰੀ ਘੱਟ ਹੋ ਰਿਹਾ ਹੈ, ਅਤੇ ਇਸਦੀ ਥਾਂ 'ਤੇ ad-content, influencer/brand posts ਅਤੇ AI-Generated Content ਦਾ ਦਬਦਬਾ ਵਧ ਰਿਹਾ ਹੈ। ਨੌਜਵਾਨ ਹੁਣ ਆਪਣੀ ਆਨਲਾਈਨ ਪਹਿਚਾਣ Online identity) public highlight reel ਦੀ ਥਾਂ private reality ਵੱਲ ਜ਼ਿਆਦਾ ਲੈ ਕੇ ਜਾ ਰਹੇ ਹਨ। ਅੰਤ ਵਿੱਚ ਅਸੀਂ ਸ਼ੁਰੂਆਤ ਵਿੱਚ ਚੁੱਕੇ ਗਏ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਿਰਫ਼ ਇਹ ਕਹਿ ਸਕਦੇ ਹਾਂ ਕਿ ਪੋਸਟਿੰਗ ਜ਼ੀਰੋ ਸੋਸ਼ਲ ਮੀਡੀਆ ਲਈ ਇਕ ਖ਼ਤਰਨਾਕ ਰੁਝਾਣ ਜ਼ਰੂਰ ਹੈ, ਇਸ ਦਾ ਮਤਲਬ ਇਹ ਨਹੀਂ ਕੀ ਫੇਸਬੁੱਕ ਜਾਂ ਇੰਸਟਾਗ੍ਰਾਮ ਬੰਦ ਹੋਣ ਵਾਲੇ ਹਨ ਪਰ, Posting Zero ਦਾ ਇਹ ਰੁਝਾਨ ਦਰਸਾਉਂਦਾ ਹੈ ਕਿ ਸੋਸ਼ਲ ਮੀਡੀਆ ਹੁਣ gradually corporate, marketing, bots `□¶ influencers ਦਾ ਅਧਿਕਾਰਿਤ ਮੇਲ ਬਣਦਾ ਜਾ ਰਿਹਾ ਹੈ, ਜਿੱਥੇ ਆਮ ਯੂਜ਼ਰ ਦੀ ਆਵਾਜ਼ ਘੱਟ ਹੋ ਰਹੀ ਹੈ। ਇਹ ਬਦਲਾਅ ਪਲੇਟਫਾਰਮਾਂ ਲਈ ਇੱਕ ਚੁਣੌਤੀ ਹੈ, ਜਿਸ ਨਾਲ ਉਨ੍ਹਾਂ ਦੀ ਮੌਲਿਕਤਾ ਖ਼ਤਮ ਹੋ ਸਕਦੀ ਹੈ।

### ਅਕਾਲੀ ਦਲ ਤੇ ਭਾਜਪਾ ਦੀ ਵਿਚਾਰਧਾਰਾ ਵੱਖੋ-ਵੱਖਰੀ : ਪਰਗਟ ਸਿੰਘ

ਚੰਡੀਗੜ੍ਹ 6 ਦਸੰਬਰ। ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਵਿਧਾਇਕ ਪਰਗਟ ਸਿੰਘ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼?ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਗਠਜੋੜ ਸੰਬੰਧੀ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਕੋਈ ਵੀ ਆਗੂ ਭਾਜਪਾ 'ਚ ਨਹੀਂ ਸੁਣਿਆ ਜਾਂਦਾ। ਉਨ੍ਹਾਂ ਨੇ ਇਸ ਦੀ ਪੁਸ਼ਟੀ ਵੀ ਕੀਤੀ ਤੇ ਪਾਰਟੀ ਨੂੰ ਸ਼ੀਸ਼ਾ ਵੀ ਦਿਖਾਇਆ। ਭਾਵੇਂ ਉਹ ਕਿਸਾਨਾਂ ਦੇ ਮੁੱਦੇ 'ਤੇ ਹੋਵੇ, ਚੰਡੀਗੜ੍ਹ ਦਾ ਮੁੱਦਾ ਹੋਵੇ ਜਾਂ ਪੰਜਾਬ ਯੂਨੀਵਰਸਿਟੀ ਵਰਗੇ ਮੁੱਦੇ ਹੋਣ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਦੀਆਂ ਵਿਚਾਰਧਾਰਾਵਾਂ ਪੂਰੀ ਤਰ੍ਹਾਂ ਵਿਰੋਧੀ ਹਨ। ਭਾਜਪਾ ਹਰ ਚੀਜ਼ ਨੂੰ ਕੇਂਦਰੀਕਰਨ ਕਰਨਾ ਅਤੇ ਸਾਰੇ ਰਾਜਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ, ਸਾਰੀ ਸ਼ਕਤੀ ਆਪਣੇ ਕੋਲ ਰੱਖਣਾ ਚਾਹੁੰਦੀ ਹੈ।

## ਰੈਂਟ ਕੁਲੈਕਟਰ ਗ੍ਰਿਫ਼ਤਾਰ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

ਫਿਰੋਜ਼ਪੁਰ 6 ਦਸੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਪੰਜਾਬ ਵਕਫ਼ ਬੋਰਡ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਰੈਂਟ ਕੁਲੈਕਟਰ ਮੁਹੰਮਦ ਇਕਬਾਲ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 3,00,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ ਦਿੰਦੇ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਦੁਆਰਾ ਸਿੰਘ ਸਭਾ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਵਸਨੀਕ ਹੈ ਜਿਸਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਰੈਂਟ ਕੁਲੈਕਟਰ ਉਸਨੂੰ ਵਕਫ਼ ਬੋਰਡ ਜ਼ੀਰਾ ਵੱਲੋਂ ਅਲਾਟ ਕੀਤੀ ਗਈ ਜ਼ਮੀਨ ਦਾ ਕਬਜ਼ਾ ਦੇਣ ਬਦਲੇ ਸੀਨੀਅਰ ਅਧਿਕਾਰੀ ਦੇ ਨਾਮ 'ਤੇ ਉਸ ਤੋਂ 5,40,000 ਰੁਪਏ ਰਿਸ਼ਵਤ ਮੰਗ ਰਿਹਾ ਹੈ। ਇਸ ਸਬੰਧ ਵਿਚ ਉਕਤ ਮੁਲਜ਼ਮ ਪਹਿਲਾਂ ਹੀ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਦੀ ਟੋਕਨ ਮਨੀ ਵਜੋਂ 70,000 ਰੁਪਏ ਦੀ ਰਿਸ਼ਵਤ ਲੈ ਚੁੱਕਾ ਸੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵਕਫ਼ ਬੋਰਡ ਜ਼ੀਰਾ ਦੇ ਨਾਮ 'ਤੇ ਚੈੱਕਾਂ ਰਾਹੀਂ 2.98 ਲੱਖ ਰੁਪਏ ਦੀ ਸਰਕਾਰੀ ਫੀਸ ਪਹਿਲਾਂ ਹੀ ਅਦਾ ਕਰ ਚੁੱਕਾ ਸੀ, ਜਿਸ ਵਿਚ ਵਕਫ਼ ਬੋਰਡ ਜ਼ੀਰਾ ਤੋਂ ਲੀਜ਼ 'ਤੇ ਲਈ ਜਾਣ ਵਾਲੀ ਸੰਪਤੀ ਦੇ ਕਿਰਾਏ ਦੀ ਰਕਮ ਵੀ ਸ਼ਾਮਲ ਸੀ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਦੀ ਟੀਮ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਗਵਾਹਾਂ ਦੀ ਮੌਜੂਦਗੀ ਵਿਚ ਸੰਬੰਧਤ ਰੈਂਟ ਕੁਲੈਕਟਰ ਨੂੰ ਰਿਸ਼ਵਤ ਦੇ ਲਏ ਪੈਸਿਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਆਰਥਿਕ ਅਪਰਾਧ ਸ਼ਾਖਾ (ਈਓਡਬਲਿਊ) ਦੀ ਵਿਜੀਲੈਂਸ ਬਿਊਰੋ ਟੀਮ ਨੇ ਇਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ 2 ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿਚ ਸ਼ਿਕਾਇਤਕਰਤਾ ਤੋਂ ਦੂਜੀ ਕਿਸ਼ਤ ਵਜੋਂ 3,00,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।




## ਸਿੱਖਿਆ ਜਗਤ 'ਚ ਛਿੜੀ ਨਵੀਂ ਚਰਚਾ, ਕੇਂਦਰੀ ਸਿੱਖਿਆ ਵਿਭਾਗ ਦੇ ਫੈਸਲੇ ਨੇ ਮਚਾਈ ਤਰਥੱਲੀ

ਕੌਮੀ ਪਤ੍ਰਿਕਾ

ਲੁਧਿਆਣਾ 6 ਦਸੰਬਰ। ਪ੍ਰਾਈਵੇਟ ਕੋਚਿੰਗ ਕਲਚਰ 'ਤੇ ਲਗਾਮ ਲਗਾਉਣ ਦੇ ਮਕਸਦ ਨਾਲ ਕੇਂਦਰ ਸਰਕਾਰ ਵਲੋਂ ਸਕੂਲਾਂ ਵਿਚ 'ਸੈਂਟਰ ਫਾਰ ਐਡਵਾਂਸ ਸਟੱਡੀਜ਼' ਖੋਲ੍ਹਣ ਦੀ ਯੋਜਨਾ ਨੇ ਸਿੱਖਿਆ ਜਗਤ ਵਿਚ ਇਕ ਨਵੀਂ ਚਰਚਾ ਛੇੜ ਦਿੱਤੀ ਹੈ। ਸ਼ਹਿਰ ਦੇ ਪ੍ਰਮੁੱਖ ਸਿੱਖਿਆ ਮਾਹਿਰਾਂ ਅਤੇ ਮਾਪਿਆਂ ਨੇ ਇਸ ਯੋਜਨਾ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨਿੱਜੀ ਕੋਚਿੰਗ ਸੈਂਟਰਾਂ ਦੇ ਬੇਕਾਬੂ ਫੈਲਾਅ ਨੇ ਸਿੱਖਿਆ ਨੂੰ ਵਪਾਰ ਬਣਾ ਦਿੱਤਾ ਹੈ, ਜਿਸ ਤੋਂ ਹੁਣ ਰਾਹਤ ਮਿਲਣ ਦੀ ਉਮੀਦ ਹੈ। ਯੋਜਨਾ ਮੁਤਾਬਕ ਹੁਣ ਸਕੂਲਾਂ ਵਿਚ ਹੀ ਜੇ. ਈ. ਈ., ਨੀਟ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾਵੇਗੀ। ਇਸ ਫੈਸਲੇ 'ਤੇ ਸ਼ਹਿਰ ਦੇ ਪ੍ਰਸਿੱਧ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਚੇਅਰਮੈਨਾਂ ਨੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਵਿਦਿਆਰਥੀਆਂ ਦੇ ਹਿੱਤ 'ਚ ਦੱਸਿਆ ਹੈ। ਜੇ. ਕੇ. ਸਿੱਧੂ, ਪ੍ਰਿੰਸੀਪਲ ਡੀ. ਏ. ਵੀ. ਸਕੂਲ, ਬੀ. ਆਰ. ਐੱਸ. ਨਗਰ ਨੇ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਅਜਿਹੇ ਸਟਰੱਕਚਰਡ ਯਤਨ ਦਾ ਇੰਤਜ਼ਾਰ ਕਰ ਰਹੇ ਸੀ। ਜਦੋਂ ਸਕੂਲ ਵਿਚ ਹੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਮਿਲੇਗੀ ਤਾਂ ਬੱਚੇ ਦਿਨ ਵਿਚ ਦੋ-ਦੋ ਜਗ?ਹਾ ਭੱਜਣ ਅਤੇ ਮਾਨਸਿਕ ਥਕਾਵਟ ਤੋਂ ਬਚਣਗੇ। ਇਹ ਵਿਦਿਆਰਥੀਆਂ ਦੇ ਸਮੱਗਰ ਵਿਕਾਸ ਲਈ ਜ਼ਰੂਰੀ ਸੀ। ਡੀ. ਪੀ. ਗੁਲੇਰੀਆ, ਸਿਟੀ ਕੋਆਰਡੀਨੇਟਰ ਸੀ. ਬੀ. ਐੱਸ. ਈ. ਨੇ ਕਿਹਾ ਕਿ ਪ੍ਰਾਈਵੇਟ ਕੋਚਿੰਗ ਸੈਂਟਰਾਂ 'ਚ ਫੀਸ ਬਹੁਤ ਜ਼ਿਆਦਾ ਹੈ ਅਤੇ ਉਥੇ ਕੁਆਲਿਟੀ ਕੰਟਰੋਲ ਦੀ ਕਮੀ ਹੈ। ਜੇਕਰ ਇਹ ਯੋਜਨਾ ਆਉਂਦੀ ਹੈ ਤਾਂ ਨਿਯਮ ਵੀ ਜਾਰੀ ਹੋਣਗੇ। ਸਕੂਲਾਂ ਵਿਚ ਇਹ ਤਿਆਰੀ ਨਿਯਮ ਨਾਲ ਮੁੱਲਾਂਕਣ ਅਤੇ ਅਨੁਸ਼ਾਸਨ ਦੇ ਨਾਲ ਹੋਵੇਗੀ, ਜਿਸ ਨਾਲ ਨਤੀਜੇ ਬਿਹਤਰ ਆਉਣਗੇ ਅਤੇ ਬੱਚਿਆਂ ਵਿਚ ਭਟਕਣਾ ਘੱਟ ਹੋਵੇਗੀ। ਅਨੁਜਾ ਕੌਸ਼ਲ, ਪ੍ਰਿੰ. ਬੀ. ਸੀ. ਐੱਮ. ਆਰਿਆ ਸਕੂਲ, ਸ਼ਾਸਤਰੀ ਨਗਰ ਨੇ ਕਿਹਾ ਕਿ ਇਹ ਯੋਜਨਾ ਮਾਪਿਆਂ ਨੂੰ ਦੋਹਰਾ ਖਰਚ ਤੋਂ ਬਚਾਵੇਗੀ। ਸਕੂਲ ਦੇ ਸਿਲੇਬਸ ਅਤੇ ਕੰਪੀਟੇਟਿਵ ਐਗਜ਼ਾਮ ਦੀ ਤਿਆਰੀ 'ਚ ਤਾਲਮੇਲ ਹੋਣ ਨਾਲ ਬੱਚਿਆਂ 'ਤੇ ਵਾਧੂ ਬੋਝ ਨਹੀਂ ਪਵੇਗਾ। ਇਹ ਸਮੇਂ ਦੀ ਮੰਗ ਵੀ ਹੈ। ਇਸ ਨਾਲ ਟਿਊਸ਼ਨ ਕਲਚਰ ਵੀ ਖਤਮ ਹੋਵੇਗਾ ਜੋ ਸਕੂਲਾਂ ਦੇ ਲਈ ਸਭ ਤੋਂ ਵੱਡੀ ਸਮੱਸਿਆ ਹੈ। ਇਸ ਖ਼ਬਰ ਨੇ ਮਾਪਿਆਂ 'ਚ ਖੁਸ਼ੀ ਦੀ ਲਹਿਰ ਲਿਆਂਦੀ ਹੈ। ਮਾਪਿਆਂ ਨੇ ਇਸ ਫੈਸਲੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਨੀਤੂ ਬਾਂਸਲ ਨੇ ਕਿਹਾ ਕਿ ਅਸੀਂ ਹਰ ਸਾਲ ਕੋਚਿੰਗ 'ਤੇ ਲੱਖਾਂ ਰੁਪਏ ਖਰਚ ਕਰ ਰਹੇ ਸੀ। ਜੇਕਰ ਇਹ ਸਹੂਲਤ ਸਕੂਲ ਦੇ ਅੰਦਰ ਉਪਲੱਬਧ ਹੋਵੇ, ਤਾਂ ਬੱਚਿਆਂ ਨੂੰ ਸਿੱਧੇ ਸਕੂਲ ਤੋਂ ਕੋਚਿੰਗ 'ਚ ਲਿਜਾਣ ਦੀ ਜ਼ਰੂਰਤ ਨਹੀਂ ਪਵੇਗੀ। ਸਾਡਾ ਵਿੱਤੀ ਬੋਝ ਕਾਫ਼ੀ ਘੱਟ ਜਾਵੇਗਾ।

## ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 90 ਫੀਸਦੀ ਕਮੀ, ਦਿੱਲੀ ਪ੍ਰਦੂਸ਼ਣ ਲਈ ਪੰਜਾਬ ਜ਼ਿੰਮੇਵਾਰ ਨਹੀਂ: ਧਾਲੀਵਾਲ

ਕੌਮੀ ਪਤ੍ਰਿਕਾ

ਅੰਮ੍ਰਿਤਸਰ 6 ਦਸੰਬਰ। ਅੰਮ੍ਰਿਤਸਰ 'ਚ ਪ੍ਰੈੱਸ ਕਾਨਫਰੰਸ ਦੌਰਾਨ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਲੋਕ ਸਭਾ ਵਿਚ ਕੇਂਦਰੀ ਵਾਤਾਵਰਨ ਮੰਤਰੀ ਭੁਪਿੰਦਰ ਯਾਦਵ ਵੱਲੋਂ ਪੇਸ਼ ਕੀਤੇ ਅੰਕੜਿਆਂ ਨਾਲ ਸੱਚ ਸਾਹਮਣੇ ਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ 90 ਫੀਸਦੀ ਤੱਕ ਕਮੀ ਆ ਚੁੱਕੀ ਹੈ, ਫਿਰ ਵੀ ਸਾਲਾਂ ਤੋਂ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਤੇ ਕਿਸਾਨਾਂ ਨੂੰ ਬਦਨਾਮ ਕੀਤਾ ਜਾਂਦਾ ਰਿਹਾ। ਧਾਲੀਵਾਲ ਨੇ ਕਿਹਾ ਕਿ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਦਿੱਲੀ ਦਾ ਪ੍ਰਦੂਸ਼ਣ ਮੁੱਖ ਤੌਰ 'ਤੇ ਉਥੇ ਸਾੜੇ ਜਾਣ ਵਾਲੇ ਕੂੜੇ, ਵਾਹਨਾਂ ਦੀ ਭੀੜ ਅਤੇ ਉਦਯੋਗਿਕ ਧੂੰਏ ਕਾਰਨ ਪੈਦਾ ਹੁੰਦਾ ਹੈ। ਸੀਐਸਈ (Centre for Science and Environment) ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪਰਾਲੀ ਦੇ ਧੂੰਏ ਦਾ ਦਿੱਲੀ ਦੇ ਪ੍ਰਦੂਸ਼ਣ 'ਚ ਹਿੱਸਾ ਕੇਵਲ 2 ਤੋਂ 5 ਫੀਸਦੀ ਦੇ ਦਰਮਿਆਨ ਹੈ। ਇਸਦੇ ਬਾਵਜੂਦ ਕੇਂਦਰ ਅਤੇ ਦਿੱਲੀ ਦੀ



ਭਾਜਪਾ ਸਰਕਾਰ ਨੇ ਜ਼ਿੰਮੇਵਾਰੀ ਤੋਂ ਬਚਣ ਲਈ ਪੰਜਾਬ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਾਲ ਵਿੱਚ ਕੇਵਲ ਦੋ ਵਾਰ ਫਸਲਾਂ ਦੀ ਕਟਾਈ ਤੋਂ ਬਾਅਦ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਆਉਂਦੇ ਹਨ, ਜਦਕਿ ਦਿੱਲੀ ਵਿੱਚ ਪੂਰਾ ਸਾਲ ਹਵਾ ਖ਼ਰਾਬ ਰਹਿੰਦੀ ਹੈ। ਫਿਰ ਦੋਸ਼ ਪੰਜਾਬ 'ਤੇ ਮੜ੍ਹਨਾ ਸਰਾਸਰ ਗਲਤ ਅਤੇ ਰਾਜਨੀਤਿਕ ਚਾਲ ਹੈ। ਧਾਲੀਵਾਲ ਨੇ ਦੱਸਿਆ ਕਿ ਉਹ ਖੁਦ ਪਿਛਲੇ ਹਫਤੇ ਦਿੱਲੀ ਗਏ ਸਨ ਜਿਥੇ ਸਾਹ ਲੈਣਾ ਵੀ ਮੁਸ਼ਕਲ ਸੀ। ਹੜ੍ਹਾਂ ਦੇ ਮਸਲੇ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਲੋਕ ਸਭਾ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਹੜ੍ਹ ਕਿਸੇ ਡੈਮ ਜਾਂ ਰੇਲਵੇ ਮਾਈਨਿੰਗ ਕਾਰਨ ਨਹੀਂ, ਸਗੋਂ ਅਤਿ ਵੱਧ ਮੀਂਹ ਕਾਰਨ ਕੁਦਰਤੀ ਆਫਤ ਵਜੋਂ ਆਏ ਸਨ। ਭਾਜਪਾ ਵੱਲੋਂ ਇਸ ਮਸਲੇ 'ਤੇ ਵੀ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਹੁਣ ਹਕੀਕਤ ਦੂਰ-ਦੂਰ ਤੱਕ ਸਾਫ ਹੋ ਗਈ ਹੈ। ਚੋਣਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਧਾਲੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਪੂਰੀ ਤਰ੍ਹਾਂ ਨਿਰਪੱਖ ਢੰਗ ਨਾਲ ਹੋ ਰਹੀਆਂ ਹਨ। ਕਿਸੇ ਵੀ ਜਿੱਤਦੇ ਉਮੀਦਵਾਰ ਨੂੰ ਰੋਕਣ ਦੀ ਗੱਲ ਬੇਬੁਨਿਆਦ ਹੈ।

## ਪੰਜਾਬ ਦੇ ਇਸ ਜ਼ਿਲ੍ਹੇ 'ਚ ਲੱਗੀਆਂ ਕਈ ਪਾਬੰਦੀਆਂ, ਜਾਰੀ ਹੋਏ ਸਖ਼ਤ ਹੁਕਮ

ਕੌਮੀ ਪਤ੍ਰਿਕਾ

ਨਵਾਂਸ਼ਹਿਰ 6 ਦਸੰਬਰ। ਜ਼ਿਲਾ ਮੈਜਿਸਟ?ਰੇਟ ਅੰਕੁਰਜੀਤ ਸਿੰਘ ਨੇ ਜ਼ਿਲੇ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਵਾਸਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਂਵਾਂ 'ਤੇ ਕਿਸੇ ਵਿਅਕਤੀ ਵੱਲੋਂ ਨਾਅਰੇ ਲਾਉਣ/ਭੜਕਾਊ ਭਾਸ਼ਣ ਦੇਣ, ਜਨਤਕ ਥਾਵਾਂ 'ਤੇ ਬਿਨਾਂ ਪ੍ਰਵਾਨਗੀ ਜਲੂਸ ਕੱਢਣ/ਮੀਟਿੰਗ ਕਰਨ/ਰੈਲੀ ਕਰਨ 'ਤੇ ਪਾਬੰਦੀ ਲਾਈ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਹਾਲਤਾਂ ਵਿਚ ਉੱਪ ਮੰਡਲ ਮੈਜਿਸਟ?ਰੇਟ ਕੋਲੋਂ ਅਗਾਊਂ ਪ੍ਰਵਾਨਗੀ ਲੈ ਕੇ ਜਨਤਕ ਮੀਟਿੰਗਾਂ, ਜਲੂਸ ਜਾਂ ਰੈਲੀ ਕੀਤੀ ਜਾ ਸਕਦੀ ਹੈ। ਇਕ ਹੋਰ ਹੁਕਮ ਰਾਹੀਂ ਜ਼ਿਲੇ ਵਿਚ ਕਿਸੇ ਵਿਅਕਤੀ/ਸੰਸਥਾ ਵੱਲੋਂ ਸਰਕਾਰੀ/ਪੰਚਾਇਤੀ ਜਗ?ਹਾ 'ਤੇ ਕੋਈ ਗੇਟ ਉਸਾਰਨ 'ਤੇ ਪਾਬੰਦੀ ਲਾਈ ਹੈ। ਇਸ ਤਰ੍ਹਾਂ ਜ਼ਿਲੇ 'ਚ ਪੈਂਦੀਆਂ ਬੈਂਕਾਂ ਦੇ ਮੈਨੇਜਰਾਂ ਅਤੇ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਆਪਣੇ-ਆਪਣੇ ਪੈਟਰੋਲ ਪੰਪਾਂ ਅਤੇ ਬੈਂਕਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ, ਜਿਨ੍ਹਾਂ 'ਚ ਘੱਟ ਤੋਂ ਘੱਟ 7 ਦਿਨਾਂ ਦੀ ਰਿਕਾਰਡਿੰਗ ਸਮਰੱਥਾ ਹੋਵੇ। ਬੈਂਕਾਂ




ਅਤੇ ਪੈਟਰੋਲ ਪੰਪਾਂ 'ਤੇ ਸੀ. ਸੀ. ਟੀ. ਵੀ. ਕੈਮਰੇ ਲੱਗਣ ਨਾਲ ਵਾਰਦਾਤਾਂ ਨੂੰ ਰੋਕਣ 'ਚ ਸਹਾਇਤਾ ਮਿਲੇਗੀ। ਬਲਾਕ ਔੜ ਤੇ ਬੰਗਾ ਨੋਟੀਫਾਈਡ ਏਰੀਆ, ਬਿਨਾਂ ਮਨਜ਼ੂਰੀ ਟਿਊਬਵੈੱਲ ਅਤੇ ਸਬਮਰਸੀਬਲ ਪੰਪ ਲਾਉਣ 'ਤੇ ਪਾਬੰਦੀ ਜ਼ਿਲਾ ਮੈਜਿਸਟ?ਰੇਟ ਅੰਕੁਰਜੀਤ ਸਿੰਘ ਨੇ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਵੱਲੋਂ ਬਲਾਕ ਔੜ ਅਤੇ ਬੰਗਾ ਨੂੰ ਨੋਟੀਫਾਈਡ ਏਰੀਆ ਐਲਾਨਿਆ ਹੋਣ ਕਰ ਕੇ ਇਸ ਖੇਤਰ 'ਚ ਬਿਨਾਂ ਐੱਨ. ਓ. ਸੀ. ਤੋਂ ਟਿਊਬਵੈੱਲ/ਸਬਮਰਸੀਬਲ ਪੰਪ ਲਾਉਣ 'ਤੇ ਪਾਬੰਦੀ ਲਗਾਈ ਹੈ। ਜਾਰੀ ਹੁਕਮਾਂ ਅਨੁਸਾਰ ਬਲਾਕ ਔੜ ਅਤੇ ਬੰਗਾ 'ਚ ਲੋੜੀਂਦੀ ਮੰਨਜੂਰੀ ਤੋਂ ਬਿਨ੍ਹਾਂ ਟਿਊਬਵੈੱਲ/ਸਬਮਰਸੀਬਲ ਨਹੀਂ ਲਾਇਆ ਜਾ ਸਕਦਾ । ਜ਼ਿਲਾ ਮੈਜਿਸਟ?ਰੇਟ ਅੰਕੁਰਜੀਤ ਸਿੰਘ ਨੇ ਸੁਪਰੀਮ ਕੋਰਟ ਦੇ ਹੁਕਮ ਦੀ ਰੌਸ਼ਨੀ 'ਚ ਜਲ ਸ੍ਰੋਤ ਮੰਤਰਾਲਾ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਤਹਿਤ ਬੋਰਵੈੱਲਾਂ/ਟਿਊਬਵੈੱਲਾਂ ਦੀ ਖੁਦਾਈ/ਮੁਰੰਮਤ ਦੇ ਮੱਦੇਨਜ਼ਰ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਨ੍ਹਾਂ ਬੋਰਵੈਲਾਂ 'ਚ ਗਿਰਨ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲੇ 'ਚ ਬਿਨਾਂ ਮਨਜੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ 'ਤੇ ਰੋਕ ਲਾਈ ਹੈ।

## ਮੋਹਾਲੀ 'ਚ ਨਾਜਾਇਜ਼ ਕਬਜ਼ੇ ਹਟਾਉਣ ਦਾ ਮਾਮਲਾ ਹਾਈਕੋਰਟ ਪੁੱਜਿਆ

ਮੋਹਾਲੀ 6 ਦਸੰਬਰ। ਮੋਹਾਲੀ 'ਚ ਨਾਜਾਇਜ਼ ਕਬਜ਼ੇ ਹਟਾਉਣ ਨੂੰ ਲੈ ਕੇ ਚੱਲ ਰਿਹਾ ਵਿਵਾਦ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ ਨਗਰ ਨਿਗਮ ਵੱਲੋਂ ਵਸਨੀਕਾਂ ਨੂੰ ਜਾਰੀ ਕੀਤੇ ਗਏ ਨੋਟਿਸ ਖ਼?ਲਾਫ਼ ਮੋਹਾਲੀ ਜ਼ਿਲ੍ਹਾ ਅਦਾਲਤ 'ਚ ਦਾਇਰ ਪਟੀਸ਼ਨ ਦੀ ਸੁਣਵਾਈ ਸੋਮਵਾਰ ਨੂੰ ਹੋਈ। ਇੱਥੇ ਜਿੱਥੇ ਨਗਰ ਨਿਗਮ ਅਤੇ ਸਬੰਧਿਤ ਵਿਭਾਗਾਂ ਦੀਆਂ ਟੀਮਾਂ ਅਦਾਲਤ 'ਚ ਪੇਸ਼ ਹੋਈਆਂ। ਨਗਰ ਨਿਗਮ ਨੇ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ, ਜਿਸ ਤੋਂ ਬਾਅਦ ਜ਼ਿਲ੍ਹਾ ਅਦਾਲਤ ਨੇ 8 ਦਸੰਬਰ ਤੱਕ ਦਾ ਸਮਾਂ ਦਿੱਤਾ। ਇਸ ਦੌਰਾਨ ਜ਼ਿਲ੍ਹਾ ਅਦਾਲਤ 'ਚ ਸਮਾਂ ਦਿੱਤੇ ਜਾਣ ਦੇ ਬਾਵਜੂਦ ਨਗਰ ਨਿਗਮ ਦੀ ਟੀਮ ਕਬਜ਼ੇ ਹਟਾਉਣ ਲਈ ਫ਼ੇਜ਼-4 ਖੇਤਰ 'ਚ ਪਹੁੰਚੀ। ਇਸ ਨਾਲ ਸਥਾਨਕ ਨਿਵਾਸੀਆਂ ਅਤੇ ਨਗਰ ਨਿਗਮ ਦੀ ਟੀਮ ਵਿਚਕਾਰ ਬਹਿਸ ਹੋ ਗਈ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਹ ਹਾਈਕੋਰਟ ਦੇ ਹੁਕਮਾਂ ਅਨੁਸਾਰ ਕਾਰਵਾਈ ਕਰ ਰਹੇ ਹਨ, ਜਦੋਂ ਕਿ ਵਸਨੀਕਾਂ ਨੇ ਦੋਸ਼ ਲਗਾਇਆ ਕਿ ਇਹ ਕਾਰਵਾਈ ਰਾਜਨੀਤੀ ਤੋਂ ਪ੍ਰੇਰਿਤ ਹੈ। ਨਿਵਾਸੀਆਂ ਦਾ ਦਾਅਵਾ ਹੈ ਕਿ ਨਗਰ ਨਿਗਮ ਨੇ ਸਿਰਫ਼ ਤਿੰਨ ਦਿਨਾਂ ਦਾ ਨੋਟਿਸ ਜਾਰੀ ਕੀਤਾ ਸੀ, ਜਿਸ ਦੀ ਮਿਆਦ ਅਜੇ ਖ਼ਤਮ ਨਹੀਂ ਹੋਈ ਸੀ। ਇਸ ਦੇ ਬਾਵਜੂਦ ਨਗਰ ਨਿਗਮ ਦੀ ਟੀਮ ਕਬਜ਼ੇ ਹਟਾਉਣ ਲਈ ਪਹੁੰਚੀ, ਜਿਸ ਨਾਲ ਇਲਾਕੇ 'ਚ ਤਣਾਅ ਵਾਲਾ ਮਾਹੌਲ ਬਣ ਗਿਆ। ਨਿਵਾਸੀਆਂ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਇਕ ਪਟੀਸ਼ਨ ਦਾਇਰ ਕੀਤੀ, ਜਿਸ ਦੀ ਸੁਣਵਾਈ ਅੱਜ ਹੋਵੇਗੀ।

## ਬਿਨਾਂ ਪਰਮਿਟ ਸ਼ਰਾਬ ਸਰਵ ਕਰਨ 'ਤੇ ਹੋਟਲ 'ਤੇ ਛਾਪੇਮਾਰੀ

ਅੰਮ੍ਰਿਤਸਰ 6 ਦਸੰਬਰ। ਜ਼ਿਲਾ ਆਬਕਾਰੀ ਵਿਭਾਗ ਨੂੰ ਇਕ ਕਾਰਵਾਈ ਦੌਰਾਨ ਸੂਚਨਾ ਮਿਲੀ ਕਿ ਅੰਮ੍ਰਿਤਸਰ ਦੇ ਸਰਕਟ ਹਾਊਸ ਨਾਲ ਲੱਗਦੇ ਪ੍ਰਸਿੱਧ ਹੋਟਲ ਦੇ ਬੈਂਕੁਇਟ ਹਾਲ ਵਿਚ ਇਕ ਪ੍ਰੋਗਰਾਮ ਦੌਰਾਨ ਬਿਨਾਂ ਪਰਮਿਟ ਸ਼ਰਾਬ ਸਰਵ ਕੀਤੀ ਜਾ ਰਹੀ ਹੈ। ਇਹ ਕਾਰਵਾਈ ਜ਼ਿਲਾ ਆਬਕਾਰੀ ਅਧਿਕਾਰੀ ਲਲਿਤ ਕੁਮਾਰ ਦੇ ਨਿਰਦੇਸ਼ਾਂ 'ਤੇ ਕੀਤੀ ਗਈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਰੇਂਜ ਦੇ ਸਹਾਇਕ ਕਮਿਸ਼ਨਰ ਆਬਕਾਰੀ ਦਿਲਬਾਗ ਸਿੰਘ ਚੀਮਾ ਨੇ ਦੱਸਿਆ ਕਿ ਜ਼ਿਲਾ ਆਬਕਾਰੀ ਅਧਿਕਾਰੀ ਲਲਿਤ ਕੁਮਾਰ ਨੂੰ ਸੂਚਨਾ ਮਿਲੀ ਸੀ ਕਿ ਸਰਕਟ ਹਾਊਸ ਦੇ ਅੰਦਰ ਇਕ ਮਸ਼ਹੂਰ ਹੋਟਲ ਵਿਚ ਇਕ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ, ਜਿਥੇ ਬਿਨਾਂ ਪਰਮਿਟ ਦੇ ਸ਼ਰਾਬ ਸਰਵ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਆਹ ਪ੍ਰੋਗਰਾਮ ਲਈ ਪਰਮਿਟ ਦੀ ਫੀਸ 2000 ਰੁਪਏ ਹੈ। ਆਬਕਾਰੀ ਵਿਭਾਗ ਦੀ ਟੀਮ ਨੇ ਮੌਕੇ 'ਤੇ ਛਾਪੇਮਾਰੀ ਕੀਤੀ ਅਤੇ ਜਾਣਕਾਰੀ ਸਹੀ ਨਿਕਲੀ। ਕਾਰਵਾਈ ਲਈ ਇੰਸਪੈਕਟਰ ਧਰਮਿੰਦਰ ਸ਼ਰਮਾ ਅਤੇ ਮੋਹਿਤ ਕੁਮਾਰ ਦੀ ਅਗਵਾਈ ਵਿਚ ਟੀਮ ਨੂੰ ਭੇਜਿਆ ਜਿਥੇ ਸ਼ਰਾਬ ਸਰਵ ਕੀਤੀ ਜਾ ਰਹੀ ਹੈ। ਏ. ਈ. ਟੀ. ਸੀ. ਚੀਮਾ ਨੇ ਦੱਸਿਆ ਕਿ ਕਿਸੇ ਵੀ ਪ੍ਰੋਗਰਾਮ ਦੇ ਆਯੋਜਨ ਲਈ ਐੱਲ-50 (ਏ) ਪਰਮਿਟ ਦੀ ਲੋੜ ਹੁੰਦੀ ਹੈ, ਜਿਸ ਨੂੰ ਅਧਿਕਾਰੀਆਂ ਵਲੋਂ ਪੁੱਛੇ ਜਾਣ 'ਤੇ ਮੈਨੇਜਰ ਪੇਸ਼ ਕਰਨ ਵਿਚ ਅਸਫਲ ਰਿਹਾ। ਵਿਭਾਗੀ ਟੀਮਾਂ ਨੇ ਛੇ ਬੋਤਲਾਂ ਵਿਦੇਸ਼ੀ ਸ਼ਰਾਬ ਵੀ ਬਰਾਮਦ ਕੀਤੀਆਂ। ਚੀਮਾ ਨੇ ਦੱਸਿਆ ਕਿ ਇਕ ਚਲਾਨ ਜਾਰੀ ਕੀਤਾ ਗਿਆ ਹੈ ਅਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਇਕ ਰਿਪੋਰਟ ਸੌਂਪ ਦਿੱਤੀ ਗਈ ਹੈ, ਜਿਥੇ ਕਾਨੂੰਨ ਅਨੁਸਾਰ ਜੁਰਮਾਨਾ ਨਿਰਧਾਰਤ ਕੀਤਾ ਜਾਵੇਗਾ।




## ਹਵਾ ਤੋਂ ਬਾਅਦ ਹੁਣ ਪਾਣੀ ਵੀ ਹੋਇਆ ਜ਼ਹਿਰੀਲਾ ! ਹੁਣ ਕਿੱਧਰ ਨੂੰ ਜਾਣ ਦਿੱਲੀ ਵਾਲੇ

ਏਜੰਸੀਆਂ

ਨੈਸ਼ਨਲ ਡੈਸਕ 6 ਦਸੰਬਰ। ਜੇ ਤੁਸੀਂ ਦਿੱਲੀ ਵਿਚ ਰਹਿੰਦੇ ਹੋ ਤਾਂ ਇਹ ਖ਼ਬਰ ਤੁਹਾਨੂੰ ਚਿੰਤਿਤ ਕਰ ਸਕਦੀ ਹੈ। ਸੈਂਟਰਲ ਗ੍ਰਾਊਂਡ ਵਾਟਰ ਬੋਰਡ ਦੀ ਤਾਜ਼ਾ ਰਿਪੋਰਟ 'ਚ ਦਿੱਲੀ ਦੇ ਭੂਜਲ (ਜ਼ਮੀਨੀ ਪਾਣੀ) 'ਚ ਯੂਰੇਨੀਅਮ ਦਾ ਪੱਧਰ ਖਤਰਨਾਕ ਤਰੀਕੇ ਨਾਲ ਵਧਿਆ ਮਿਲਿਆ ਹੈ। ਨਵੰਬਰ 'ਚ ਜਾਰੀ ਰਿਪੋਰਟ ਮੁਤਾਬਕ, ਦਿੱਲੀ ਦੇ 13-15 ਫੀਸਦੀ ਸੈਂਪਲਾਂ 'ਚ ਯੂਰੇਨੀਅਮ ਦੀ ਮਾਤਰਾ ਨਾਰਮਲ ਲੈਵਲ ਤੋਂ ਕਾਫ਼ੀ ਜ਼ਿਆਦਾ ਪਾਈ ਗਈ। ਬੋਰਡ ਹਰ ਸਾਲ ਦੇਸ਼ ਭਰ ਦੇ ਜ਼ਮੀਨੀ ਪਾਣੀ ਦੀ ਜਾਂਚ ਕਰਦਾ ਹੈ ਅਤੇ ਇਸ ਵਾਰ ਦਿੱਲੀ ਦੇ ਸੈਂਪਲ ਜੋ ਪ੍ਰੀ-ਮਾਨਸੂਨ ਅਤੇ ਪੋਸਟ-ਮਾਨਸੂਨ ਦੌਰਾਨ ਲਏ ਗਏ ਸਨ ਹੈਰਾਨ ਕਰਨ ਵਾਲੇ ਨਤੀਜੇ ਲੈ ਕੇ ਆਏ ਹਨ। ਰਿਪੋਰਟ 'ਚ ਯੂਰੇਨੀਅਮ ਤੋਂ ਇਲਾਵਾ ਨਾਈਟ?ਰੇਟ ਅਤੇ ਫਲੋਰਾਈਡ ਵਰਗੇ ਹੋਰ ਖਤਰਨਾਕ ਰਸਾਇਣ ਵੀ ਭੂਜਲ ਵਿੱਚ ਮਿਲੇ ਹਨ। ਦਿੱਲੀ ਵਿੱਚ ਲਗਭਗ 5500 ਟਿਊਬਵੈੱਲ ਹਨ, ਜਿਨ੍ਹਾਂ ਤੋਂ ਹਰ ਰੋਜ਼ ਕਰੀਬ DE@ MLD ਪਾਣੀ ਦੀ ਸਪਲਾਈ ਹੁੰਦੀ ਹੈ। ਇਸ ਨਾਲ ਇਹ ਜ਼ਹਿਰੀਲੇ ਤੱਤ ਸਿੱਧੇ ਹੀ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸੈਂਟਰਲ ਗ੍ਰਾਊਂਡ ਵਾਟਰ ਬੋਰਡ ਨੇ ਦਿੱਲੀ ਦੇ ਵੱਖ-ਵੱਖ ਇਲਾਕਿਆਂ ਤੋਂ 86 ਸੈਂਪਲ ਇਕੱਠੇ ਕੀਤੇ ਸਨ। ਅਰਥ ਵਾਰਿਆਰ ਦੇ ਪੰਕਜ ਨੇ ਦਿੱਲੀ ਜਲ ਬੋਰਡ ਨੂੰ ਇਸ ਮਾਮਲੇ 'ਚ ਤੁਰੰਤ ਕਾਰਵਾਈ ਕਰਨ ਲਈ ਪੱਤਰ ਵੀ ਭੇਜਿਆ ਹੈ। ਉਨ੍ਹਾਂ ਦੀ ਮੰਗ ਹੈ ਕਿ ਜਲ ਬੋਰਡ ਟਿਊਬਵੈੱਲ ਦੇ ਪਾਣੀ ਦਾ BIS ਮਾਪਦੰਡ ਅਨੁਸਾਰ ਟ?ਰੀਟਮੈਂਟ ਕਰਕੇ ਹੀ ਸਪਲਾਈ ਕਰੇ। ਜਿਨ੍ਹਾਂ ਟਿਊਬਵੈੱਲ 'ਚ ਯੂਰੇਨੀਅਮ ਪਾਇਆ ਗਿਆ ਹੈ, ਉਨ੍ਹਾਂ ਦੀ ਜਨਤਕ ਜਾਣਕਾਰੀ ਵੀ ਜਾਰੀ ਕੀਤੀ ਜਾਵੇ। ਦੇਸ਼ ਭਰ ਤੋਂ ਲਏ 3754 ਸੈਂਪਲਾਂ 'ਚੋਂ ਪੰਜਾਬ ਸਭ ਤੋਂ ਖਤਰਨਾਕ ਸਥਿਤੀ 'ਚ ਹੈ ਲਗਭਗ 50 ਫੀਸਦੀ ਸੈਂਪਲਾਂ 'ਚ ਯੂਰੇਨੀਅਮ ਮਿਲਿਆ। ਹਰਿਆਣਾ 'ਚ 15-23% ਸੈਂਪਲ ਪ੍ਰਭਾਵਿਤ। ਦਿੱਲੀ 'ਚ 13-15% ਸੈਂਪਲਾਂ ਵਿੱਚ ਪੱਧਰ ਵਧੇਰੇ ਮਿਲਿਆ।

## ਰਾਸ਼ਟਰੀ ਪ੍ਰਤਿਭਾਵਾਂ 'ਚ ਚਮਕੀ ਜਲੰਧਰ ਦੀ ਧੀ : ਡਾ. ਤਨੁਜਾ ਤਨੂ ਨੂੰ ਮਿਲਿਆ ਰਾਸ਼ਟਰੀ ਗਰਿਮਾ ਪੁਰਸਕਾਰ 2025

ਕੌਮੀ ਪਤ੍ਰਿਕਾ

ਕਰਨਾਲ 6 ਦਸੰਬਰ। ਭਗਵਤੀ ਵੈਲਫੇਅਰ ਸੋਸਾਇਟੀ ਨੇ ਕਰਨਾਲ ਦੇ ਬੁੱਧ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਰਾਸ਼ਟਰੀ ਸਿੱਖਿਆ ਸੰਮੇਲਨ 4.0 ਅਤੇ ਰਾਸ਼ਟਰੀ ਗਰਿਮਾ ਪੁਰਸਕਾਰ 2025 ਦਾ ਆਯੋਜਨ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਅਦਿਤ ਸਿੰਘ ਵਰਮਾ ਅਤੇ ਸਾਗਰ ਰਤਨ ਨੇ ਕੀਤੀ। ਇਸ ਰਾਸ਼ਟਰੀ ਸਮਾਗਮ ਵਿੱਚ ਹਰਿਆਣਾ, ਦਿੱਲੀ, ਪੰਜਾਬ, ਉੱਤਰ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਬੰਗਲੁਰੂ ਸਮੇਤ ਕਈ ਸੂਬਿਆਂ ਦੇ ਸਿੱਖਿਆ ਮਾਹਿਰ, ਪ੍ਰਿੰਸੀਪਲ, ਲੇਖਕ, ਸਮਾਜ ਸੇਵਕ ਅਤੇ ਅਧਿਆਪਕ ਸ਼ਾਮਲ ਹੋਏ। ਇਸ ਸਮਾਗਮ 'ਚ ਮੁੱਖ ਮਹਿਮਾਨ ਕਰਨਾਲ ਦੀ ਮੇਅਰ ਰੇਣੂ ਬਾਲਾ ਗੁਪਤਾ ਸਨ, ਜਿਨ੍ਹਾਂ ਨੇ ਸਿੱਖਿਆ ਸੁਧਾਰ ਅਤੇ ਸਮਾਜਿਕ ਨਿਰਮਾਣ ਬਾਰੇ ਆਪਣੇ ਪ੍ਰੇਰਨਾਦਾਇਕ ਵਿਚਾਰ ਸਾਂਝੇ ਕੀਤੇ। ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਭਾਗੀਦਾਰਾਂ ਨੂੰ ਰਾਸ਼ਟਰੀ ਗਰਿਮਾ ਪੁਰਸਕਾਰ 2025 ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚੋਂ, ਪ੍ਰਸਿੱਧ ਜਲੰਧਰ ਲੇਖਕ ਅਤੇ ਸਮਾਜ ਸੇਵਕ ਡਾ. ਤਨੁਜਾ ਤਨੂ ਨੂੰ ਸਾਲ 2025 ਦੀ ਸਮਾਜ ਸੇਵਕਾ ਵਜੋਂ ਸਨਮਾਨਿਤ ਕੀਤਾ ਗਿਆ। ਲੁਧਿਆਣਾ ਦੀ ਡਾ. ਵਿਭਾ ਕੁਮਾਰੀਆ ਸ਼ਰਮਾ ਨੂੰ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਨਾਲ ਸਨਮਾਨਿਤ ਕੀਤਾ




ਗਿਆ। ਜਲੰਧਰ, ਪੰਜਾਬ ਤੋਂ ਇੱਕ ਸੀਨੀਅਰ ਪੱਤਰਕਾਰ, ਸਮਾਜ ਸੇਵਿਕਾ ਅਤੇ ਪ੍ਰਸਿੱਧ ਲੇਖਕ ਡਾ. ਤਨੁਜਾ ਤਨੂ ਪਿਛਲੇ 27 ਸਾਲਾਂ ਤੋਂ ਪੰਜਾਬ ਕੇਸਰੀ ਵਿੱਚ ਇੱਕ ਸੀਨੀਅਰ ਸੰਪਾਦਕ ਵਜੋਂ ਸੇਵਾ ਨਿਭਾ ਰਹੀ ਹੈ। ਕੁਰੂਕਸ਼ੇਤਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ, ਤਨੁਜਾ ਤਨੂ ਪਿਛਲੇ ਤਿੰਨ ਦਹਾਕਿਆਂ ਤੋਂ ਸਾਹਿਤ, ਪੱਤਰਕਾਰੀ ਅਤੇ ਸਮਾਜ ਸੇਵਾ ਵਿੱਚ ਸਰਗਰਮ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਸਮਾਜਿਕ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਜੁੜੀ ਹੋਈ, ਅਤੇ ਇੱਕ ਅਮਰੀਕੀ ਯੂਨੀਵਰਸਿਟੀ ਤੋਂ ਸਮਾਜ ਸੇਵਾ ਵਿੱਚ ਆਨਰੇਰੀ ਡਾਕਟਰੇਟ ਪ੍ਰਾਪਤ, ਡਾ. ਤਨੁਜਾ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਏ ਹਨ। ਪੋਲੀਓ ਪੀੜਤ ਅਤੇ ਇੱਕ ਸਿੰਗਲ ਮਾਂ ਹੋਣ ਵਰਗੀਆਂ ਚੁਣੌਤੀਆਂ ਦੇ ਬਾਵਜੂਦ ਉਸਨੇ ਸਮਾਜ, ਸਾਹਿਤ ਅਤੇ ਪੱਤਰਕਾਰੀ ਵਿੱਚ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਯੋਗਦਾਨ ਪਾਇਆ ਹੈ। ਉਸਦੇ ਸੰਘਰਸ਼ ਅਤੇ ਸੇਵਾ ਦੀ ਭਾਵਨਾ ਦੀ ਵਿਆਪਕ ਤੌਰ 'ਤੇ ਸ਼ਲਾਘਾ ਕੀਤੀ ਗਈ ਹੈ। ਮੇਘਾ ਭੰਡਾਰੀ, ਐਮਏਐਸਟਰਜੀ ਅਤੇ ਏਡੀਏ ਸੰਦੀਪ ਚੌਹਾਨ ਇਸ ਸਮਾਗਮ ਵਿੱਚ ਮਹਿਮਾਨਾਂ ਵਜੋਂ ਮੌਜੂਦ ਸਨ। ਉਨ੍ਹਾਂ ਨੇ ਸਿੱਖਿਆ ਅਤੇ ਸ਼ਖਸੀਅਤ ਵਿਕਾਸ 'ਤੇ ਸੂਝਵਾਨ ਸੂਝਾਂ ਸਾਂਝੀਆਂ ਕੀਤੀਆਂ। ਬੁੱਧ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਨਿਤੇਸ਼ ਗੁਪਤਾ ਅਤੇ ਸੀਈਓ ਅਭਿਨਵ ਗੁਪਤਾ ਨੇ ਸਮਾਗਮ ਦੇ ਆਯੋਜਨ ਤੇ ਮੇਜ਼ਬਾਨੀ ਵਿੱਚ ਮੁੱਖ ਭੂਮਿਕਾ ਨਿਭਾਈ। ਕਾਨਫਰੰਸ ਵਿੱਚ NEP 2020, ਆਰਟੀਫੀਸ਼ੀਅਲ ਇੰਟੈਲੀਜੈਂਸ, ਯੋਗਤਾ-ਅਧਾਰਤ ਸਿੱਖਿਆ, ਭਵਿੱਖ ਦੇ ਹੁਨਰ ਅਤੇ ਸਾਫਟ ਸਕਿੱਲਜ਼ 'ਤੇ ਵਿਸ਼ੇਸ਼ ਪੈਨਲ ਚਰਚਾਵਾਂ ਕੀਤੀਆਂ ਗਈਆਂ, ਜਿਨ੍ਹਾਂ ਨੂੰ ਅਧਿਆਪਕਾਂ ਅਤੇ ਮਾਹਿਰਾਂ ਨੇ ਬਹੁਤ ਲਾਭਦਾਇਕ ਪਾਇਆ।